# ਵਰਿਆਮ

੩੮ਵਾਂ ਸਾਲ

ਅਕਤੂਬਰ ੨੦੧੩



25/-

੧੭-੧੮ ਜਨਵਰੀ ੧੮੭੨ ਵਿਚਕਾਰਲੀ ਰਾਤ, ਸ਼੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਰਾਮ ਸਿੰਘ ਜੀ ਅਤੇ ਸੇਵਕਾਂ ਦਾ ਪ੍ਰਦੇਸ ਗਵਨ ਦ੍ਰਿਸ਼। ਗਾਡੀਵਾਨ ਮਹੰਤ ਗੁਰਦਿਤ ਸਿੰਘ ਮੋਰੋਂ ਬਾਰੇ ਸ. ਸੁਵਰਨ ਸਿੰਘ ਵਿਰਕ ਦਾ ਵਿਸ਼ੇਸ਼ ਲੇਖ ਪੰਨਾ ੭ ਤੇ ਪੜ੍ਹੋ....

Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵਲੋਂ ਮਾਲਵੇ ਦਾ ਦੌਰਾ



ਕਲਸੀ ਇੰਡਸਟਰੀਜ਼ ਰਾਮਪੁਰਾ ਫੂਲ ਵਿਖੇ ਸੰਤ ਮੇਜਰ ਸਿੰਘ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰਦੇ ਹੋਏ



ਰਾਮਪੁਰਾ ਫੂਲ ਵਿਖੇ ਰਸਤੇ ਵਿੱਚ ਪ੍ਰਸੰਨ ਮੁਦਰਾ ਵਿੱਚ ਸ੍ਰੀ ਸਤਿਗੁਰੂ ਜੀ ਅਤੇ ਸੰਗਤ

Namdhari Elibrary NamdhariElibrary@gmail.com

# ਵਰਿਆਮ


ਅਕਤੂਬਰ -੨੦੧੩

ਜਿਲਦ-੩੮

ਅੰਕ- ੧੨



ਸੰਪਾਦਕ

ਜਗਦੀਸ਼ ਸਿੰਘ 'ਵਰਿਆਮ'

ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ

| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, Jalandhar-144001 |
| ਫੋਨ-:੦੧੮੧- ੨੨੨੨੫੪੩ | Ph. :0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੨੫-੦੦ |
| ਸਲਾਨਾ ਚੰਦਾ | ੨੫੦-੦੦ |
| ਪੰਜ ਸਾਲ ਲਈ | ੧੦੦੦-੦੦ |
| ਜੀਵਨ ਮੈਂਬਰ | ੨੫੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

# ਤਤਕਰਾ


ਅਠੱਤੀ ਸਾਲ ਦਾ ਸਫ਼ਰ—ਸੰਪਾਦਕ........................੨

ਆਤੰਕਵਾਦੀ ਪ੍ਰਵਿਰਤੀ—ਸੰਪਾਦਕ........................੩

ਗਿਆਨੀ ਜ਼ੈਲ ਸਿੰਘ, ਸਵਰਨ ਸਿੰਘ, ਸੁਰਜੀਤ, ਦਰਬਾਰਾ ਸਿੰਘ ਸਾਡੇ ਭੀਸ਼ਮ ਪਿਤਾਮਾ —ਤਰਲੋਚਨ ਸਿੰਘ ........................੫

ਕੂਕਿਆਂ ਦਾ 'ਸੁਮੰਤ'—ਮਹੰਤ ਗੁਰਦਿਤ ਸਿੰਘ 'ਮੌਰੋਂ' —ਸੁਵਰਨ ਸਿੰਘ ਵਿਰਕ ........................੭

ਕਾਲੇ ਦਿਨਾਂ ਦੀ ਕਹਾਣੀ —ਵਰਿਆਮ ਸਿੰਘ ਸੰਧੂ ......੧੬

ਹਰਾ ਧਨੀਆ —ਡਾ: ਹਰਸ਼ਿੰਦਰ ਕੌਰ ....................੨੨

ਗ਼ਜ਼ਲ —ਸਿਰੀ ਰਾਮ ਅਰਸ਼ ............................੨੪

ਗ਼ਜ਼ਲ —ਚਰਨ ਸੀਚੇਵਾਲਵੀ.........................੨੪

ਗ਼ਜ਼ਲ —ਪ੍ਰੋ. ਜਸਵੰਤ ਸਿੰਘ ਕੈਲਵੀ...................੨੪

ਕਵਿਤਾ -ਹਰਭਜਨ ਸਿੰਘ ਬਾਜਵਾ.....................੨੪

ਦਿਲ ਦੀ ਭਾਸ਼ਾ —ਪ੍ਰੋ. ਕੁਲਵੰਤ ਔਜਲਾ ................੨੫

ਦਿਲ ਵਰਗੀਆਂ ਕਵਿਤਾਵਾਂ —ਪ੍ਰੋ. ਕੁਲਵੰਤ ਔਜਲਾ...੨੫

ਅਧਿਆਪਕਾਂ ਨੂੰ—ਰਮੇਸ਼ ਬੱਗਾ ਚੋਹਲਾ...................੨੬

"ਭੂਆ-ਭਤੀਜੀ" —ਗੁਰਪ੍ਰੀਤ ਕੌਰ ਢਿਲੋਂ ...............੨੬

"ਕੀ ਏ ਕਸੂਰ ਮੇਰਾ" —ਗੁਰਪ੍ਰੀਤ ਕੌਰ ਢਿਲੋਂ ..........੨੬

ਸੰਤ ਕਰਮ ਸਿੰਘ ਬਾਲਮ —ਸੁਵਰਨ ਸਿੰਘ ਵਿਰਕ .......੨੯

ਸ਼ਹੀਦਾਂ ਦੇ ਪਰਿਵਾਰਾਂ ਨਾਲ ਮੇਲ ਜੋਲ —ਡਾ. ਲਖਵੀਰ ਸਿੰਘ ...........................੩੩

'ਜਸਜੀਤ' —ਸੁਵਰਨ ਸਿੰਘ ਵਿਰਕ....................੩੫

ਖ਼ਬਰਨਾਮਾ-.............................................੩੯

ਪ੍ਰਤੀਕਿਰਿਆ...........................................੪੪



ਈ-ਮੇਲ ਪਤਾ :

jagdishsinghwariam@gmail.com





Namdhari Elibrary NamdhariElibrary@gmail.com

# ਅਠੱਤੀ ਸਾਲ ਦਾ ਸਫ਼ਰ

ਵਰਿਆਮ ਇਸ ਅੰਕ ਨਾਲ ਆਪਣੀ ਜੀਵਨ ਯਾਤਰਾ ਦੇ ੩੮ ਸਾਲ ਤਸੱਲੀ ਪੂਰਬਕ ਸੰਪੂਰਨ ਕਰ ਰਿਹਾ ਹੈ। ੩੮ ਸਾਲ ਪਹਿਲਾਂ ਸੰਨ ੧੯੭੫ ਵਿਚ ਬਹੁਤ ਸਧਾਰਨ ਰੂਪ ਵਿੱਚ ਵਰਿਆਮ ਦਾ ਪੰਜਾਬੀ ਸਾਹਿਤ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਪ੍ਰਵੇਸ਼ ਹੋਇਆ ਸੀ। ਇਸ ਦੇ ਏਨੇ ਸਾਲ ਨਿਰਵਿਘਨ ਅਤੇ ਨਿਰੰਤਰ ਚਲਣ ਦੀ ਆਸ ਤਾਂ ਇਸ ਖੇਤਰ ਦੀਆਂ ਵਡੀਆਂ ਹਸਤੀਆਂ ਨੂੰ ਤਾਂ ਨਹੀਂ ਸੀ ਹੋਣੀ, ਅਸੀਂ ਖੁਦ ਵੀ ਇਸ ਬਾਰੇ ਨਿਸਚਿਤ ਨਹੀਂ ਸਾਂ। ਜਿਵੇਂ ਮਨੁੱਖ ਦੀ ਉਮਰ ਅਨਿਸਚਿਤ ਹੈ ਉਵੇਂ ਹੀ ਅਸੀਂ ਵਰਿਆਮ ਦੀ ਆਯੂ ਬਾਰੇ ਵੀ ਕਦੇ ਨਿਸਚਿੰਤ ਨਹੀਂ ਹੋਏ। ਹਰ ਮਹੀਨੇ ਬਾਦ ਇਵੇਂ ਮਹਿਸੂਸ ਹੁੰਦਾ ਹੈ ਕਿ ਇਕ ਨਵਾਂ ਸਵਾਸ ਪੂਰਾ ਹੋਇਆ ਹੈ। ਇਸੇ ਚਾਲ ਚਲਦਿਆਂ ਵਰਿਆਮ ਦੀ ਸਿਲਵਰ ਜੁਬਲੀ ਜਿਹੇ ਇਤਿਹਾਸਕ ਸਮਾਗਮ, ਮਹੱਤਵਪੂਰਨ ਵਿਸ਼ੇਸ਼ ਅੰਕਾਂ ਅਤੇ ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਕਾਰ ਜਿਹੇ ਪੜਾਅ ਲੰਘਦਿਆਂ ੩੮ ਸਾਲ ਗੁਜ਼ਰ ਗਏ ਹਨ। ਨਵੰਬਰ ਨੂੰ ਨਵੇਂ ਸਾਲ ਵਿਚ ਅਸੀਂ ਸਾਲਾਨਾ ਅੰਕ ਇਸ ਵਾਰ ਵੀ ਕਢਾਂਗੇ। ਵਰਿਆਮ ਦੇ ਹਿਤੈਸ਼ੀਆਂ ਮਿਤਰ ਮੰਡਲ ਪਿਆਰਿਆਂ ਨੂੰ ਬੇਨਤੀ ਹੈ ਕਿ ਮਹਿੰਗਾਈ ਦੇ ਇਸ ਵਿਕਟ ਸਮੇਂ ਵਿਚ ਵੀ ਪੂਰਾ ਸਹਿਯੋਗ ਦੇਣ। ਅਪਣੇ ਅਤੇ ਅਪਣੀਆਂ ਕਾਰੋਬਾਰੀ ਸੰਸਥਾਵਾਂ ਦੇ ਸੰਦੇਸ਼, ਇਸ਼ਤਿਹਾਰ ਅਤੇ ਖੂਬਸੂਰਤ ਤਸਵੀਰਾਂ ਜ਼ਰੂਰ ਪੁੱਜਦੀਆਂ ਕਰਨ ਅਤੇ ਨਾਲ ਹੀ ਮੌਕੇ ਤੇ ਢੁਕਦੇ ਲੇਖ ਰਿਪੋਰਟਾਂ ਵੀ। ਇਸ ਵਾਰ ਦਾ ਵਿਸ਼ੇਸ਼ ਅੰਕ ਸਤਿਗੁਰੂ ਜਗਜੀਤ ਸਿੰਘ ਦੀ ਪਵਿੱਤਰ ਯਾਦ, ਸਤਿਗੁਰੂ ਉਦੇ ਸਿੰਘ ਜੀ ਦੀ ਇਤਿਹਾਸਕ ਊਰਜਾ ਮੁਖੀ ਆਗਮਨ ਅਤੇ ਵਰਿਆਮ ਦੇ ਉਨਤਾਲੀਵੇਂ ਸਾਲ ਵਿੱਚ ਪਰਵੇਸ਼ ਨੂੰ ਸਪਰਪਿਤ ਹੋਵੇਗਾ।

ਇਸ ਅੰਕ ਦੇ ਮੁੱਖ ਪੰਨੇ 'ਤੇ ਜੋ ਤਸਵੀਰ ਛਪੀ ਹੈ, ਉਹ ਇਤਿਹਾਸਕ ਦੌਰ ਦੇ ਇਕ ਚੋਟੀ ਦੇ ਸਮੇਂ ਦੀ ਹੈ। ਨਾਮਧਾਰੀ ਇਤਿਹਾਸ ਕਾਲ ਨੂੰ ਇਸ ਘਟਨਾ ਦੇ ਪੂਰਵ ਕਾਲ ਅਤੇ ਉਤਰ ਕਾਲ ਵਿਚ ਵੰਡਿਆ ਜਾ ਸਕਦਾ ਹੈ। ਦੋਵੇਂ ਹੀ ਕਾਲ ਸ਼ਾਨਾਂ ਭਰੇ ਅਤੇ ਮਾਨ ਮੱਤੇ ਹਨ। ਇਸ ਚਿੱਤਰ ਵਿੱਚ ਅੱਜ ਤੱਕ ਵੀ ਸੂਰਜੀ ਤੇਜ ਵਾਂਗ ਲਿਸ਼ਕਦੀ ਉਹ ਹਸਤੀ ਹੈ ਜੋ ਹਰ ਤਰ੍ਹਾਂ ਦੇ ਬਦਲਾਂ ਝਖੜਾਂ, ਅਮਾਵਸਾਂ ਨੂੰ ਚੀਰ ਕੇ ਅੱਜ ਵੀ ਸੰਸਾਰ ਨੂੰ ਪ੍ਰਕਾਸ਼ ਮਾਨ ਕਰ ਰਹੀ ਹੈ। ਇਹ ਹਸਤੀ ਹੈ ਮਹਾਨ ਤੋਂ ਮਹਾਨਤਮ ਸਤਿਗੁਰੂ ਰਾਮ ਸਿੰਘ ਜੀ ਦੀ। ਪਰ ਇਸ ਤਸਵੀਰ ਵਿਚ ਦਿਸਦੇ ਅਣਦਿਸਦੇ ਸਭ ਪਾਤਰ ਹੀ ਹੀਰੋ ਹਨ। ਆਜ਼ਾਦੀ ਸੰਗਰਾਮ ਦੇ ਵੀ ਤੇ ਲੋਕ ਮਨਾਂ ਦੇ ਵੀ। ਕੁਰਬਾਨੀਆਂ ਦੇ ਜਿਉਂਦੇ ਜਾਗਦੇ ਸਰੂਪ।

ਇਸ ਤਸਵੀਰ ਦਾ ਇੱਕ ਘੱਟ ਚਰਚਿਤ ਪਾਤਰ ਹੈ ਗੱਡੇ ਨੂੰ ਚਲਾਉਣ ਵਾਲਾ ਗਾਡੀਵਾਨ ਮਹੰਤ ਗੁਰਦਿਤ ਸਿੰਘ ਮੋਰੋਂ ਜਿਸ ਦੇ ਸਬੰਧ ਵਿਚ ਪਹਿਲੀ ਵਾਰ ਇਕ ਮਹੱਤਵ ਪੂਰਨ ਲੇਖ ਸਤਿਕਾਰਤ ਵਿਚਾਰਵਾਨ ਲੇਖਕ ਸ. ਸੁਵਰਨ ਸਿੰਘ ਵਿਰਕ ਨੇ ਆਪਣੀ ਰਵਾਇਤੀ ਖੋਜ ਪ੍ਰਵਿਰਤੀ ਨਾਲ ਲਿਖਿਆ ਹੈ।

ਵਰਿਆਮ ਨਾਲ ਇਸ ਤਸਵੀਰ ਦਾ ਸਬੰਧ ਇਕ ਹੋਰ ਪਾਸਿਓਂ ਵੀ ਹੈ। ਇਸ ਤਸਵੀਰ ਅਤੇ ਅਜਿਹੀਆਂ ਹੋਰ ਮੂਰਤਾਂ ਬਨਾਉਣ ਵਾਲੇ ਕਲਾਕਾਰ ਦਾ ਨਾਮ ਵੀ ਵਰਿਆਮ ਸਿੰਘ ਸੀ। ਵਰਿਆਮ ਸਿੰਘ ਜੋ ਆਪਣੀਆਂ ਸੁੰਦਰ ਤਸਵੀਰਾਂ ਨੂੰ ਵੇਖ ਆਪ ਵੈਰਾਗੀ ਵਿਦੇਹੀ ਮਸਤਾਨਾ ਹੋ ਜਾਂਦਾ ਸੀ ਅਤੇ ਘੰਟਿਆਂ ਬੱਧੀ ਸੂਤਰ ਦੀ ਮੁਦਰਾ ਵਿਚ ਨਾ ਥਕਾਵਟ ਤੋਂ ਡਰਦਾ ਨਾ ਅੱਗ ਤੋਂ ਨਾ ਪਾਣੀ ਤੋਂ। ਬ੍ਰਿਹਾ ਵਿਯੋਗ ਦੀ ਐਸੀ ਮੂਰਤ ਐਸਾ ਕੂਕ ਧਾਰੀ ਕਿ ਜੇ ਕਿਸੇ ਨੂੰ ਪ੍ਰਮਾਣੀਕ ਕੂਕੇ ਦੇ ਦਰਸ਼ਨ ਕਰਾਉਣੇ ਹੋਣੇ ਤਾਂ ਉਹ ਵਰਿਆਮ ਸਿੰਘ ਮੁਸੱਵਰ (ਆਰਟਿਸਟ) ਸੀ।

ਇਹਨਾਂ ਦਿਨਾਂ ਵਿਚ ਹੀ ਇਕ ਹੋਰ ਹੀਰੋ ਵੀ ਉਭਰਿਆ। ਵਰਿਆਮ ਸਿੰਘ ਜੋ ਪੈਰਾਂ ਹੇਠ ਮਿਟੀ ਦੀਆਂ ਢਿਗਾਂ ਰੱਖ ਕੇ ਉੱਚਾ ਹੋਇਆ ਅਤੇ ਤੋਪ ਦਾ ਹਾਣੀ ਬਣ ਕੇ ਸ਼ਹੀਦ ਹੋਇਆ, ਜਿਸ ਦੇ ਨਾਂਅ ਤੇ ਸਾਡੇ ਮਾਸਕ ਪੱਤਰ ਦਾ ਨਾਮਕਰਨ ਕੀਤਾ ਗਿਆ ਹੈ। ਵਰਿਆਮ ਦੇ ਮੁੱਖ ਪੰਨੇ ਵਾਲੇ ਹੀਰੋ ਕੁਝ ਦੇਸ਼ ਬਦਰ ਕੀਤੇ ਗਏ ਕੁਝ ਜੇਲਾਂ, ਵਿਚ ਸ਼ਹੀਦ ਹੋਏ, ਕੁਝ ਸਿੰਘ ਮਲੇਰਕੋਟਲੇ ਤੋਪਾਂ ਨਾਲ ਉਡਾਏ ਗਏ, ਕੁਝ ਕਾਲੇ ਪਾਣੀ ਅਤੇ ਉਮਰ ਕੈਦਾਂ ਭੋਗਦੇ ਰਹੇ ਪਰ ਗੁਰਦਿਤ ਸਿੰਘ ਮਹੰਤਾ ਇਸ ਘਟਨਾ ਬਾਦ ਸਾਰੀ ਉਮਰ ਸਾਹ ਵੀ ਲੈਂਦਾ ਰਿਹਾ ਪਰ ਸ਼ਹਾਦਤ ਵੀ ਭੋਗਦਾ ਰਿਹਾ, ਬਿਰਹਾ ਵਿਯੋਗ ਅਤੇ ਵਿਛੋੜੇ ਦੀ ਪੀੜ


NamdhariElibrary NamdhariElibrary@gmail.com

ਵੀ ਭੋਗਦਾ ਰਿਹਾ। ਇਸ ਦੇ ਨਾਲ ਹੀ ਉਹ ਹਿੱਕ ਤਾਣ ਕੇ ਸਿਰ ਉਚਾ ਕਰ ਕੇ ਵੀ ਸ਼ਹੀਦੀ ਭੋਗਦਾ ਰਿਹਾ।

ਮਹੰਤ ਗੁਰਦਿਤ ਸਿੰਘ, ਵਰਿਆਮ ਸਿੰਘ ਮੁਸੱਵਰ ਸ਼ਹੀਦ ਵਰਿਆਮ ਸਿੰਘ ਅਤੇ ਸੁਵਰਨ ਸਿੰਘ ਵਿਰਕ ਦੀ ਅਕੀਦਤ ਵਿਚ ਸਿਰ ਝੁਕਦਾ ਹੈ।

*-ਜਗਦੀਸ਼ ਸਿੰਘ ਵਰਿਆਮ*

# ਆਤੰਕਵਾਦੀ ਪ੍ਰਵਿਰਤੀ

ਪੂਰਬੀ ਅਫਰੀਕਾ ਦੇ ਪ੍ਰਸਿਧ ਦੇਸ਼ ਕੀਨੀਆ ਦੀ ਰਾਜਧਾਨੀ ਨੈਰੋਬੀ ਵਿਚ ਆਤੰਕਵਾਦੀ ਟੋਲੇ ਨੇ ਉਥੋਂ ਦੇ ਇਕ ਮਾਲ (ਵਪਾਰਕ ਕੇਂਦਰ, ਵੱਡੇ ਬਜ਼ਾਰ) ਵਿਚ ਭੀੜ ਵਾਲੇ ਸਮੇਂ ਵਿਚ ਗੋਲੀਆਂ ਚਲਾ ਕੇ ਲੋਕਾਂ ਦਾ ਧਰਮ ਪੁੱਛ ਪੁੱਛ ਕੇ ਭੁੰਨਿਆ ਹੈ। ਕਈ ਦਿਨ ਚਲੇ ਮੁਕਾਬਲੇ ਬਾਦ ਅਤੇ ਸੈਂਕੜੇ ਬੇ ਗੁਨਾਹਾਂ ਦੀਆਂ ਮੌਤਾਂ ਬਾਦ ਉਥੇ ਸ਼ਾਂਤੀ ਮੁੜ ਬਹਾਲ ਹੋਈ ਹੈ। ਨੈਰੋਬੀ ਸ਼ਾਂਤ ਵਾਤਾਵਰਨ ਵਾਲਾ ਅਤੇ ਸੁਹਾਵਣੇ ਮੌਸਮ ਵਾਲਾ ਸ਼ਹਿਰ ਮੰਨਿਆ ਜਾਂਦਾ ਹੈ। ਕੁਝ ਸਾਲ ਪਹਿਲਾਂ ਅਮਰੀਕਨ ਅੰਬੈਸੀ ਦੀ ਇਮਾਰਤ ਤੇ ਤਬਾਹ ਕੁੰਨ ਹਮਲਾ ਹੋਇਆ ਸੀ ਜਿਸ ਵਿਚ ਹੁਣ ਪਾਕਿਸਤਾਨ ਵਿਚ ਮਾਰੇ ਗਏ ਆਤੰਕਵਾਦੀ ਓਸਾਮਾ ਬਿਨ ਲਾਦੇਨ ਦਾ ਹੱਥ ਦਸਿਆ ਗਿਆ ਸੀ। ਅਜਿਹਾ ਹਮਲਾ ਗਵਾਂਢੀ ਦੇਸ਼ ਤਨਜ਼ਾਨੀਆ ਵਿਚ ਵੀ ਹੋਇਆ ਸੀ।

ਅਜੇ ਕਲ ਦੀ ਹੀ ਗੱਲ ਹੈ ਕਿ ਪਾਕਿਸਤਾਨ ਦੇ ਮਸ਼ਹੂਰ ਸ਼ਹਿਰ ਪਿਸ਼ਾਵਰ ਵਿਚ ਈਸਾਈਆਂ ਦੇ ਗਿਰਜੇ ਤੇ ਮਾਰੂ ਹਮਲੇ ਵਿਚ ਸੈਂਕੜਾ ਦੇ ਕਰੀਬ ਨਿਹੱਥੇ ਬੇਬਸ ਲੋਕ ਮਾਰੇ ਗਏ ਸਨ।

ਮਰਨ ਵਾਲੇ ਲੋਕਾਂ ਨੂੰ ਉਹਨਾਂ ਦੇ ਮਜ਼ਹਬ ਕਾਰਨ ਚੁਣ ਕੇ ਨਿਸ਼ਾਨਾਂ ਬਣਾ ਕੇ ਮਾਰਿਆ ਗਿਆ। ਦੁਨੀਆਂ ਦੇ ਸਭ ਤੋਂ ਅਮੀਰ ਅਤੇ ਸ਼ਕਤੀਸ਼ਾਲੀ ਦੇਸ਼ ਯੂ.ਐਸ.ਏ. ਅਮਰੀਕਾ ਵਿਚ ਵੀ ਗੁਰਦੁਆਰਿਆਂ ਅਤੇ ਸਿੱਖ ਯੁਵਕਾਂ ਤੇ ਹਮਲੇ ਹੋਏ ਹਨ। ਸਾਡੇ ਦੇਸ਼ ਭਾਰਤ ਵਿੱਚ ਅਜੇ ਸੰਨ ਚੁਰਾਸੀ ਦੇ ਸਿੱਖ ਵਿਰੋਧੀ ਘਲੂਘਾਰੇ ਦੀ ਬਾਤ ਅਜੇ ਤਾਜ਼ੀ ਹੀ ਹੈ। ਨਾਲ ਹੀ ਪਹਿਲਾਂ ਗੁਜਰਾਤ ਵਿੱਚ ਮਜ਼ਹਬ ਆਧਾਰਤ ਭਿਆਨਕ ਦੰਗੇ ਕੀਤੇ ਗਏ ਹੁਣੇ-ਹੁਣੇ ਯੂ.ਪੀ. ਵਿਚ ਹਰਿਆਣੇ ਨਾਲ ਲਗਦੇ ਸ਼ਹਿਰ ਮੁਜ਼ਫਰਨਗਰ ਵਿਚ ਵੀ ਫਿਰਕੂ ਫਸਾਦਾਂ ਵਿਚ ਇਕ ਧਰਮ ਦੇ ਮੰਨਣ ਵਾਲਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਕਿਤੇ ਦੰਗਾ ਫਸਾਦ ਹੋਵੇ, ਅੱਤਵਾਦੀ ਕਾਰਵਾਈ ਹੋਵੇ ਬੁਰਛਾ ਗਰਦੀ ਹੋਵੇ ਕਾਰਨ ਕੋਈ ਵੀ ਹੋਵੇ ਨਿਰਦੋਸ਼ ਲੋਕ ਔਰਤਾਂ ਅਤੇ ਬੱਚੇ ਬੁਰੀ ਤਰ੍ਹਾਂ ਸ਼ਿਕਾਰ ਹੁੰਦੇ ਹਨ। ਇਸ ਦੇ ਪਿਛੇ ਵਡੀਆਂ ਘਿਨਾਉਣੀਆਂ ਤਾਕਤਾਂ ਹੁੰਦੀਆਂ ਹਨ। ਸਥਾਨਕ ਕਾਰਨ ਭਾਵੇਂ ਵੱਖ-ਵੱਖ ਹੋਣ ਪਰਦੇ ਪਿਛੇ ਸਿਆਸੀ ਮਨੋਰਥ ਵੀ ਕੰਮ ਕਰਦੇ ਹਨ। ਦੁਨੀਆਂ ਦੇ ਸਿਆਣੇ ਆਗੂਆਂ ਵੱਲੋਂ ਇਸ ਆਤੰਕੀ ਪ੍ਰਵਿਰਤੀ ਨੂੰ ਤਗੜੇ ਹਥੀਂ ਰੋਕਿਆ ਨਾ ਗਿਆ ਤਾਂ ਵਿਕਾਸ ਕਰਦੀ ਤਕਨਾਲੋਜੀ ਰਾਹੀਂ ਸਰਵਨਾਸ਼ ਦਾ ਰਾਹ ਹੋਰ ਪੱਧਰਾ ਹੋ ਜਾਏਗਾ। ਸਮੁੱਚੀ ਮਨੁੱਖਤਾ ਨੂੰ ਸੁਚੇਤ ਹੋ ਕੇ ਇਸ ਪ੍ਰਵਿਰਤੀ ਦਾ ਮੁਕਾਬਲਾ ਕਰਨਾ ਪਵੇਗਾ।

## ਅੱਜ ਨਾਮਾ

ਸ਼ਹਿਰ ਯੂ ਪੀ ਦੇ ਇੱਕ ਦਾ ਪਿਆ ਰੌਲਾ,
ਫਿਰਕੂ ਰੱਫੜ ਤੇ ਲੋਕ ਹਨ ਲੜੇ ਮੀਆਂ।
ਵਿਚਲੀ ਗੱਲ ਕਿ ਜਾਂਦੀ ਪਈ ਕੁੜੀ ਕੋਈ,
ਰਾਹ ਦੇ ਵਿੱਚ ਮੁਸ਼ਟੰਡੇ ਸਨ ਖੜੇ ਮੀਆਂ।
ਛੇੜ-ਛਾੜ ਤੋਂ ਕਿਸੇ ਵਰਜਿਆ ਨਾ,
ਕਰਦੇ ਭੱਦੇ ਇਸ਼ਾਰੇ ਰਹੇ ਬੜੇ ਮੀਆਂ।
ਮਾਪੇ ਕੁੜੀ ਦੇ ਕਰਨ ਲਈ ਗੱਲ ਪਹੁਚੇ,
ਫਿਰਕੂ ਦੋਸ਼ ਸੀ ਛੋਕਰਿਆਂ ਘੜੇ ਮੀਆਂ।
ਛੇੜ-ਛਾੜ ਤੋਂ ਵਿਗੜ ਗਈ ਗੱਲ ਸਾਰੀ,
ਫਿਰਕੇ ਦੋਹਾਂ ਦਾ ਹੋ ਗਿਆ ਭੇੜ ਮੀਆਂ।
ਬੰਦੇ ਦਰਜਨ ਤੋਂ ਵੱਧ ਹਨ ਕਤਲ ਹੋਏ,
ਆ ਗਈ ਸ਼ੀਸ਼ੇ ਦੇ ਵਿੱਚ ਤਰੇੜ ਮੀਆਂ।

*-ਤੀਸ ਮਾਰ ਖਾਂ*

*ਨਵਾਂ ਜ਼ਮਾਨਾ, 9-9-2013*


NamdhariElibrary NamdhariElibrary@gmail.com

# ਸਹਿਯੋਗ

| | |
|---|---|
| - ਸ. ਸਾਧੂ ਸਿੰਘ ਕਿਸਾਨ ਰਾਣੀਆਂ | 1000-00 |
| - ਸ. ਕਰਨੈਲ ਸਿੰਘ ਅਸਪਾਲ ਕਰੀਵਾਲਾ (ਸਿਰਸਾ) | 500-00 |
| - ਸ. ਸੁਵਰਨ ਸਿੰਘ ਵਿਰਕ ਕਰੀਵਾਲਾ | 500-00 |
| ਸ. ਸਾਧੂ ਸਿੰਘ ਕਿਸਾਨ | 1000-00 |
| - ਸ. ਸਾਧੂ ਸਿੰਘ ਕਿਸਾਨ ਇਨਾਮ ਦੀ ਖੁਸ਼ੀ ਵਿੱਚ | 500-00 |
| - ਸ. ਅਮਰੀਕ ਸਿੰਘ ਜਤਿੰਦਰ ਸਿੰਘ ਚਿੰਕਾ ਬਸਤੀ ਬੂਰੇ ਖਾਂ ਜਲੰਧਰ | |
| - ਸਤਿਗੁਰੂ ਉਦੈ ਸਿੰਘ ਜੀ ਵੱਲੋਂ ਗ੍ਰਹਿ ਪਵਿਤਰ (ਚਰਨ ਪਾਉਣ) ਦੀ ਖੁਸ਼ੀ ਵਿਚ | 500-00 |
| - ਇੰਜ. ਕਰਮਜੀਤ ਸਿੰਘ-ਹਰਜਿੰਦਰ ਕੌਰ ਰਣਜੀਤ ਮੈਮੋਰੀਅਲ ਚੈਰੀਟੇਬਲ ਰਜਿ. ਆਦਮਪੁਰ ਦੁਆਬਾ | 500-00 |
| - ਸ. ਕੁਲਦੀਪ ਸਿੰਘ ਫਸਟ ਹੋਟਲ ਗੁਰਦੁਆਰਾ ਰੋਡ ਕਰੋਲ ਬਾਗ ਨਵੀਂ ਦਿੱਲੀ | 1100-00 |
| - ਸ. ਅਜੀਤ ਸਿੰਘ ਸੱਗੂ ਯੂ. ਕੇ ਨਵੇਂ ਘਰ ਵਿਚ ਹਵਨ ਕਰਵਾਉਣ ਦੀ ਖੁਸ਼ੀ ਵਿਚ | 10 ਪੌਂਡ |
| - ਸ. ਤਰਲੋਕ ਸਿੰਘ ਭੰਵਰਾ ਯੂ. ਕੇ | 20 ਪੌਂਡ |
| - ਸ. ਪਰਮਵੀਰ ਸਿੰਘ ਆਇਰਲੈਂਡ ਘਰ ਵਿਚ ਨਾਮ ਸਿਮਰਨ ਨਿਤਨੇਮ ਸਮੇਂ | 15 ਯੂਰੋ |
| - ਸ. ਪਰਮਜੀਤ ਸਿੰਘ ਨਿਓਤੇ ਆਇਰਲੈਂਡ ਸਹਾਇਤਾ | 50 ਯੂਰੋ |

## ਹਿੰਦੀ ਸਾਹਿਤ ਸੰਮੇਲਨ ਸਿਰਸਾ ਵੱਲੋਂ ਹਿੰਦੀ ਰਚਨਾਕਾਰਾਂ ਦਾ ਸਨਮਾਨ

੧੫ ਸਤੰਬਰ ਨੂੰ ਹਿੰਦੀ ਸਾਹਿਤ ਸੰਮਲੇਨ ਵੱਲੋਂ ਸਿਰਸਾ ਇਲਾਕੇ ਦੇ ਹਿੰਦੀ ਰਚਨਾਕਾਰਾਂ ਤੇ ਹਿੰਦੀ ਪ੍ਰੇਮੀਆਂ ਦਾ ਸਨਮਾਨ ਕੀਤਾ ਗਿਆ ਜਿਸ ਵਿੱਚ ਹੇਠ ਲਿਖੇ ਸਾਹਿਤਕਾਰਾਂ ਨੂੰ ਸਨਮਾਨਤ ਕੀਤਾ ਗਿਆ।

ਮਾਸਟਰ ਅਮਰੀਕ ਸਿੰਘ, ਡਾ. ਗੁਰਾਂਦੱਤਾ ਚੌਧਰੀ, ਡਾ. ਦਰਸ਼ਨ ਸਿੰਘ, ਸ. ਹਰੀ ਸਿੰਘ ਦਿਲਬਰ, ਸ. ਸੁਖਚੈਨ ਸਿੰਘ ਭੰਡਾਰੀ ਅਤੇ ਹੋਰ ਸੱਜਣਾਂ ਨੂੰ ਵੀ ਸਨਮਾਨਤ ਕੀਤਾ ਗਿਆ। ਇਹ ਉਪਰਾਲਾ ਹਿੰਦੀ ਸਾਹਿਤ ਸੰਮੇਲਨ ਦੇ ਪ੍ਰਧਾਨ ਪ੍ਰੋਫੈਸਰ ਰੂਪ ਦੇਵਗੁਣ ਹੁਰਾਂ ਕੀਤਾ ਜੋ ਆਪ ਬੜੇ ਮਸ਼ਹੂਰ ਸਾਹਿਤਕਾਰ ਹਨ। ਬਾਅਦ ਵਿੱਚ ਸਨਮਾਨਤ ਸਾਹਿਤਕਾਰਾਂ ਨੇ ਅਪਣੀਆਂ ਰਚਨਾਵਾਂ ਸੁਨਾਈਆਂ। ਰਮਿੰਦਰ ਸਿੰਘ ਨੇ ਦੋ ਗ਼ਜ਼ਲਾਂ ਗਾ ਕੇ ਸੁਣਾਈਆਂ ਮਾ. ਅਮਰੀਕ ਸਿੰਘ ਨੇ ਆਪਣੀਆਂ ਦੋ ਗ਼ਜ਼ਲਾਂ ਡਾ. ਚੌਧਰੀ ਨੇ ਆਪਣੀ ਗ਼ਜ਼ਲ ਤਰਨੰਮ ਵਿਚ ਸੁਨਾਈ। ਹਰੀ ਸਿੰਘ ਦਿਲਬਰ ਨੇ ਚੌਕਿਆਂ ਛੌਕਿਆਂ ਨਾਲ ਸਰੋਤਿਆਂ ਦੇ ਢਿੱਡੀਂ ਪੀੜਾਂ ਪਾਈਆਂ। ਸਨਮਾਨਤ ਸੱਜਣਾਂ ਨੂੰ ਗਿਆਰਾਂ, ਗਿਆਰਾ ਸੋ ਰੁਪੇ, ਮੋਮੈਂਟੋ, ਪ੍ਰਸੰਸਾ ਪੱਤਰ, ਸ਼ਾਲ ਤੇ ਇੱਕ ਚਿੱਟੇ ਮੋਤੀਆਂ ਦੀ ਮਾਲਾ ਹਰ ਇਕ ਨੂੰ ਦਿੱਤੀ ਗਈ।

## ਸ੍ਰੀ ਭੈਣੀ ਸਾਹਿਬ ਵਿਖੇ ਸਾਲਾਨਾ ਜੱਪ ਪ੍ਰਯੋਗ

ਸ੍ਰੀ ਭੈਣੀ ਸਾਹਿਬ ਵਿਖੇ ਸਾਲਾਨਾ ਜੱਪ ਪ੍ਰਯੋਗ (ਅੱਸੂ ਦਾ ਮੇਲਾ) ਚੱਲ ਰਿਹਾ ਹੈ ਜਿਸ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਮਾਈ ਭਾਈ ਹਰ ਰੋਜ਼ ਨਾਮ ਸਿਮਰਨ ਅਭਿਆਸ ਕਰ ਰਹੇ ਹਨ ਕੀਰਤਨ ਕਥਾ ਅਤੇ ਗੁਰੂ ਦਰਸ਼ਨ ਦਾ ਪਰਵਾਹ ਚੱਲ ਰਿਹਾ ਹੈ। ਵੱਖ-ਵੱਖ ਸਮਾਗਮ ਲਗਾਤਾਰ ਹੋ ਰਹੇ ਹਨ। ਪਰਯੋਗ ਤੋਂ ਬਾਅਦ ਵੱਡਾ ਮੇਲਾ ਹੋਵੇਗਾ ਜਿਸ ਦਾ ਭੋਗ ੧੭ ਅਕਤੂਬਰ ੨੦੧੩ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਅਤੇ ਅਨੰਦਕਾਰਜਾਂ ਤੋਂ ਬਾਅਦ ਪਵੇਗਾ।

ਵਰਿਆਮ ਵੱਲੋਂ ੧੫-੧੬-੧੭ ਅਕਤੂਬਰ ਨੂੰ ਉਥੇ ਸਟਾਲ ਲੱਗੇਗਾ। ਪਾਠਕ ਸਜਣ ਵਰਿਆਮ ਦੇ ਚੰਦੇ, ਸਹਾਇਤਾ, ਇਸ਼ਤਿਹਾਰ ਆਦਿਕ ਉਥੇ ਜਮ੍ਹਾ ਕਰਾਉਣ ਨਾ ਭੁੱਲਣ। ਚੰਦੇ ਨਾ ਆਉਣ ਦੀ ਸੂਰਤ ਵਿੱਚ ਪਰਚਾ ਬਗੈਰ ਸੂਚਨਾ ਤੋਂ ਭੇਜਣਾ ਬੰਦ ਹੋ ਸਕਦਾ ਹੈ।

*-ਮੈਨੇਜਰ ਵਰਿਆਮ*


NamdhariElibrary NamdhariElibrary@gmail.com

# ਗਿਆਨੀ ਜ਼ੈਲ ਸਿੰਘ, ਸਵਰਨ ਸਿੰਘ, ਸੁਰਜੀਤ, ਦਰਬਾਰਾ ਸਿੰਘ ਸਾਡੇ ਭੀਸ਼ਮ ਪਿਤਾਮਾ



—ਤਰਲੋਚਨ ਸਿੰਘ
ਸਾਬਕਾ ਐਮ. ਪੀ.

ਮਹਾਂਭਾਰਤ ਦੀ ਜਦ ਕਥਾ ਸੁਣਦੇ ਹਾਂ ਸਾਰੇ ਇਹ ਸਵਾਲ ਕਰਦੇ ਹਨ ਕਿ ਭੀਸ਼ਮ ਪਿਤਾਮਾ ਜਿਸਦੀ ਹਰ ਪਾਸੇ ਕਦਰ ਸੀ, ਉਸਦੇ ਸਾਹਮਣੇ ਸਾਰੇ ਹੁਕਮ ਮੰਨਦੇ ਸਨ, ਫਿਰ ਉਸ ਸਮੇਂ ਮਹਾਂਭਾਰਤ ਦਾ ਯੁੱਧ ਕਿਉਂ ਹੋਇਆ। ਇਤਿਹਾਸ ਕਦੇ ਵੀ ਭੀਸ਼ਮ ਪਿਤਾਮਾ ਦੀ ਚੁੱਪ ਨੂੰ ਮੁਆਫ ਨਹੀਂ ਕਰ ਸਕਦਾ।

ਪੰਜਾਬ ਵਿਚ ਜੋ ਵਾਪਰਿਆ ਉਸਦੀ ਸਮੀਖਿਆ ਕਦੇ ਅਸੀਂ ਕਰਦੇ ਨਹੀਂ। ਅਸੀਂ ਜੋ ਹੋਇਆ ਉਸਨੂੰ ਭੁੱਲ ਜਾਂਦੇ ਹਾਂ। ਉਸਤੋਂ ਹੋਈਆਂ ਗਲਤੀਆਂ ਨਹੀਂ ਲੱਭਦੇ। ਪੰਜਾਬ ਨੇ ਬੜਾ ਸੰਤਾਪ ਭੁਗਤਿਆ ਹੈ। ੧੯੪੭ ਵਿਚ ਆਜ਼ਾਦੀ ਤਾਂ ਮਿਲ ਗਈ ਪਰ ਵੱਡਾ ਪੰਜਾਬ ਪਾਕਿਸਤਾਨ ਲੈ ਗਿਆ। ਫਿਰ ਬੜੀ ਐਜੀਟੇਸ਼ਨ ਪਿੱਛੋਂ ੧੯੬੬ ਵਿਚ ਅਸੀਂ ਹਰਿਆਣਾ ਤੇ ਹਿਮਾਚਲ ਬਣਾ ਕੇ ਦੇ ਦਿੱਤੇ। ਅੱਜਕਲ੍ਹ ਆਂਧਰਾ ਸੂਬਾ ਵਿਚ ਤਲੰਗਾਨਾ ਵੱਖਰਾ ਸੂਬਾ ਦੀ ਐਜੀਟੇਸ਼ਨ ਚੱਲ ਰਹੀ ਹੈ। ਇਕ ਪਾਸੇ ਤਲੰਗਾਨਾ ਦੇ ਹੱਕ ਵਿਚ ਰੈਲੀਆਂ ਹਨ ਪਰ ਇਕ ਧੜਾ ਇਸ ਵੰਡ ਦੇ ਵਿਰੁੱਧ ਹੈ। ਪਾਰਲੀਮੈਂਟ ਵਿਚ ੧੧ ਮੈਂਬਰ ਕਈ ਦਿਨ ਰੌਲਾ ਪਾਉਂਦੇ ਰਹੇ ਕਿ ਆਂਧਰਾ ਨਾ ਵੰਡਿਆ ਜਾਵੇ। ਕਮਾਲ ਹੈ ਇਹ ੧੩ ਐਮ. ਪੀ. ਪਾਰਲੀਮੈਂਟ ਵਿਚੋਂ ਕੱਢ ਦਿੱਤੇ ਗਏ ਕਿਉਂ ਜੋ ਉਹ ਆਂਧਰਾ ਦੀ ਵੰਡ ਵਿਰੁੱਧ ਸਨ। ਪਰ ਜਦ ਪੰਜਾਬ ਵੰਡਣ ਦੀ ਗੱਲ ਜ਼ੋਰ ਨਾਲ ਉਠੀ, ਇਕ ਲੀਡਰ ਵੀ ਪੰਜਾਬ ਨੂੰ ਕਾਇਮ ਰੱਖਣ ਲਈ ਨਾ ਬੋਲਿਆ। ਸ. ਪ੍ਰਤਾਪ ਸਿੰਘ ਕੈਰੋਂ ਦੋ ਸਾਲ ਪਹਿਲਾਂ ਇਹ ਦੁਨੀਆਂ ਛੱਡ ਗਿਆ ਸੀ। ਕਾਂਗਰਸ ਦੇ ਲੀਡਰ ਚਾਹੁੰਦੇ ਹੋਏ ਵੀ ਆਵਾਜ਼ ਨਾ ਕੱਢ ਸਕੇ। ਅੱਜ ਮੁੜ ਚਰਚਾ ਹੋਣ ਲੱਗ ਪਈ ਹੈ ਕਿ ਛੋਟਾ ਪੰਜਾਬ ਤੋਂ ਕੀ ਖੱਟਿਆ ਤੇ ਕੀ ਗਵਾਇਆ। ਸਿਆਸੀ ਲਾਭ ਤੇ ਮਾਲੀ ਨੁਕਸਾਨ ਦੇ ਹਿਸਾਬ ਲੱਗ ਰਹੇ ਹਨ। ਉਸ ਸਮੇਂ ਸ. ਸਵਰਨ ਸਿੰਘ, ਸ. ਦਰਬਾਰਾ ਸਿੰਘ ਤੇ ਗਿਆਨੀ ਜ਼ੈਲ ਸਿੰਘ, ਗੁਰਦਿਆਲ ਸਿੰਘ ਢਿੱਲੋਂ ਕਾਂਗਰਸ ਪਾਰਟੀ ਦੇ ਲੀਡਰ ਸਨ। ਉਹ ਚੁੱਪ ਚਾਪ ਸਾਰਾ ਕੁਝ ਵੇਖਦੇ ਰਹੇ ਸਨ।

ਪਰ ਜੋ ਅਤਿ ਦੁਖਦਾਇਕ ਇਤਿਹਾਸਕ ਸਮਾਂ ਪੰਜਾਬ ਨੇ ਹੰਡਾਇਆ ਉਹ ਸੀ ੧੯੮੪, ਇਹ ਨਾਂ ਲੈਂਦੇ ਹਰ ਇਕ ਯਾਦ ਕਰਦਾ ਹੈ ਕਿ ਹਜ਼ਾਰਾਂ ਜਾਨਾਂ ਕਿਵੇਂ ਮੌਤ ਦੇ ਘਾਟ ਉਤਰੀਆਂ। ਕਿਵੇਂ ਭਾਰਤੀ ਫੌਜ ਧਾਰਮਕ ਅਸਥਾਨ ਤੇ ਹਮਲਾ ਕਰਨ ਗਈ। ਅੱਜ ਦਾ ਵਿਸ਼ਾ ਹੈ ਕਿ ਜਦ ਇਹ ਖੂਨੀ ਹੋਲੀ ਖੇਡੀ ਗਈ ਸੀ ਉਸ ਵਕਤ ਸਾਡੇ ਭੀਸ਼ਮ ਪਿਤਾਮਾ ਕਿਉਂ ਚੁੱਪ ਰਹੇ। ਹਰ ਕੋਈ ਜਾਣਦਾ ਹੈ ਕਿ ੧੯੮੦ ਵਿਚ ਭਾਰਤ ਦੀ ਸਿਆਸਤ ਵਿਚ ਚਾਰ ਉੱਘੇ ਨਾਂ ਮੰਨੇ ਗਏ ਸਨ। ਸ. ਸਵਰਨ ਸਿੰਘ ਜੋ ੧੯੫੭ ਤੋਂ ਭਾਰਤ ਦੇ ਵਜ਼ੀਰ ਰਹੇ ਸਨ। ਹਰ ਮਹਿਕਮਾ ਇਹਨਾਂ ਕੋਲ ਰਿਹਾ। ਹਰ ਭਾਰਤ ਦੀ ਮੁਸ਼ਕਿਲ ਇਹਨਾਂ ਹੱਥੋਂ ਹੱਲ ਹੋਈ। ਯੂ. ਐਨ. ਓ. ਵਿਚ ਵਧੀਆ ਬੁਲਾਰੇ ਬਣੇ। ਸ਼ਿਮਲੇ ਵਿਚ ਭੁੱਟੋ ਨਾਲ ਗੱਲਬਾਤ ਕਰਨ ਦਾ ਜ਼ੁੰਮਾ ਇਹਨਾਂ ਦਾ ਸੀ। ਪਾਠਕਾਂ ਨੂੰ ਯਾਦ ਕਰਵਾ ਦੇਵਾਂ ਕਿ ਸ. ਸਵਰਨ ਸਿੰਘ ਅਕਾਲੀ ਦਲ ਪਾਰਟੀ ਦੇ ਲਾਹੌਰ ਵਿਚ ਲੀਡਰ ਸਨ ਤੇ ਪੰਜਾਬ ਦੇ ਵਜ਼ੀਰ ਸਨ। ਸਿਆਸਤ ਵਿਚ ਇਹਨਾਂ ਦੇ ਮੁਕਾਬਲੇ ਤੇ ਕੋਈ ਸ਼ਾਇਦ ਹੀ ਹੋਵੇ। ਦੂਜੇ ਭੀਸ਼ਮ ਪਿਤਾਮਾ ਸ. ਹਰਕ੍ਰਿਸ਼ਨ ਸਿੰਘ ਸੁਰਜੀਤ ਸਨ। ਇਕੋ ਸਿੱਖ ਤੇ ਪੰਜਾਬੀ ਹੋਇਆ ਹੈ ਜੋ ਅੰਤਰਰਾਸ਼ਟਰੀ ਪਾਰਟੀ ਦਾ ਭਾਰਤ ਵਿਚ ਪ੍ਰਧਾਨ ਰਿਹਾ ਹੋਵੇ। ਇਹਨਾਂ ਨੂੰ ਮਾਣ ਮਿਲਿਆ ਕਿ ਭਾਰਤੀ ਕਮਿਊਨਿਸਟ ਮਾਰਕਿਸਟ ਪਾਰਟੀ ਦੇ ਸਾਲਾਂ ਪਰਤੀ ਮੁਖੀ ਰਹੇ। ਭਾਰਤ ਦੀ ਸਿਆਸਤ ਨੂੰ ਆਪਣੀ ਮਰਜ਼ੀ ਨਾਲ ਚਲਾਉਣਾ, ਪ੍ਰਧਾਨ ਮੰਤਰੀ ਬਨਾਉਣੇ, ਜਿਸਨੂੰ ਚਾਹੁਣ ਐਮ. ਪੀ. ਤੇ ਫਿਰ ਵਜ਼ੀਰ ਬਣਾ ਦੇਣਾ ਇਹਨਾਂ ਦਾ ਸ਼ੌਕ ਸੀ। ਸਿਆਸਤਦਾਨ ਇਹਨਾਂ ਦੇ ਹੱਥਾਂ ਵਿਚ ਖੇਡਦੇ ਸਨ। ਤੀਜਾ ਭੀਸ਼ਮ ਪਿਤਾਮਾ ਗਿਆਨੀ ਜ਼ੈਲ ਸਿੰਘ, ਜੋ ਇਕ ਸਾਧਾਰਨ ਪਰਿਵਾਰ ਵਿਚ ਜੰਮ ਕੇ ਭਾਰਤ ਦੇ ਰਾਸ਼ਟਰਪਤੀ ਬਣੇ ਸਨ। ਜਿੱਧਰ ਚਾਹੁੰਣ ਸਿਆਸਤ ਘੁੰਮਾ ਦੇਣ। ਹਰ ਮਸਲੇ ਦਾ ਹੱਲ ਕੱਢਣਾ, ਵੱਡੇ ਤੋਂ ਵੱਡੇ ਲੀਡਰ ਨੂੰ ਆਪਣੇ ਵਸ ਕਰ ਲੈਣਾ, ਆਦਿ ਇਹਨਾਂ ਦੀਆਂ ਖੂਬੀਆਂ ਸਨ। ਔਖੇ ਸਮੇਂ ਭਾਰਤ ਦੇ ਹੋਮ ਮਨਿਸਟਰ ਰਹੇ ਸਨ।

ਚੌਥੇ ਭੀਸ਼ਮ ਪਿਤਾਮਾ ਸ. ਦਰਬਾਰਾ ਸਿੰਘ ਸਨ ਜੋ ਪੰਜਾਬ ਦੇ ਮੁੱਖ ਮੰਤਰੀ ਉਸ ਵਕਤ ਬਣੇ ਜਦ ਪੰਜਾਬ ਵਿਚ ਭਾਂਬੜ ਬਲਣ



Namdhari Elibrary NamdhariElibrary@gmail.com

ਜਾ ਰਹੇ ਸਨ। ਸ. ਦਰਬਾਰਾ ਸਿੰਘ ਕਾਂਗਰਸ ਦੇ ਪ੍ਰਧਾਨ ਅਤੇ ਨੈਸ਼ਨਲ ਕਾਂਗਰਸ ਕਮੇਟੀ ਦੀ ਵਰਕਿੰਗ ਕਮੇਟੀ ਦੇ ਮੈਂਬਰ ਵੀ ਰਹੇ ਸਨ। ਹੁਣ ਹਿਸਾਬ ਲਗਾਓ ਜਦ ਪੰਜਾਬ ਕੋਲ ਇਤਨੇ ਸਿਆਸੀ ਮਹਾਂਰਥੀ, ਸੂਝਵਾਨ, ਹਰ ਪਲ ਦੀ ਖਬਰ ਰੱਖਣ ਵਾਲੇ ਨੇਤਾ ਸਨ ਫਿਰ ਪੰਜਾਬ ਵਿਚ ਅੱਗ ਕਿਉਂ ਲੱਗੀ ਸੀ। ਅੱਜ ਤੱਕ ਇਸ ਸਵਾਲ ਦਾ ਜਵਾਬ ਕਿਸੇ ਨੇ ਲੱਭਿਆ ਨਹੀਂ ਹੈ। ਇਹਨਾਂ ਨਾਲ ਇਕ ਹੋਰ ਯੋਧਾ ਸੀ, ਸ. ਗੁਰਦਿਆਲ ਸਿੰਘ ਢਿੱਲੋਂ, ਜੋ ਲੋਕ ਸਭਾ ਦੇ ਸਪੀਕਰ ਵੀ ਰਹੇ, ਭਾਰਤ ਦੇ ਵਜ਼ੀਰ ਵੀ ਸਨ। ਇਹਨਾਂ ਸਾਰਿਆਂ ਦੇ ਔਖੇ ਸਮੇਂ ਕੋਈ ਯਤਨ ਜੋ ਪੰਜਾਬ ਨੂੰ ਬਚਾ ਸਕਦੇ ਅੱਜ ਤੱਕ ਅੰਕਿਤ ਨਹੀਂ ਕੀਤੇ ਗਏ। ਸਾਡੇ ਅਲੋਚਕ ਪੱਤਰਕਾਰ ਵੀ ਇਸੇ ਵਿਸ਼ੇ ਤੇ ਚੁੱਪ ਧਾਰੀ ਬੈਠੇ ਹਨ। ਇਹਨਾਂ ਸਾਰਿਆਂ ਨੇ ਵਿਅਕਤੀਗਤ ਤੌਰ ਤੇ ਕੋਈ ਹਿੱਸਾ ਪਾਇਆ ਹੋਵੇ ਤਾਂ ਸ਼ਾਇਦ ਕਿਸੇ ਨੂੰ ਪਤਾ ਹੋਵੇ ਪਰ ਮੈਂ ਅੱਜ ਤਕ ਕਿਧਰੇ ਨਹੀਂ ਪੜ੍ਹਿਆ ਕਿ ਇਹ ਸਾਰੇ ਕਦੇ ਇਕ ਵਾਰ ਵੀ ਇਕੱਠੇ ਬੈਠ ਕੇ ਪੰਜਾਬ ਮਸਲੇ ਤੇ ਵਿਚਾਰ ਗੋਸ਼ਟੀ ਕਰ ਸਕੇ ਹੋਣ। ਮੈਂ ਦਿੱਲੀ ੧੯੮੨ ਵਿਚ ਚਲਾ ਗਿਆ ਸੀ ਤੇ ਰਾਸ਼ਟਰਪਤੀ ਜੀ ਦੇ ਦਫ਼ਤਰ ਵਿਚ ਵੀ ਰਿਹਾ ਹਾਂ। ਗਿਆਨੀ ਜੀ ਤੇ ਸ. ਦਰਬਾਰਾ ਸਿੰਘ ਇਕ ਪਾਰਟੀ ਵਿਚ ਸਨ। ਦੋਵੇਂ ਆਪਣੀ ਹਿੰਮਤ ਨਾਲ ਉੱਚ ਪਦਵੀਆਂ ਤੇ ਪੁੱਜੇ ਸਨ। ਉਮੀਦ ਸੀ ਕਿ ਜਦ ਇਹਨਾਂ ਨੂੰ ਉੱਚ ਅਸਥਾਨ ਪ੍ਰਾਪਤ ਹੋ ਗਏ ਇਹ ਦੋਸਤੀ ਕਰਕੇ ਆਪਸ ਵਿਚ ਸਲਾਹ ਕਰਦੇ, ਪਰ ਇਹ ਨਾ ਹੋਇਆ ਉਲਟਾ ਹਰ ਵਕਤ ਇੰਦਰਾ ਗਾਂਧੀ ਦੇ ਦਰਬਾਰ ਵਿਚ ਇਕ ਦੂਜੇ ਵਿਰੁੱਧ ਸ਼ਿਕਾਇਤਾਂ ਦਾ ਦੌਰ ਗਰਮ ਰਿਹਾ। ਮੈਂ ਸੋਚਦਾ ਹਾਂ ਅਗਰ ਇਹ ਦੋਵੇਂ ਇਕੱਠੇ ਹੋ ਕੇ ਇੰਦਰਾ ਗਾਂਧੀ ਨੂੰ ਸਲਾਹ ਦਿੰਦੇ ਸ਼ਾਇਦ ੧੯੮੪ ਦੇ ਸਾਕੇ ਟਲ ਜਾਂਦੇ। ਸ. ਸਵਰਨ ਸਿੰਘ ਕੇਵਲ ਇਕ ਵਾਰ ੧੯੮੩ ਵਿਚ ਅਕਾਲੀਆਂ ਦੀ ਭਾਰਤ ਸਰਕਾਰ ਨਾਲ ਗੱਲਬਾਤ ਕਰਾਉਣ ਵਿਚ ਸ਼ਾਮਲ ਹੋਏ। ਗੱਲ ਸਿਰੇ ਨਾ ਚੜ੍ਹੀ ਇਸ ਕਰਕੇ ਉਹ ਘਰ ਬੈਠ ਗਏ। ਕਦੇ ਕੋਈ ਹੋਰ ਉਪਰਾਲਾ ਨਾ ਕੀਤਾ। ਸ. ਸੁਰਜੀਤ ਤਾਂ ਪੱਕੀ ਚੁੱਪ ਧਾਰ ਕੇ ਹੀ ਬੈਠੇ ਰਹੇ। ਗਿਆਨੀ ਜੀ ਨਾਲ ਮੁਲਾਕਾਤਾਂ ਕਰਦੇ ਰਹੇ ਪਰ ਜੋ ਜੁਗਤ ਉਹਨਾਂ ਕੋਲ ਸੀ ਉਹ ਇਸ ਮਸਲੇ ਵਿਚ ਵਰਤਣ ਤੋਂ ਕਤਰਾਉਂਦੇ ਰਹੇ। ਇੰਦਰਾ ਗਾਂਧੀ ਇਹਨਾਂ ਦੇ ਨੇੜੇ ਸੀ ਪਰ ਮਸਲਾ ਹੱਲ ਕਰਵਾਉਣ ਵਿਚ ਕੋਈ ਹਿੱਸਾ ਨਾ ਪਾ ਸਕੇ। ਮੈਨੂੰ ਪਤਾ ਹੈ ਕਿ ਇੰਦਰਾ ਗਾਂਧੀ ਨੇ ਤਾਂ ਗਿਆਨੀ ਜ਼ੈਲ ਸਿੰਘ ਜੀ ਨੂੰ ਸਾਫ ਕਹਿ ਦਿੱਤਾ ਸੀ ਕਿ ਪੰਜਾਬ ਦੇ ਮਸਲੇ ਤੋਂ ਦੂਰ ਰਹਿਣ। ਇਕ ਵਾਰ ਵੀ ਉਹਨਾਂ ਤੋਂ ਸਲਾਹ ਨਹੀਂ ਲਈ। ਇਤਿਹਾਸ ਕਦੇ ਭੁਲਾਇਆ ਨਹੀਂ ਜਾ ਸਕਦਾ। ਹਰ ਘਟਨਾ ਦੀ ਜਾਂਚ ਹੁੰਦੀ ਹੈ ਚਾਹੇ ਦੇਰ ਪਿੱਛੋਂ। ਕੀ ਕਦੇ ਇਸ ਬਾਰੇ ਵਿਦਵਾਨ ਖੋਜ ਕਰਨਗੇ ਕਿ ਮਹਾਂਭਾਰਤ ਵਾਂਗੂ ਸਾਡੇ ਭੀਸ਼ਮ ਪਿਤਾਮਾ ਵੀ ਚੁੱਪ ਸਾਧ ਕੇ ਬੈਠੇ ਰਹੇ ਜਦ ਉਹਨਾਂ ਸਾਹਮਣੇ ਪੰਜਾਬ ਖ਼ੂਨੀ ਰੰਗ ਵਿਚ ਤਬਾਹ ਹੋ ਰਿਹਾ ਸੀ।

ਸਾਬਕਾ ਚੇਅਰਮੈਨ
ਮਿਨਾਰਿਟੀ ਕਮਿਸ਼ਨ ਆਫ ਇੰਡੀਆ

## ਬਿਹਾਰ ਵਿੱਚ ਗੁਰੂ ਗ੍ਰੰਥ ਸਾਹਿਬ ਦੀਆਂ ਚੋਰੀ ਹੋਈਆਂ ਦੋ ਪੁਰਾਤਨ ਬੀੜਾਂ ਮਿਲੀਆਂ

ਪਿਛਲੇ ਸਾਲ ਚੋਰੀ ਹੋਈਆਂ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਪੁਰਾਤਨ ਪੁਰਾਤਨ ਬੀੜਾਂ ਪੁਲੀਸ ਨੇ ਬਰਾਮਦ ਕਰ ਲਈਆਂ ਹਨ। ਇਹ ਪਾਵਨ ਬੀੜਾਂ ਕੋਈ ੩੦੦ ਸਾਲ ਪੁਰਾਣੀਆਂ ਹਨ। ਪੁਲੀਸ ਸੂਤਰਾਂ ਅਨੁਸਾਰ ਇਹ ਬੀੜਾਂ ਬੀਤੇ ਸਾਲ ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਦੇ ਇਕ ਪਿੰਡ ਵਿੱਚ ਸਥਿਤ ਗੁਰੂਘਰ ਵਿਚੋਂ ਚੋਰੀ ਕਰ ਲਈਆਂ ਸਨ। ਐਸਪੀ ਸੁਰੇਸ਼ ਪ੍ਰਸਾਦ ਨੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਤਾਨ ਬੀੜਾਂ ਬੀਤੇ ਸ਼ੁੱਕਰਵਾਰ ਨੂੰ ਪਿੰਡ ਮੁਹੰਮਦਪੁਰ ਵਿਖੇ ਰੇਲਵੇ ਦੇ ਖੰਡਰਨੁਮਾ ਗੁਦਾਮ ਵਿੱਚੋਂ ਲੋਹੇ ਦੇ ਬਕਸਿਆਂ ਵਿੱਚ ਰੱਖੀਆਂ ਹੋਈਆਂ ਮਿਲੀਆਂ ਹਨ। ਪੁਲੀਸ ਅਧਿਕਾਰੀ ਦੇ ਦੱਸਿਆ ਕਿ ਟਰੱਕ ਲੁੱਟਣ ਵਾਲੇ ਇਕ ਗਰੋਹ ਤੋਂ ਪ੍ਰਾਪਤ ਜਾਣਕਾਰੀ ਤੋਂ ਬਾਅਦ ਇਨ੍ਹਾਂ ਬੀੜਾਂ ਦਾ ਪਤਾ ਲੱਗਾ ਸੀ। ਇਕ ਕਥਿਤ ਲੁਟੇਰੇ ਨਰੇਸ਼ ਸਾਹਨੀ ਨੇ ਪੁਲੀਸ ਪੜਤਾਲ ਦੌਰਾਨ ਦੱਸਿਆ ਸੀ ਕਿ ਉਹ ਤੇ ਉਸ ਦੇ ਦੋ ਸਾਥੀਆਂ, ਜਿਨ੍ਹਾਂ ਵਿੱਚੋਂ ਇਕ ਮਨੋਜ ਸਾਹਨੀ ਹੈ, ਨੇ ਬੀਤੇ ਸਾਲ ੨੯ ਫਰਵਰੀ ਨੂੰ ਇਹ ਬੀੜਾਂ ਨਾਨਕਸ਼ਾਹੀ ਗੁਰਦੁਆਰੇ ਵਿੱਚੋਂ ਚੋਰੀ ਕੀਤੀਆਂ ਸਨ। ਇਸ ਦੌਰਾਨ ਹੀ ਪਟਨਾ ਸਾਹਿਬ ਵਿੱਚ ਸਿੱਖ ਭਾਈਚਾਰੇ ਨੇ ਪੁਰਾਤਨ ਬੀੜਾਂ ਦੀ ਬਰਾਮਦਗੀ ਹੋਣ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਕੱਲ੍ਹ ਪਟਨਾ ਸਥਿਤ ਤਖ਼ਤ ਹਰਿਮੰਦਰ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਪ੍ਰਧਾਨ ਦਲਜੀਤ ਸਿੰਘ ਦੀ ਅਗਵਾਈ ਵਿੱਚ ਮੁਲਾਜ਼ਮ ਲਛਮਣ ਸਿੰਘ, ਸੁਰਜੀਤ ਸਿੰਘ ਸੋਨੂੰ ਤੇ ਗ੍ਰੰਥੀ ਕਮਲ ਸਿੰਘ 'ਤੇ ਅਧਾਰਤ ਵਫ਼ਦ ਵੈਸ਼ਾਲੀ ਜ਼ਿਲ੍ਹੇ ਵਿੱਚ ਭੇਜ ਕੇ ਪਾਵਨ ਪੀੜਾਂ ਹਾਸਲ ਕਰ ਲਈਆਂ ਹਨ ਤੇ ਪਟਨਾ ਵਿਖੇ ਤਖ਼ਤ ਹਰਿਮੰਦਰ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਦੇ ਸਪੁਰਦ ਕਰ ਦਿੱਤੀਆਂ ਹਨ।

*(ਪੰਜਾਬੀ ਟ੍ਰਿਬਿਊਨ, ੧੬-੯-੨੦੧੩)*


NamdhariElibrary NamdhariElibrary@gmail.com

### ਕੂਕਾ ਲਹਿਰ ਦੇ ਅਮਰ ਨਾਇਕ

# ਕੂਕਿਆਂ ਦਾ 'ਸੁਮੰਤ'—ਮਹੰਤ ਗੁਰਦਿਤ ਸਿੰਘ 'ਮੋਰੋਂ'



—ਸੁਵਰਨ ਸਿੰਘ ਵਿਰਕ

ਸਾਹਿਤ ਸਮਾਜਿਕ ਵਰਤਾਰਿਆਂ ਦੀ ਤਰਜਮਾਨੀ ਕਰਨ ਵਾਲਾ ਸ਼ਕਤੀਸ਼ਾਲੀ ਮਾਧਿਅਮ ਹੁੰਦਾ ਹੈ। ਕਿਸੇ ਜੁੱਗ ਦੀ ਰਹਿਣੀ ਬਹਿਣੀ ਦਾ ਸਜੀਵ ਚਿਤਰਨ। ਮਹਾਂਕਾਵਿ ਦਾ ਕਥਾਨਕ ਵਿਸ਼ਾਲ ਭੂ ਭਾਗ ਤੇ ਫੈਲਿਆ ਹੋ ਸਕਦਾ ਹੈ। ਇਸਦਾ ਨਾਇਕ ਮਾਨਵੀ ਗੁਣਾਂ ਨਾਲ ਲਬਰੇਜ਼ ਕੋਈ ਇਕ ਵਿਅਕਤਿੱਤਵ ਹੋ ਸੱਕਦਾ ਹੈ। ਪਰ ਕੁਝ ਐਸੇ ਵਿਅਕਤੀ ਵੀ ਇਸਦੇ ਕਲੇਵਰ ਵਿਚ ਆ ਜਾਂਦੇ ਹਨ ਜੋ ਸੀਮਿਤ ਬਿਰਤਾਂਤ ਦੇ ਬਾਵਜੂਦ ਵੀ ਸਾਹਿਤਕ ਕਥਾ ਦੀ ਤੋਰ ਨੂੰ ਗਤੀ ਪ੍ਰਦਾਨ ਕਰਨ ਵਾਲੀ ਆਪਣੀ ਭੂਮਿਕਾ ਸਦਕਾ, ਲੰਮੇ ਸਮੇਂ ਤੱਕ ਲੋਕ ਮਾਨਸ ਵਿਚ ਆਪਣਾ ਸਥਾਨ ਸੁਨਿਸ਼ਚਿਤ ਕਰ ਲੈਂਦੇ ਹਨ। ਪੰਜਾਬ ਦੀ ਅਮਰ-ਪ੍ਰੀਤ ਗਾਥਾ ਹੈ- "ਹੀਰ ਰਾਂਝਾ"। ਕਵੀ ਦਮੋਦਰ ਗੁਲਾਟੀ ਜੋ ਅਕਬਰ ਦੇ ਸਮੇਂ ਹੋਇਆ ਤੋਂ ਲੈ ਕੇ ਡਾ. ਮਨਮੋਹਨ ਸਿੰਘ ਦੇ ਸਮੇਂ ਹੋਣ ਵਾਲੇ ਕਾਬਲ ਵਿਰਕ ਤੱਕ ਨੇ, ਇਸ ਪ੍ਰੀਤ ਕਾਵਿ ਤੇ ਆਪਣੀ ਕਲਮ ਦੇ ਜੌਹਰ ਵਿਖਾਏ ਹਨ। ਪਰ ਜੰਡਿਆਲਾ ਸ਼ੇਰ ਖਾਂ (ਸ਼ੇਖੂਪੁਰਾ) ਦਾ ਸੱਯਦ ਵਾਰਿਸ ਸ਼ਾਹ ਆਪਣੀ ਗੱਲ ਕੁਝ ਇਸ ਤਰ੍ਹਾਂ ਕਹਿ ਗਿਆ ਹੈ ਕਿ "ਹੀਰ-ਵਾਰਿਸ" ਸਾਡੇ ਪੰਜਾਬੀ ਸਾਹਿਤ ਹੀ ਨਹੀਂ ਸਗੋਂ ਵਿਸ਼ਵ ਸਾਹਿਤ ਵਿਚ ਵੀ ਸ਼ਾਹਕਾਰ ਦਾ ਦਰਜਾ ਰੱਖਦੀ ਹੈ। ਹੀਰ ਦੀ ਕਥਾ ਦਾ ਇਕ ਪਾਤਰ, ਲੁੱਡਣ ਮਲਾਹ ਹੈ ਜੋ ਝਨਾਂ ਦਰਿਆਂ ਵਿਚ ਆਪਣੀ ਬੇੜੀ ਤੇ ਹੀਰ ਤੇ ਉਸਦੀਆਂ ਸਹੇਲੀਆਂ ਨੂੰ ਸੈਰ ਕਰਵਾਉਂਦਾ ਹੈ। ਰਾਂਝੇ ਨਾਲ ਉਸਦਾ ਇਤਨਾ ਕੁ ਹੀ ਨੇੜ ਹੁੰਦਾ ਹੈ ਕਿ ਬੇੜੀ ਕਿਰਾਏ ਦੇ ਪੈਸੇ ਪੱਲੇ ਨਾ ਹੋਣ ਕਾਰਨ, ਜਦੋਂ ਰਾਂਝਾ ਦਰਿਆ ਤਰ ਕੇ ਪਾਰ ਕਰਨਾ ਚਾਹੁੰਦਾ ਹੈ—

"ਲੋਕਾਂ ਦੌੜ ਕੇ ਰਾਂਝੇ ਨੂੰ ਪਕੜਿ ਆਂਦਾ,
ਨਾ ਕਰ ਜ਼ੋਰ ਤੂੰ, ਠਿੱਲ ਨਾ, ਸਜਨਾ ਓ।
ਸਈਂ ਵੰਝੀ ਝਨਾਉਂ ਦਾ ਅੰਤ ਨਾਹੀਂ,
ਡੁੱਬ ਮਰੇਂਗਾ, ਠਿੱਲ ਨਾ, ਸਜਨਾ ਓ।

(ਵਾਰਿਸ ਸ਼ਾਹ)

ਤਾਂ ਲੁੱਡਣ ਲੋਕਾਂ ਦੇ ਆਖੇ, ਦੈਆ ਕਰਕੇ ਉਸਨੂੰ ਆਪਣੀ ਬੇੜੀ ਵਿਚ ਚਾਹੜ ਕੇ ਪਾਰ ਲੈ ਜਾਣਾ ਮੰਨ ਜਾਂਦਾ ਹੈ। ਇਸ ਤੋਂ ਬਾਅਦ ਸਾਰੀ ਗਾਥਾ ਵਿਚ ਲੁੱਡਣ ਦਾ ਕਿਤੇ ਜ਼ਿਕਰ ਨਹੀਂ ਆਉਂਦਾ। ਪਰ ਹੀਰ-ਕਾਵਿ ਵਿਚ ਵਾਰਿਸ ਦੁਆਰਾ ਉਸ ਦਾ ਵਰਣਨ ਉਸਨੂੰ ਇਕ ਅਮਰ ਪਾਤਰ ਵਿਚ ਬਦਲ ਦਿੰਦਾ ਹੈ।

ਲੋਕ-ਲਹਿਰਾਂ ਦਾ ਇਤਿਹਾਸਿਕ ਬਿਰਤਾਂਤ ਵੀ ਮਹਾਂ-ਕਾਵਿ ਜਿਹਾ ਰੁਤਬਾ ਰੱਖਦਾ ਹੈ। ਆਪੋ ਆਪਣੇ ਢੰਗ ਨਾਲ, ਵਿੱਤ ਮੁਤਾਬਿਕ ਇਹਨਾਂ ਲੋਕ ਲਹਿਰਾਂ ਵਿਚ ਹਿੱਸਾ ਪਾਉਣ ਵਾਲਿਆਂ ਨੂੰ, ਗੁਆਚੀ ਜੂਨ ਭੋਗਣ ਤੋਂ ਬਚਾ ਲਿਆ ਜਾਂਦਾ ਹੈ। ਪੰਜਾਬ ਵਿਚ ਅੰਗਰੇਜ਼ ਬਸਤੀਵਾਦੀਆਂ ਵਿਰੁੱਧ ਚੱਲਣ ਵਾਲੀ, ਪਹਿਲੀ ਵਿਸ਼ਾਲ ਕੂਕਾ ਲਹਿਰ ਵਿਚ ਭਾਗ ਲੈਣ ਸਦਕਾ ਬਹੁਤ ਸਾਰੇ ਲੋਕ ਇਤਿਹਾਸ ਦੇ ਜਗਦੇ ਹਰਫ਼ ਬਣ ਗਏ ਹਨ। ਅਜਿਹੇ ਇਕ ਸੱਜਣ ਸਨ ਭਾਈ ਗੁਰਦਿੱਤ ਸਿੰਘ ਜੀ ਗਾਡੀਵਾਨ। ਨਾਮਧਾਰੀ ਇਤਿਹਾਸ ਦਾ ਹਿਰਦੇ ਵੇਧਕ ਕਾਂਡ ਇਸ ਸੱਜਣ ਦੇ ਸਹਿਯੋਗ ਬਿਨਾਂ ਲਿਖਿਆ ਨਹੀਂ ਜਾ ਸੱਕਦਾ।

ਸਮਾਂ ਸੀ ੧੭-੧੮ ਜਨਵਰੀ ੧੮੭੨ ਈ. ਦੀ ਦਰਮਿਆਨੀ ਰਾਤ ਦਾ। ਸਥਾਨ ਸੀ ਕੂਕੇ ਮਰਜੀਵੜਿਆਂ ਦੀ ਕਰਮ ਭੂਮੀ ਸ੍ਰੀ ਭੈਣੀ ਸਾਹਿਬ। ਸਾਡੇ ਚਰਿੱਤਰ ਨਾਇਕ ਦਾ ਕਾਰਜ ਸੀ ਇਕ ਦੋ ਬਲਦਾਂ ਵਾਲਾ ਗੱਡਾ ਜੋੜ ਕੇ ਸ੍ਰੀ ਭੈਣੀ ਸਾਹਿਬ ਤੋਂ, ਜ਼ਿਲ੍ਹੇ ਦੇ ਸਦਰ ਮੁਕਾਮ ਲੁਧਿਆਣਾ ਤਕ ਪੁੱਜਣਾ। ਕੂਕਾ ਇਤਿਹਾਸ ਤੋਂ ਕੋਰਾ ਸੱਜਣ ਸੋਚ ਸੱਕਦਾ ਹੈ ਕਿ ਇਸ ਵਿਚ ਵਿਸ਼ੇਸ਼ਤਾ ਵਾਲੀ ਕਿਹੜੀ ਗੱਲ ਹੋਈ। ਅੱਜ ਵੀ ਅਨੇਕਾਂ ਕਿਸਾਨ ਆਪੋ ਆਪਣੇ ਗੱਡੇ ਜੋ ਕੇ ਪਿੰਡਾਂ ਕਸਬਿਆਂ ਵਿਚ ਜਾਂਦੇ ਵੇਖੇ ਜਾ ਸੱਕਦੇ ਹਨ। ਪਰ ਇਹ ਰਤਾ ਵੱਖਰੀ ਗੱਲ ਸੀ। ਭਾਈ ਗੁਰਦਿਤ ਸਿੰਘ ਦੁਆਰਾ ਤਿਆਰ ਕੀਤੇ ਗੱਡੇ ਨੂੰ ਭਾਗ ਲਾਉਣ ਵਾਲੇ ਸਨ, ਇਸ ਕੂਕਾ-ਲਹਿਰ ਦੇ ਮਹਾਂ ਨਾਇਕ, ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਉਹਨਾਂ ਦੇ ਦੋ ਬੜੇ ਹੀ ਪਿਆਰੇ ਤੇ ਸਤਿਕਾਰੇ ਸੂਬੇ, ਮੁਖੀ ਸੂਬਾ ਬਾਬਾ ਜਵਾਹਰ ਸਿੰਘ ਜੀ ਅਤੇ ਸਤਿਗੁਰੂ ਜੀ ਦਾ "ਲਾਡਲਾ ਸਪੂਤ" ਸੂਬਾ ਸਾਹਿਬ ਸਿੰਘ। ਚੌਥਾ ਸਵਾਰ ਸੀ ਇਸ ਗੱਡੇ ਦਾ ਰੁੜਕੀ (ਪਟਿਆਲਾ) ਪਿੰਡ ਦਾ ਭਾਈ ਨਾਨੂੰ ਸਿੰਘ, ਜਿਸ ਆਪਣੇ ਮੁਰਸ਼ਿਦ ਦੀ ਸੇਵਾ ਵਾਸਤੇ, ਦੇਸ਼ ਨਿਕਾਲਾ ਮੂੰਹੋਂ ਮੰਗ ਕੇ ਲਿਆ ਸੀ। ਪੰਜਵਾਂ ਗਾਡੀਵਾਨ ਸੀ ਭਾਈ ਗੁਰਦਿਤ ਸਿੰਘ।



Namdhari Elibrary NamdhariElibrary@gmail.com

ਸਤਿਗੁਰੂ ਜੀ ਅੰਗਰੇਜ਼ ਸਰਕਾਰ ਦੀਆਂ ਅੱਖਾਂ ਵਿਚ ਬੜੇ ਚਿਰ ਤੋਂ ਰੜਕ ਰਹੇ ਸਨ। ਸਤਿਗੁਰੂ ਜੀ ਇਸ ਸਰਕਾਰ ਦੇ ਲੁਟੇਰੇ ਬਿਉਪਾਰੀਆਂ ਵਾਲੇ ਮਨਸੂਬੇ ਤਾੜ ਗਏ ਸਨ। ਉਹਨਾਂ ਅੰਗਰੇਜ਼ੀ ਮਿੱਲਾਂ ਦੇ ਬਣੇ ਮਾਲ ਨੂੰ ਹੱਥ ਨਾ ਲਾਉਣ ਅਤੇ ਅੰਗਰੇਜ਼ੀ ਸਕੂਲਾਂ, ਹਸਪਤਾਲਾਂ, ਅਦਾਲਤਾਂ, ਯਾਤਾਯਾਤ ਦੇ ਸਾਧਨਾਂ ਆਦਿ ਅਤੇ ਹੋਰ ਸੰਸਥਾਵਾਂ ਦੀ ਵਰਤੋਂ ਨਾ ਕਰਨ ਦੀ ਪੰਜਾਬੀਆਂ ਨੂੰ ਹਦਾਇਤ ਕੀਤੀ ਸੀ। ਉਹਨਾਂ ਨੇ ਉਸ ਸਮੇਂ ਸਵਦੇਸ਼ੀ ਦੀ ਲਹਿਰ ਚਲਾ ਕੇ ਅੰਗਰੇਜ਼ੀ ਰਾਜ ਦੇ ਦੁਸ਼ਪ੍ਰਭਾਵ ਸਦਕਾ, ਤਬਾਹ ਹੋ ਰਹੀ ਕਿਸਾਨੀ, ਦਸਤਕਾਰੀ ਅਤੇ ਆਪਣੇ ਕਾਰੋਬਾਰ ਨੂੰ ਬਚਾਉਣ ਦੀਆਂ ਜੁਗਤਾਂ ਦੱਸੀਆਂ ਸਨ। ਸਾਮੰਤੀ ਠਾਠ ਬਾਠ ਦਾ ਤਿਆਗ ਕਰਕੇ, ਸਰਲ, ਸਾਦਾ, ਸ਼ੁੱਧ, ਉੱਚ ਆਚਾਰ ਵਿਹਾਰ ਵਾਲੀ, ਗੁਰਮਤਿ ਜੀਵਨ ਜਾਂਚ ਅਪਨਾਉਣ ਤੇ ਬਲ ਦਿੱਤਾ ਸੀ। ਪਿੰਡ ਤੋਂ ਲੈ ਕੇ ਕੂਕਾ-ਕੇਂਦਰ ਸ੍ਰੀ ਭੈਣੀ ਸਾਹਿਬ ਤੱਕ ਆਪਣੀ ਸਮੂਹ ਸੰਗਤ ਅਤੇ ਹੋਰ ਪੰਜਾਬ ਹਿਤੈਸ਼ੀਆਂ ਨੂੰ, ਇਕ ਸੰਗਠਨ ਵਿਚ ਪਿਰੋਣ ਲਈ ਸੂਬਾ ਪ੍ਰਣਾਲੀ ਵਿਕਸਿਤ ਕੀਤੀ ਸੀ। ਸੂਚਨਾ ਦਾ ਗੁਪਤ ਆਦਾਨ ਪ੍ਰਦਾਨ ਕਰਨ ਲਈ, ਕੂਕਾ ਪੋਸਟਲ ਸਰਵਿਸ ਜਿਹੀ ਤੇਜ਼ ਰਫਤਾਰ ਤਕਨੀਕ ਵਿਕਸਿਤ ਕਰਕੇ, ਪੰਜਾਬ ਦੇ ਇਕ ਸਿਰੇ ਤੇ ਦੂਜੇ ਸਿਰੇ ਤੱਕ ਅੱਠਾਂ ਪਹਿਰਾਂ ਵਿਚ ਆਪਣੀ ਗੱਲ ਪੁਚਾ ਦਿੱਤੀ ਜਾਂਦੀ ਸੀ। ਸਮਾਜਿਕ ਜੀਵਨ ਵਿਚ ਆਏ ਨਿਘਾਰ ਨੂੰ ਰੋਕਣ ਲਈ ਇਸਤਰੀਆਂ ਦਾ ਰੁਤਬਾ ਬਹਾਲ ਕੀਤਾ। ਉਹਨਾਂ ਨੂੰ ਹਰ ਖੇਤਰ ਵਿਚ ਸਮਾਨਤਾ ਦਿੱਤੀ। ਉਹਨਾਂ ਨੂੰ ਆਪਣੇ ਵਿੱਢੇ ਮੁਕਤੀ ਸੰਗਰਾਮ ਵਿਚ ਸਰਗਰਮ ਕੀਤਾ। ਸਿੱਖੀ ਤੋਂ ਕੋਹਾਂ ਦੂਰ ਜਾ ਚੁੱਕੇ ਉਸਦੇ ਵਾਰਿਸਾਂ ਨੂੰ ਮੁੜ ਬਾਣੀ ਤੇ ਬਾਣੇ ਨਾਲ ਜੋੜਿਆ। ਸੇਵਾ ਸਿਮਰਨ ਦੀ ਜਾਗ ਲਾ ਕੇ ਉਹਨਾਂ ਨੂੰ ਆਤਮਕ ਮੰਡਲਾਂ ਵਿਚ ਪੁਚਾਇਆ। ਗਊ ਤੇ ਗਰੀਬ ਦੀ ਬਾਂਹ ਫੜੀ। ਹਰ ਲੋੜਵੰਦ ਲਈ, ਵੈਰੀ-ਮਿੱਤਰ ਲਈ, ਰਾਜੇ-ਰੰਕ ਲਈ ਉੱਚੇ-ਨੀਵੇਂ ਲਈ, ਸਦਾ ਵਰਤ ਜਾਰੀ ਕੀਤਾ। ਇਕ ਸਮਤਾ ਮੂਲਕ ਭਾਈਚਾਰੇ ਦੀ ਸਿਰਜਨਾ ਦੀ ਆਧਾਰ ਸ਼ਿਲਾ ਰੱਖੀ। ਭਾਰਤ ਦੀਆਂ ਦੇਸੀ ਰਿਆਸਤਾਂ ਅਤੇ ਗੁਆਂਢੀ ਮੁਲਕਾਂ ਨਾਲ ਕੂਟਨੀਤਿਕ ਸਬੰਧ ਉਲੀਕ ਕੇ, ਕੂਕਾ ਵਿਦਰੋਹ ਨੂੰ ਵਿਆਪਕਤਾ ਪ੍ਰਦਾਨ ਕੀਤੀ। ਸਰਕਾਰ ਇਸ ਸਭ ਕਾਸੇ ਕਾਰਨ ਸਤਿਗੁਰੂ ਜੀ ਅਤੇ ਉਹਨਾਂ ਦੇ ਕੂਕਾ ਅੰਦੋਲਨ ਨੂੰ, ਹੁਣ ਮਹਿਜ਼ ਇਕ ਧਾਰਮਿਕ ਤਹਿਰੀਕ ਤੱਕ ਸੀਮਤ ਰੱਖਣ ਲਈ ਤਿਆਰ ਨਹੀਂ ਸੀ। ਉਸ ਨੂੰ ਕੂਕਾ-ਮਸਤਾਨਿਆਂ ਦੇ ਇਹਨਾਂ ਬੋਲਾਂ ਵਿਚ ਆਪਣੀਆਂ ਮ੍ਰਿਤੂ-ਘੰਟੀਆਂ ਵੱਜਦੀਆਂ ਸੁਣਾਈ ਦੇ ਰਹੀਆਂ ਸਨ—

"ਅਸਾਂ ਹਿੰਦ ਵਿਚ ਗ਼ਦਰ ਮਚਾਉਣਾ,
ਕੱਢਣਾ ਫਰੰਗੀਆਂ ਨੂੰ।
ਰਾਜ ਮੁੱਕ ਜਾਊ ਫਰੰਗੀਆਂ ਤੇਰਾ,
ਕੂਕੇ ਥੋਤੋਂ ਨਹੀਂ ਮੁੱਕਣੇ।
ਏਥੋਂ ਚੁਕ ਲੈ ਫਰੰਗੀਆਂ ਡੇਰਾ,
ਖਾਲਸੇ ਨੇ ਰਾਜ ਕਰਨਾ।"

ਮਲੇਰਕੋਟਲੇ ਦੇ ਸਾਕੇ ਨੇ ਅੰਗਰੇਜ਼ ਸਰਕਾਰ ਨੂੰ ਉਸਦੇ ਦਿਲੀ ਅਰਮਾਨ ਪੂਰੇ ਕਰਨ ਦਾ ਬਹਾਨਾ ਬਣਾ ਦਿੱਤਾ। ਸਤਾਰਾਂ ਜਨਵਰੀ ੧੮੭੨ ਨੂੰ, ਮਲੇਰਕੋਟਲੇ ਦੇ ਰੱਕੜ ਵਿਚ ਅੱਧਾ ਸੈਂਕੜਾ ਕੂਕੇ ਅੱਗ ਦੇ ਦਰਿਆ ਵਿਚ ਡੁੱਬ ਚੁੱਕੇ ਸਨ। ਸਤਿਗੁਰੂ ਜੀ ਆਪਣੇ ਲਾਡਲਿਆਂ ਦੀਆਂ ਸ਼ਹੀਦੀਆਂ ਦੇ ਸੋਹਲੇ ਗਾਉਂਦੇ ਹੋਏ, ਦਸ਼ਮੇਸ਼ ਪਿਤਾ ਜੀ ਦੇ ਜੁਝਾਰੂ ਬੋਲਾਂ, "ਦੇਹਿ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂ ਨ ਟਰਉ" ਦਾ ਗਾਇਨ ਕਰਦੇ ਹੋਏ, ਪਿੰਡ ਸਿਆਹੜ ਤੋਂ ਚੱਲ ਕੇ ਉਸੇ ਰਾਤ ਸ੍ਰੀ ਭੈਣੀ ਸਾਹਿਬ ਪੁੱਜ ਕੇ ਅਜੇ ਘੋੜਿਆਂ ਤੋਂ ਉੱਤਰੇ ਹੀ ਸਨ ਕਿ "ਚਾਰ ਅਸਵਾਰ ਇਕ ਥਾਨੇਦਾਰ ਰਾਮਦਾਸਪੁਰੇ (ਸ੍ਰੀ ਭੈਣੀ ਸਾਹਿਬ) ਆਇਆ, ਅਸਵਾਰ ਸੜਕ ਪਰ ਖੜੇ ਕੀਤੇ। ਸਤਿਗੁਰੂ ਜੀ ਕੋ ਕਹਿਣੇ ਲਗਾ ਆਪ ਕੋ ਲੁਧਿਹਾਨੇ ਜਾਦ ਕੀਤਾ ਹੈ। ਸ੍ਰੀ ਸਤਿਗੁਰੂ ਜੀ ਪਹਿਲੇ ਤਾਂ ਬਚਨ ਕੀਤਾ ਪਾਓ ਘੋੜਿਆਂ ਪਰ ਕਾਠੀਆਂ, ਫੇਰ ਬਚਨ ਕੀਤਾ ਘੋੜੇ ਥੱਕੇ ਹੈਨ ਗੱਡਾ ਤਿਆਰ ਕਰੋ। ਹੁਕਮ ਹੋਇਆ, "ਗੁਰਦਿਤ ਸਿੰਘ! ਗੱਡਾ ਤਿਆਰ ਕਰੋ ਪੱਖਲੀਆਂ ਲਾਇਕੇ ਕੋਠੇ ਵਾਂਗੂੰ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅਸੀਂ ਬੈਠ ਤਾਂ ਨਹੀਂ ਰਹਿਣਾ ਹੈ। ਸਾਡੇ ਤੁਰੇ ਬਗੈਰ ਕਾਰ ਨਹੀਂ ਤੁਰਨੀ ਹੈ। ਅਸੀਂ ਤੁਰਾਂਗੇ ਤਾਂ ਕਾਰ ਤੁਰਨੀ ਹੈ। ਹੈ ਬੀ ਤਾਂ ਠੀਕ ਜੋ ਜਿਸ ਕੰਮ ਨੂੰ ਆਉਂਦਾ ਹੈ ਜ਼ਰੂਰ ਕਰਨਾ ਪੈਂਦਾ ਹੈ। ਅਸੀਂ ਏਸੇ ਕੰਮ ਨੂੰ ਆਏ ਹੈਂ।.... ਸਤਿਗੁਰੂ ਜੀ ਇਹ ਭੀ ਬਚਨ ਕੀਤਾ-ਤੀਰ ਕੀ ਚੋਂਚ ਜਿਤਨੀ ਪਾਪ ਕੀ ਚਾਦਰ ਪਾਟੀ ਹੈ, ਤੀਰ ਕੀ ਚੋਂਚ ਜਿਤਨੀ ਧਰਮ ਕੀ ਚਾਦਰ ਵਿਛੀ ਹੈ। ਇਹ ਵੀ ਬਚਨ ਕੀਤਾ-ਕੰਡਣਾਂ ਸ਼ਿਸ਼ ਪਾਲ ਕੇ ਹਾਥ ਰਹਿਓ ਬਿਧਨਾ ਕਛੁ ਔਰ ਕੀ ਔਰ ਠਣੀ। ਜਾਣੋ ਸੀ ਪਹਿਲੇ ਕਈ ਦਿਨ ਏਹੀ ਸ਼ਬਦ ਪੜ੍ਹਦੇ ਰਹੇ।

..."ਪੱਖਲੀਆਂ ਲਾਇ ਗੱਡਾ ਤਿਆਰ ਕੀਤਾ। ਤੰਬੂ ਵਾਂਗੂੰ ਹੋਈ ਗਿਆ। ਪੁਸ਼ਾਕ ਪਹਿਰਨ ਲੱਗੇ ਤਾਂ ਬਚਨ ਕੀਤਾ ਕੀ ਪਹਿਰਾਨੀ ਹੈ ਪੁਸ਼ਾਕ? ਏਕ ਸਸਿਆਂ (ਭੇਡਾਂ) ਦੀ ਊਨ ਦੀ ਦਸਤਾਰ ਸੀ ਸੋ ਬੱਧੀ। ਏਕ ਕਾਲੀ ਕੰਬਲੀ ਸੀ ਸੋ ਉਤੇ ਲਈ। ਬਚਨ ਕੀਤਾ ਅਰਦਾਸਾ ਮੈਂ ਕਰਦਾ ਹਾਂ। ਆਪ ਅਰਦਾਸਾ


NamdhariElibrary NamdhariElibrary@gmail

ਕੀਤਾ।...

"ਕੰਬਲੀ ਕੀ ਬੁਕਲ ਮਾਰ ਕੇ ਗੱਡੇ ਮੈ ਆਇ ਬੈਠੇ।"

"ਬਾਬਾ ਜਵਾਹਰ ਸਿੰਘ, ਬਾਬਾ ਸਾਹਿਬ ਸਿੰਘ, (ਸਤਿਗੁਰੂ ਜੀ ਅਤੇ ਨਾਨੂੰ ਸਿੰਘ) ਪੰਜਵਾਂ ਨਾਲ ਗੁਰਦਿਤ ਸਿੰਘ ਗਾਡੀ ਗਡੇ ਮੈ ਬੈਠੇ।... ਜਦ ਗੱਡਾ ਸੜਕ ਪਰ ਗਿਆ ਤਾਂ ਦੋ ਅਸਵਾਰ ਅੱਗੇ ਤੇ ਦੋ ਅਸਵਾਰ ਪਿੱਛੇ ਫਰਕ ਨਾਲ ਤੁਰੇ।"1

ਸਾਡਾ ਪਹਿਲਾ ਇਤਿਹਾਸਕਾਰ, ਭਾਈ ਸੰਤੋਖ ਸਿੰਘ ਬਾਹੋਵਾਲ, ਦੇਸ਼ ਨਿਕਾਲੇ ਦੇ ਸਮੇਂ ਦਾ ਵਰਣਨ ਉਪਰੋਕਤ ਹਿਰਦੇ ਵੇਧਕ ਸ਼ਬਦਾਂ ਨਾਲ ਕਰਦਾ ਹੈ। ਇਹ ਉਹ ਸਮਾਂ ਹੈ ਜਦੋਂ ਨਾਮਧਾਰੀ ਸਿੰਘ ਦੋ ਦਿਨ ਲਗਾਤਾਰ, ਤੋਪਾਂ ਦੇ ਗੋਲੇ, ਆਪਣੀਆਂ ਛਾਤੀਆਂ ਤਾਣਕੇ ਝੱਲਦੇ ਰਹੇ ਸਨ। ਜਦੋਂ ਉਹਨਾਂ ਦੇ ਇਸ਼ਟ ਦੇਵ ਮਹਿਬੂਬ ਸਤਿਗੁਰੂ ਨੂੰ ਹੁੱਬਲ ਵਤਨੀ ਦੇ ਇਵਜ਼ ਵਿਚ ਜਲਾਵਤਨੀ ਦਿੱਤੀ ਜਾ ਰਹੀ ਸੀ। ਜਦੋਂ ਉਹਨਾਂ ਨੂੰ ਆਪਣੀ ਜਨਮ ਭੂਮੀ ਦੇਸ਼ ਪੰਜਾਬ ਹੀ ਨਹੀਂ ਸਗੋਂ ਭਾਰਤ ਭੂਮੀ ਤੋਂ ਵੀ ਵਿਛੋੜਿਆ ਜਾ ਰਿਹਾ ਸੀ। ਇਹ ਉਹ ਦਰਦ ਵਿਛੋੜਾ ਸੀ ਜੋ ਕੂਕਿਆਂ ਦੀਆਂ ਤਦੋਕੀਆਂ ਅਤੇ ਭਾਵੀ ਪੀੜ੍ਹੀਆਂ ਦਾ ਵੀ ਨਸੀਬਾ ਬਣਨਾ ਸੀ। ਸੂਫੀ ਕਵੀ ਦੇ ਸ਼ਬਦਾਂ ਵਿਚ—

"ਮਾਏ ਨੀ ਮੈਂ ਕੋਹਨੂੰ ਆਖਾਂ
ਦਰਦ ਵਿਛੋੜੇ ਦਾ ਹਾਲ।
ਧੂਆਂ ਧੁਖੇ ਮੇਰੇ ਮੁਰਸ਼ਦ ਵਾਲਾ
ਜਾਂ ਫੋਲਾਂ ਤਾਂ ਲਾਲ।
ਜੰਗਲ ਬੇਲੇ ਫਿਰਾਂ ਢੂੰਡੇਦੀ
ਅਜੇ ਨਾ ਆਇਆ ਲਾਲ।" (ਸ਼ਾਹ ਹੁਸੈਨ)

ਨਾਮਧਾਰੀ ਸੰਗਤਾਂ ਲਈ, ਭੈਣੀ ਸਾਹਿਬ ਦੀ ਧਰਤੀ ਲਈ, ਸਤਿਗੁਰੂ ਜੀ ਦਾ ਵਿਛੋੜਾ ਉਹੋ ਜਿਹਾ ਹੀ ਸੀ ਜਿਹੋ ਜਿਹਾ ਰਾਮ ਬਨਬਾਸ ਸਮੇਂ ਅਯੁੱਧਿਆ ਵਾਸੀਆਂ ਅਤੇ ਰਾਮ ਪਿਆਰਿਆਂ ਨੇ ਭੋਗਿਆ ਸੀ। ਕੂਕਾ ਭਾਈਚਾਰੇ ਦੇ ਲੋਕ ਸਤਿਗੁਰੂ ਜੀ ਨਾਲ ਕੁਝ ਇਸ ਤਰ੍ਹਾਂ ਆਤਮਿਕ ਤੌਰ ਤੇ ਜੁੜੇ ਹੋਏ ਸਨ ਕਿ ਉਹ ਉਹਨਾਂ ਤੋਂ ਬਿਨਾਂ ਜਿਉਂ ਵੀ ਸੱਕਣਗੇ, ਇਹ ਕਿਆਸ ਕਰਨਾ ਔਖਾ ਸੀ। ਉਹਨਾਂ ਦੀ ਦਸ਼ਾ ਇਕ ਉੱਘੇ ਸ਼ਾਇਰ ਦੇ ਸ਼ਬਦਾਂ ਵਿਚ ਇਹੋ ਜਿਹੀ ਸੀ—

"ਚੰਦਾ ਚਕਮ ਵਿਖਾਲ ਨਾ ਸਾਨੂੰ,
ਅਤੇ ਨਾ ਕਰ ਮਾਣ ਵਧੇਰਾ।
ਤੈ ਜੇਹੇ ਲੱਖ ਚੜ੍ਹਨ ਅਸਾਨੂੰ,
ਪਰ ਸੱਜਣਾਂ ਬਾਝ ਹਨੇਰਾ।
ਜਿਸ ਡਿੱਠਿਆਂ ਦਿਲ ਰੌਸ਼ਨ ਹੋਵੇ,
ਉਹ ਹੁਸਨ ਨਹੀਂ ਅੱਜ ਤੇਰਾ।
"ਹਾਸ਼ਮ" ਸਾਂਝ ਤੁਸਾਡੇ ਦਮ ਦੀ,
ਹੋਰ ਵੱਸਦਾ ਮੁਲਖ ਬਥੇਰਾ।" (ਹਾਸ਼ਮ ਸ਼ਾਹ)

ਜਿਹਨਾਂ ਦੇ ਪੁਰਖਿਆਂ ਨੇ ਇਸ ਦਰਦ ਵਿਛੋੜੇ ਨੂੰ ਹੱਡੀਂ ਹੰਡਾਇਆ ਸੀ, ਉਹ ਭਾਈ ਹਰਨਾਮ ਸਿੰਘ ਬਗੁਲੀ ਕਲਾਂ (ਲੁਧਿਆਣਾ) ਇਸ ਸਮੇਂ ਦਾ ਇਉਂ ਬਿਆਨ ਕਰਦਾ ਹੈ-

"ਸੱਦਣ ਲਈ ਮਹਾਰਾਜ ਨੂੰ ਲੁਦਿਹਾਣੇ,
ਹੁਕਮ ਭੇਜਤਾ ਤੇਜ ਤਰਾਰ ਸੁਣ ਲੋ
ਖ਼ੀਨ ਖ਼ਾਫ ਜ਼ਰੀਆਂ ਵਾਲੇ ਬਾਦਸ਼ਾਹੀ,
ਚੋਗੇ ਮਖ਼ਮਲੀ ਦੀਏ ਉਤਾਰ ਸੁਣ ਲੋ
ਆਸਣ ਬੰਨ੍ਹ ਕੇ ਸੀਸ ਤੇ ਜਿਸਮ ਉਤੇ,
ਬੁੱਕਲ ਕੰਬਲੀ ਦੀ ਲਈ ਮਾਰ ਸੁਣ ਲੋ
ਛੱਡ ਗੇ ਕੋਤਲ ਘੋੜੇ ਖੜੇ ਸਤਿਗੁਰ,
ਗੱਡੇ ਉਤੇ ਹੋ ਗਏ ਅਸਵਾਰ ਸੁਣ ਲੋ
ਚੱਲੇ ਚੱਲੇ ਰਾਜੇ ਯੋਗੀ ਜੰਗਲਾਂ ਨੂੰ,
ਵੱਸਦੇ ਛੱਡ ਕੇ ਸ਼ਹਿਰ ਬਾਜ਼ਾਰ ਸੁਣ ਲੋ
ਚਲੇ ਵਿਛੜ ਜਦ ਸਤਿਗੁਰੂ ਸੰਗਤਾਂ ਤੋਂ,
ਸਿੰਘ ਰੋਣ ਲੱਗੇ ਭੁੱਬਾਂ ਮਾਰ ਸੁਣ ਲੋ
ਏਹ ਅਖੀਰ ਦੇ ਬਚਨ ਹਰਨਾਮ ਸਿੰਘਾ,
ਕਿਹਾ ਸੰਗਤਾਂ ਨੂੰ ਜਾਂਦੀ ਵਾਰ ਸੁਣ ਲੋ।"2

ਇਸ ਤਰ੍ਹਾਂ ਦੇ ਦਰਦ ਭਰੇ ਮਾਹੌਲ ਵਿਚ, ਭੈਣੀ ਸਾਹਿਬ ਤੋਂ ਲੁਧਿਆਣਾ ਰੇਲਵੇ ਸਟੇਸ਼ਨ ਤੱਕ ਦਾ, ਜਿਹੜਾ ਗੱਡੇ ਦਾ ਸਫਰ, ਗੱਡਾ ਹਿੱਕਦਿਆਂ ਭਾਈ ਗੁਰਦਿਤ ਸਿੰਘ ਹੋਰਾਂ ਨੇ ਕੀਤਾ ਸੀ ਉਹ ਪੰਜਾਬ ਦੇ ਕੌਮੀ ਮੁਕਤੀ ਅੰਦੋਲਨ ਦਾ ਇਕ ਵਿਲੱਖਣ ਸਫਰ ਹੋ ਨਿਬੜਿਆ ਹੈ। ਇਸ ਸਫਰ ਦਾ ਵੇਰਵਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪੂਜ ਮਾਤਾ, ਮਾਤਾ ਜੀਵਨ ਕੌਰ ਜੀ ਦੀ ਜ਼ੁਬਾਨੀ ਸੁਣ ਕੇ, ਪੰਜਾਬੀ ਦੇ ਉੱਘੇ ਸਾਹਿਤਕਾਰ ਅਵਤਾਰ ਸਿੰਘ 'ਆਜ਼ਾਦ' ਹੋਰਾਂ ਕਾਨੀ-ਬੱਧ ਕੀਤਾ ਸੀ। ਸਮਕਾਲੀ ਇਤਿਹਾਸ ਦੀ ਲਹੂ ਭਿੱਜੀ ਦਾਸਤਾਨ ਨੂੰ, ਉਹਨਾਂ ਦੇ ਸ਼ਬਦਾਂ ਵਿਚ ਹੀ ਦੁਹਰਾਉਣ ਦੇ ਲੋਭ ਤੋਂ ਬਚਿਆ ਨਹੀਂ ਗਿਆ।

"ਜਿਸ ਵੇਲੇ ਮਾਤਾ ਜੀ ਪਾਸੋਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਸਬੰਧੀ ਪੁੱਛਿਆ ਗਿਆ ਤਾਂ ਆਪ ਦੇ ਨੇਤਰ ਜਲ ਪੂਰਤ ਹੋ ਗਏ। ਆਖਿਆ- "ਧੰਨ ਗ਼ੁਰੀਬ ਨਿਵਾਜ਼, ਧੰਨ ਉਸਦੇ ਕੌਤਕ! ਅਤੇ ਧੰਨ ਓਹ ਸਿਦਕੀ ਸਿਖ ਜਿਨ੍ਹਾਂ ਨੇ ਉਹ


Namdhari Elibrary NamdhariElibrary@gmail.com

ਮਹਾਂ ਪਾਵਨ ਮੂਰਤ ਆਪਣੇ ਜਗਤ ਨੈਣਾਂ ਨਾਲ ਵੇਖੀ।"

ਫਰਮਾਣ ਲੱਗੇ- "ਸਤਿਗੁਰਾਂ ਦੇ ਪ੍ਰਦੇਸ਼ ਗਮਨ ਤੋਂ ਪਹਿਲਾਂ ਮਲੇਰਕੋਟਲੇ ਦੀ ਘਟਨਾ ਵਾਪਰ ਚੁੱਕੀ ਸੀ। ਸ੍ਰੀ ਜੀ ਪਿੰਡ ਸਿਆੜ੍ਹ, ਭਾਈ ਵਸਾਵਾ ਸਿੰਘ ਜੀ ਦੇ ਘਰ ਦਰਸ਼ਨ ਦੇ ਰਹੇ ਸਨ ਜਦ ਇਹ ਸਾਕਾ ਵਰਤਿਆ। ਸਤਿਗੁਰਾਂ ਨੇ ਤੋਪਾਂ ਚੱਲਦੀਆਂ ਦੀ ਆਵਾਜ਼ ਸੁਣ ਕੇ, ਭਾਈ ਲਾਲ ਸਿੰਘ ਜੀ ਨਾਲ ਬਚਨ ਕਰਦਿਆਂ ਫਰਮਾਇਆ ਸੀ, "ਇਹ ਤੋਪਾਂ ਮੇਰੇ ਲਾਡਲਿਆਂ ਉਪਰ ਚੱਲ ਰਹੀਆਂ ਹਨ, ਧੰਨ ਹਨ ਉਹ ਪਿਆਰੇ ਜੋ ਧਰਮ ਦੀ ਧੁਜਾ ਫਹਿਰਾਣ ਖਾਤਰ ਆਪਣੇ ਪ੍ਰਾਣ ਹੋਮ ਕਰ ਰਹੇ ਹਨ।"

"ਇਸ ਸਾਕੇ ਦਾ ਸਮਾਚਾਰ ਮੈਂ ਆਪਣੇ ਮਾਮਾ ਭਾਈ ਹਰਿਨਾਮ ਸਿੰਘ ਜੀ ਅਤੇ ਪਿਤਾ ਜੀ (ਸੂਬਾ ਖੁਸ਼ਹਾਲ ਸਿੰਘ ਬਰਾਜ-ਸਿਰਸਾ) ਪਾਸੋਂ ਸੁਣਿਆ ਸੀ। ਪਿਤਾ ਜੀ ਦੱਸਦੇ ਸਨ ਕਿ ਜਦ ਇਹ ਮਹਾਂ ਅਨਰਥ ਵਰਤਿਆ, ਸਤਿਗੁਰਾਂ ਦੇ ਪੱਕੇ ਸਿੱਖ ਤਾਂ ਭਾਣੇ ਨੂੰ ਜਾਣ ਕੇ ਸਿਦਕ ਵਿਚ ਰਹੇ, ਪਰ ਉਹ ਜੋ ਕੱਚੇ ਸਨ, ਡੋਲ ਗਏ ਤੇ ਉਹਨਾਂ ਨੇ ਸਿਖੀ ਨੂੰ ਕੰਡ ਦੇ ਦਿੱਤੀ। ਸਰਕਾਰ ਵਲੋਂ ਸਖਤੀ ਦਾ ਇਹ ਹਾਲ ਸੀ ਕਿ ਜਿੱਥੇ ਵੀ ਕੋਈ ਨਾਮਧਾਰੀ ਸੀ, ਉਸਨੂੰ ਬੇਹਦ ਤੰਗ ਕੀਤਾ ਜਾਂਦਾ ਸੀ।..."

ਮਲੇਰਕੋਟਲੇ ਦੀ ਘਟਨਾ ਦਾ ਜ਼ਿਕਰ ਕਰਦਿਆਂ ਹੋਇਆ ਸ੍ਰੀ ਮਾਤਾ ਜੀ ਨੇ ਦੱਸਿਆ, "ਕੁਕਾਰੇ ਦਾ ਭਾਈ ਹਜ਼ਾਰਾ ਸਿੰਘ ਅਤੇ ਹੰਢਾਏ ਦੀ ਮਾਈ ਮਸਤਾਨੀ ਜਿਸ ਦਾ ਨਾਮ ਇੰਦ ਕੌਰ ਸੀ ਉਹਨਾਂ ਨੇ ਸ਼ਹੀਦੀ ਸਾਕਾ ਆਪਣੀ ਅਖੀ ਵੇਖਿਆ ਸੀ। ਉਹਨਾਂ ਦੀ ਜ਼ਬਾਨੀ ਮਾਲੂਮ ਹੋਇਆ ਹੈ ਕਿ ਜਦੋਂ ਨਾਮਧਾਰੀ ਸ਼ਹੀਦਾਂ ਨੂੰ ਤੋਪਾਂ ਦੇ ਸਨਮੁਖ ਜੁਝਣ ਦਾ ਹੁਕਮ ਹੋਇਆ, ਤਾਂ ਸਭ ਨੂੰ ਸ਼ਹੀਦੀਆਂ ਦਾ ਚਾਅ ਚੜ੍ਹ ਗਿਆ। ਉਹ ਇਕ ਦੂਜੇ ਤੋਂ ਕਾਹਲੇ ਹੋ ਕੇ ਤੋਪਾਂ ਦੇ ਸਾਹਮਣੇ ਆਉਂਦੇ ਸਨ ਤੇ ਕਿਸੇ ਦੇ ਮਨ ਵਿਚ ਰਤੀ ਜਿਨਾਂ ਵੀ ਖੌਫ ਨਹੀਂ ਸੀ। ਸ਼ਹੀਦਾਂ ਨੂੰ ਤੋਪਾਂ ਨਾਲ ਜਕੜਿਆ ਨਹੀਂ ਸੀ ਗਿਆ, ਬਲਕਿ ਉਹ ਤਾਂ ਹੱਸਦੇ ਤੋਪਾਂ ਦੇ ਸਾਹਮਣੇ ਖਲੋ ਜਾਂਦੇ ਸਨ। (ਦੋ) ਮਾਈਆਂ ਜੋ ਸ਼ਹੀਦਾਂ ਦੇ ਨਾਲ ਸਨ, ਉਹਨਾਂ ਨੇ ਵੀ ਸ਼ਹੀਦ ਹੋਣ ਲਈ ਕਿਹਾ ਸੀ, ਪਰ ਗੋਰੇ ਨੇ ਉਹਨਾਂ ਨੂੰ ਛੱਡ ਦਿੱਤਾ। ਤੋਪਾਂ ਚਲਾਉਣ ਵਾਲੇ ਸਿਪਾਹੀ ਰਿਆਸਤ ਪਟਿਆਲਾ ਦੇ ਸਨ।"

ਮਾਤਾ ਜੀ ਦਾ ਕਥਨ ਹੈ- "ਜਿਤਨੇ ਸਿਪਾਹੀਆਂ ਨੇ ਤੋਪਾਂ ਚਲਾਈਆਂ, ਉਹਨਾਂ ਵਿਚੋਂ ਕੁਝ ਐਸੇ ਸਨ, ਜੋ ਮੈਨੂੰ ਪਟਿਆਲੇ ਮਿਲੇ। ਉਹ ਆਪਣੀ ਜ਼ਬਾਨੀ ਕਹਿੰਦੇ ਸਨ ਕਿ ਅਸੀਂ ਉਹ ਪਾਪੀ ਹਾਂ, ਜਿਨ੍ਹਾਂ ਨੇ ਜ਼ਾਲਮ ਪੇਟ ਦੀ ਖਾਤਰ ਨਿਰਦੋਸ਼, ਭਜਨ ਮੂਰਤ, ਮਾਸੂਮ ਅਤੇ ਧਰਮੀ ਸੰਤਾਂ ਨੂੰ ਤੋਪਾਂ ਨਾਲ ਉਡਾਇਆ! ਹਾਇ! ਸਾਡਾ ਕਿਸ ਜੁੱਗ ਭਲਾ ਹੋਵੇਗਾ?"

"ਮਾਘੀ* ਇਹ ਦਾ ਦਿਨ ਸੀ, ਜਦ ਸਤਿਗੁਰੂ ਜੀ ਨੇ ਸੰਗਤਾਂ ਨੂੰ ਅਕਹਿ ਵਿਛੋੜੇ ਦਾ ਕਦੇ ਨਾ ਭਰਨ ਵਾਲਾ ਘਾਉ ਲਾ ਕੇ ਪਰਦੇਸਗਮਨ ਕੀਤਾ। ਸਦਾ ਵਾਂਗ ਆਪ ਇਸ ਸਾਲ ਮਾਘੀ ਤੇ ਸ੍ਰੀ ਮੁਕਤਸਰ ਸਾਹਿਬ ਨਹੀਂ ਗਏ ਸਨ, ਐਉਂ ਜਾਪਦਾ ਹੈ ਕਿ ਅੰਤਰਯਾਮੀ ਨੂੰ ਬੀਤਣ ਵਾਲੀ ਘਟਨਾ ਦਾ ਪਹਿਲਾਂ ਹੀ ਪਤਾ ਸੀ। ਬੇਸ਼ੁਮਾਰ ਸੰਗਤਾਂ ਸ੍ਰੀ ਭੈਣੀ ਸਾਹਿਬ ਜੁੜੀਆਂ ਹੋਈਆਂ ਸਨ। ਪਿਤਾ ਜੀ ਦੇ ਨਾਲ ਮੈਂ ਵੀ ਦਰਸ਼ਨ ਕਰਨ ਆਈ ਹੋਈ ਸਾਂ। ਮਲੇਰਕੋਟਲੇ ਦੀ ਸੱਜਰੀ ਘਟਨਾ ਦਾ ਪਤਾ ਸਾਰਿਆਂ ਨੂੰ ਸੀ ਤੇ ਸਤਿਗੁਰਾਂ ਨੂੰ ਰਾਮਪੁਰ ਮਲੌਦ ਸੱਦ ਕੇ ਹਾਕਮ ਪੁੱਛ ਵੀ ਚੁੱਕੇ ਸਨ ਕਿ ਤੁਸਾਂ ਇਹ ਕੀ ਕਰਵਾਇਆ?"

ਮਾਤਾ ਜੀ ਦੱਸਦੇ ਹਨ- "ਸਤਿਗੁਰਾਂ ਦਾ ਸਰੀਰ ਲੰਮਾ ਤੇ ਖਿੱਚਵਾਂ, ਇਕੋ ਜਿਹਾ ਸਡੌਲ, ਰੰਗ ਬੜਾ ਸਾਫ, ਨੱਕ ਤਿੱਖਾ, ਧੌਣ ਲੰਮੀ, ਬਾਹਾਂ ਗੋਡਿਆਂ ਤੀਕ, ਦੰਦ ਮੋਤੀਆਂ ਨਾਲੋਂ ਵੀ ਸੌ ਹਿੱਸੇ ਸੁੰਦਰ ਅਤੇ ਨੇਤਰ ਏਨੇ ਤੇਜ ਵਾਲੇ ਸਨ ਕਿ ਉਹਨਾਂ ਦੇ ਸਾਹਮਣੇ ਨਜ਼ਰ ਉਚੀ ਨਹੀਂ ਸੀ ਕੀਤੀ ਜਾ ਸਕਦੀ। ਸ੍ਰੀ ਜੀ ਦੇ ਚਿਹਰੇ ਉਪਰ ਮਾਤਾ ਦੇ ਬੇ-ਮਾਲੂਮ ਜਿਹੇ ਦਾਗ ਸਨ ਪਰ ਚਿਹਰੇ ਦਾ ਪ੍ਰਕਾਸ਼ ਲੱਖਾਂ ਚੰਦਾਂ ਵਰਗਾ ਸੀ। ਆਮ ਤੌਰ ਤੇ ਹਜ਼ੂਰ ਦੀ ਪੁਸ਼ਾਕ ਮਲਮਲ ਦਾ ਕੁੜਤਾ, ਜ਼ਰੀਜੜਤ ਅੰਗਰਖਾ, ਤੰਗ ਪਜਾਮਾ ਤੇ ਸਿਧਾ ਦੋਹਰਾ ਦਸਤਾਰਾ ਹੁੰਦਾ ਸੀ, ਪਰ ਜਿਸ ਵੇਲੇ ਆਪ ਨੇ ਪ੍ਰਦੇਸਗਮਨ ਕੀਤਾ ਸਿਵਾਇ ਕਛਹਿਰੇ ਦੇ ਬਾਕੀ ਦੇ ਸਾਰੇ ਬਸਤਰ ਭੂਰੀ ਦੇ ਸਨ।

"ਰਾਤ ਦੇ ਹਨੇਰੇ ਵਿਚ, ਸਾਹਨੇਵਾਲ ਦਾ ਥਾਨੇਦਾਰ ਸਿਪਾਹੀਆਂ ਦੀ ਧਾੜ ਲੈ ਕੇ ਆ ਪਹੁੰਚਾ। ਉਸ ਨੇ ਕਿਹਾ ਕਿ ਸਤਿਗੁਰਾਂ ਨੂੰ ਸਾਹਿਬ ਨੇ ਲੁਧਿਆਣੇ ਦਰਸ਼ਨ ਦੇਣ ਲਈ ਅਰਜ਼ ਕੀਤੀ ਏ। ਸ੍ਰੀ ਜੀ ਜੋ ਏਸ ਸਾਰੀ ਗੱਲਬਾਤ ਨੂੰ ਚੰਗੀ ਤਰ੍ਹਾਂ ਜਾਣਦੇ ਸਨ, ਉਸੇ ਵੇਲੇ ਹੀ ਤਿਆਰ ਹੋ ਗਏ। ਬਾਬਾ ਜਵਾਹਰ ਸਿੰਘ ਜੀ, ਬਾਬਾ ਸਾਹਿਬ ਸਿੰਘ ਜੀ, ਬਾਬਾ ਕਾਨ੍ਹ ਸਿੰਘ ਜੀ ਨਿਹੰਗ (ਇਹ ਇਸ ਸਮੇਂ ਨਾਲ ਨਹੀਂ ਸਨ। ਬਾਅਦ ਵਿਚ ਭੇਜੇ ਗਏ) ਅਤੇ ਭਾਈ ਨਾਨੂੰ ਸਿੰਘ ਜੀ ਨੂੰ ਨਾਲ ਚੱਲਣ ਦਾ ਹੁਕਮ ਕੀਤਾ ਅਰ ਚੀਨੀ ਵਾਲਾ ਸੋਹਣਾ ਪਾਤਸ਼ਾਹ, ਸ੍ਰੀ ਗੁਰੂ ਹਰੀ ਸਿੰਘ ਜੀ ਨੂੰ ਸਾਰੀ ਸੌਂਪਣਾ ਕਰਕੇ ਤੁਰ ਪਿਆ ਦੇਸੋਂ ਪਰਦੇਸ ਵੱਲ।"

"ਉਂਝ ਤਾਂ ਸਾਰੀਆਂ ਸੰਗਤਾਂ ਲਈ ਹੀ ਇਹ ਮਹਾਂ ਦੁਖਦਾਈ

* ੫ ਮਾਘ, ੧੯੨੯ ਬਿਕਰਮੀ


NamdhariElibrary NamdhariElibrary@gmail.com

ਵਿਛੋੜਾ ਅਸਹਿ ਸੱਲ ਸੀ, ਪਰ ਇਸ ਸਮੇਂ ਸ੍ਰੀ ਜੀ ਦੇ ਪੂਜਯ ਪਿਤਾ ਅਤੇ ਸ੍ਰੀ ਗੁਰੂ ਹਰੀ ਸਿੰਘ ਜੀ, ਜੋ ਉਦੋਂ ਭਾਈ ਬੁੱਧ ਸਿੰਘ ਜੀ ਸਨ– ਤਾਂ ਐਉਂ ਬਿਹਬਲ ਹੋਏ ਤੜਫ ਰਹੇ ਸਨ, ਜਿਵੇਂ 'ਜਲ ਬਿਹੂਨ' ਮਛਲੀ ਤੜਫਦੀ ਹੈ...

"ਹਾਂ ਕਾਕਾ! ਐਉ ਤਸੱਲੀਆਂ ਦਿੰਦੇ ਦੀਨ ਦਿਆਲ ਗੱਡੇ ਤੇ ਸਵਾਰ ਹੋ ਗਏ। ਆਪਣੇ ਚਾਰ ਸਾਥੀ ਆਪਣੇ ਨਾਲ ਬਿਠਾ ਲਏ ਅਤੇ ਵਿਰਲਾਪ ਕਰਦੀਆਂ ਤੇ ਧਾਹਾਂ ਮਾਰਦੀਆਂ ਸੰਗਤਾਂ ਨੂੰ ਤਸੱਲੀਆਂ ਦਿੰਦੇ ਹੋਏ ਲੁਧਿਆਣੇ ਵਲ ਤੁਰ ਪਏ। ਭਾਈ ਦਾਨ ਸਿੰਘ ਜੀ ਜੋ ਗੱਡੇ ਨਾਲ (ਪਿੰਡ ਦੀ ਹੱਦ ਤਕ) ਗਏ ਸਨ, ਉਹਨਾਂ ਨੂੰ ਕਹਿਣ ਲੱਗ- "ਸਾਰੀ ਸੰਗਤ ਨੂੰ ਸੁਣਾ ਦੇਣਾ ਕਿ ਡਰਨ ਨਹੀਂ, ਘਬਰਾਣ ਨਹੀਂ, ਅਸਾਂ ਛੇਤੀ ਹੀ ਆ ਜਾਣਾ ਏਂ, ਮਾਈ ਭਾਈ ਭਜਨ ਤਕੜੇ ਹੋ ਕੇ ਕਰਨ ਤੇ ਯਕੀਨ ਰੱਖਣ ਕਿ ਜਦ ਤੀਕ ਧਰਤੀ ਤੇ ਧਰਮ ਨਹੀਂ ਤੁਰਦਾ ਇਹ ਦੇਹ ਅਲੋਪ ਨਹੀਂ ਹੋ ਸੱਕਦੀ। ਕੱਲ੍ਹ ਸਵੇਰੇ ੧੧ ਰੁਪਏ ਦਾ ਕੜਾਹ ਪ੍ਰਸ਼ਾਦ ਕਰਕੇ ਸਾਝਰੇ ਹੀ ਦੇ ਦੇਣਾ।"

"ਮਹੰਤ ਗੁਰਦਿਤ ਸਿੰਘ ਜੀ ਗਾਡੀ ਬਣ ਕੇ ਲੁਧਿਆਣੇ ਤੀਕ ਸਤਿਗੁਰਾਂ ਦੇ ਨਾਲ ਗਏ ਸਨ। ਉਹ ਦੱਸਦੇ ਸਨ ਕਿ ਸ੍ਰੀ ਜੀ ਦਾ ਉਤਾਰਾ ਲੁਧਿਆਣੇ ਦੇ ਡਾਕ ਬੰਗਲੇ ਵਿਚ ਕੀਤਾ ਗਿਆ। ਜਦ ਸਤਿਗੁਰੂ ਜੀ ਉਥੇ ਪੁੱਜ ਗਏ ਤਾਂ ਹੁਕਮ ਹੋਇਆ ਕਿ ਗੱਡਾ ਵਾਪਸ ਲੈ ਜਾਉ। ਮੈਂ ਵੈਰਾਗੀ ਹੋ ਗਿਆ ਅਤੇ ਅਰਜ਼ ਕੀਤੀ– ਮੈਨੂੰ ਵੀ ਸਤਿਗੁਰਾਂ ਦੇ ਨਾਲ ਹੀ ਲੈ ਚੱਲੋ। ਮੇਰੇ ਪਾਸੋਂ ਪਿਛਾਂਹ ਨਹੀਂ ਜਾਇਆ ਜਾਂਦਾ ਕਿਉਂਕਿ ਜੇ ਮੈਂ ਵਾਪਸ ਭੈਣੀ ਸਾਹਿਬ ਗਿਆ ਤੇ ਸੰਗਤਾਂ ਨੇ ਪੁੱਛਿਆ ਕਿ ਜਿਹਨਾਂ ਨੂੰ ਗੱਡੇ ਤੇ ਚੜ੍ਹਾ ਕੇ ਲੈ ਗਿਆ ਸੈਂ, ਉਹ ਕਿੱਥੇ ਨੇ, ਤਾਂ ਮੈਂ ਕੀ ਉਤਰ ਦਿਆਂਗਾ?"

"ਹਾਕਮ ਨੇ ਕਿਹਾ, 'ਉਹਨਾਂ ਨੂੰ ਬਿਸਤਰਾ ਚਾਹੀਦਾ ਏ, ਜਾ ਕੇ ਲੈ ਆ'।"

"ਮੈਂ ਫੇਰ ਵੀ ਵਾਪਸ ਆਉਣ ਲਈ ਤਿਆਰ ਨਹੀਂ ਸਾਂ, ਪਰ ਅਖੀਰ ਮੈਨੂੰ ਟਾਲ ਕੇ ਕੱਢ ਹੀ ਦਿੱਤਾ ਗਿਆ ਤੇ ਵੈਰਾਗੀ ਹੋਇਆ ਪਰਤ ਆਇਆ। ਮੇਰੇ ਨਾਲ ਇਕ ਪੁਲਸੀਆ ਮੁਖਬਰ ਭੇਜਿਆ ਗਿਆ, ਜੋ ਮੈਨੂੰ ਜਮਾਲਪੁਰ ਤੀਕ ਛੱਡ ਗਿਆ। ਉਹ ਸਿੰਘ ਜੋ ਸਾਡੇ ਮਗਰੋਂ ਸ੍ਰੀ ਭੈਣੀ ਸਾਹਿਬ ਗ੍ਰਿਫਤਾਰ ਕੀਤੇ ਗਏ ਸਨ, ਮੈਨੂੰ ਰਾਹ ਵਿਚ ਹੀ ਮਿਲੇ। ਉਹਨਾਂ ਸਿੰਘਾਂ ਵਿਚੋਂ ਕਈਆਂ ਨੂੰ ਕੈਦ ਦੀ ਸਜ਼ਾ ਦਿੱਤੀ ਗਈ ਤੇ ਕਈਆਂ ਨੂੰ ਜ਼ਮਾਨਤਾਂ ਤੇ ਰਿਹਾ ਕਰ ਦਿੱਤਾ ਗਿਆ।"3

ਸਰਕਾਰੀ ਰੀਕਾਰਡ ਵਿਚ, ੧੮੮੧ ਈ ਦੀ ਜ਼ੇਰ ਨਿਗਰਾਨੀ ਰੱਖਣ ਵਾਲੀ ਸੂਚੀ ਵਿਚ ਭਾਈ ਗੁਰਦਿਤ ਸਿੰਘ ਬਾਰੇ ਇਹ ਵੇਰਵਾ ਮਿਲਦਾ ਹੈ-ਜ਼ਿਲ੍ਹਾ ਲੁਧਿਆਣਾ ਦਾ ਸੀਰੀਅਲ ਨੰਬਰ ੩੯, ਗੁਰਦਿੱਤ ਸਿੰਘ ਮਹੰਤ, ਪਿਤਾ ਮੱਸਾ ਸਿੰਘ, ਧੰਦਾ ਕੋਈ ਨਹੀਂ, ਨਿਵਾਸੀ ਭੈਣੀ, (ਸਾਹਿਬ) ਥਾਣਾ ਸਾਹਨੇਵਾਲ, ਸ਼ਨਾਖਤੀ ਚਿੰਨ੍ਹ ਸਾਫ ਰੰਗ, ਲੰਮਾ ਦਾਹੜਾ ਕਦ ਲੰਮਾ ਔਸਤ ਸਰੀਰ ਉਮਰ ੩੦ ਸਾਲ ਦੇ ਲਗਭਗ। ਸੁਭਾਉ ਵਾਲੇ ਖਾਨੇ ਵਿਚ ਦਰਜ ਹੈ-ਇਹ ਬੰਦਾ ਪਹਿਲਾਂ ਪਿੰਡ ਮੋਰੋਂ, ਥਾਣਾ ਫਿਲੌਰ ਜ਼ਿਲ੍ਹਾ ਜਲੰਧਰ ਦਾ ਨਿਵਾਸੀ ਸੀ। ਪ੍ਰੰਤੂ ਹੁਣ ਉਹ ਲੁਧਿਆਣਾ ਲਿਸਟ ਦੀ ਸੂਚੀ ਨੰ. ੩੮ ਵਾਲੇ ਬਾਬਾ ਬੁੱਧ ਸਿੰਘ (ਗੁਰੂ ਹਰੀ ਸਿੰਘ) ਪਾਸ ਭੈਣੀ (ਸਾਹਿਬ) ਵਿਖੇ ਹੀ ਰਹਿੰਦਾ ਹੈ ਅਤੇ ਫਿਰਕੇ ਦੇ ਲੋਕ ਉਸਨੂੰ ਉੱਚੀਆਂ ਨਿਗਾਹਾਂ ਨਾਲ ਵੇਖਦੇ ਹਨ। ਉਹ ਭੈੜੇ ਸੁਭਾਅ ਵਾਲਾ ਵਿਅਕਤੀ ਹੈ ਅਤੇ ਭੈੜੀਆਂ ਸਲਾਹਵਾਂ ਦੇਣ ਵਿਚ ਭਰਪੂਰ ਹੈ।"4

ਹਰ ਸਰਗਰਮ ਨਾਮਧਾਰੀ ਨੂੰ, ਅੰਗਰੇਜ਼ ਸਰਕਾਰ ਦੀਆਂ ਰੀਪੋਰਟਾਂ ਵਿਚ ਇਹੋ ਜਿਹੇ ਆਭੂਖਣਾਂ ਨਾਲ ਹੀ ਅਲੰਕਰਿਤ ਕੀਤਾ ਜਾਂਦਾ ਸੀ। ਭਾਈ ਗੁਰਦਿਤ ਸਿੰਘ ਪਿੰਡ ਮੋਰੋਂ ਦੇ ਵੀ ਮੂਲ ਨਿਵਾਸੀ ਨਹੀਂ ਸਨ। ਉਹ ਟਾਂਕ ਛੱਤਰੀ, ਛੀਂਬੇ ਸਿੰਘ ਸਨ ਅਤੇ ਕਿਸੇ ਹੋਰ ਦੁਆਬੇ ਦੇ ਪਿੰਡ ਵਿਚੋਂ, ਉਹ ਜਾਂ ਉਹਨਾਂ ਦੇ ਪੁਰਖੇ ਮੋਰੋਂ ਆ ਕੇ ਵੱਸ ਗਏ ਸਨ।5 ਜੇ ਉਹਨਾਂ ਦਾ ਜਨਮ ਸੰਨ ਸਰਕਾਰੀ ਰੀਕਾਰਡ ਮੁਤਾਬਿਕ ੧੮੫੦ ਈ. ਦੇ ਲਾਗੇ ਚਾਗੇ ਮੰਨਿਆ ਜਾਏ ਤਾਂ ਭੈਣੀ ਸਾਹਿਬ ਉਹਨਾਂ ਦਾ ਆਉਣਾ, ਅਨੰਦਪੁਰ ਸਾਹਿਬ ਦੇ ਪਹਿਲੇ ਹੋਲੇ ਸਮੇਂ, ਸਤਿਗੁਰੂ ਜੀ ਦੀ ਸੇਅ ਚਾਰ ਚੁਫੇਰੇ ਖਿੰਡਣ ਸਦਕਾ ੧੮੬੭ ਈ. ਵਿਚ ਹੀ ਬਣਦਾ ਹੈ। ਇੱਥੇ ਆਪ ਨੂੰ ਸੇਵਾ ਕਰਦਿਆਂ ਵੇਖ ਕੇ ਅਤੇ ਆਪਦੀ ਕੁਸ਼ਾਗਰ ਬੁੱਧੀ ਅਤੇ ਹਿੰਮਤੀ ਸਰੀਰ ਦੀ ਪਰਖ ਕਰਕੇ, ਸਤਿਗੁਰੂ ਜੀ ਨੇ ਆਪ ਦੇ ਜ਼ਿੰਮੇ ਆਪਣੀ ਖੇਤੀਬਾੜੀ ਦਾ ਕੰਮ ਲਾ ਦਿੱਤਾ ਸੀ ਅਤੇ ਡੇਰੇ ਦੇ ਸਾਰੇ ਗੱਡੇ ਵੀ ਆਪ ਦੇ ਪ੍ਰਬੰਧ ਵਿਚ ਸਨ। ਇਸਦਾ ਸਬੂਤ ਆਪ ਨਾਲ ਸਬੰਧਿਤ ਇਕ ਹੋਰ ਵਾਕਿਆਤ ਵਿਚ ਮਿਲਦਾ ਹੈ।

ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਸਮੇਂ ਆਪ ਦੇ ਛੋਟੇ ਭਾਈ ਸ੍ਰੀ ਬੁੱਧ ਸਿੰਘ ਜੀ ਖੇਤੀਬਾੜੀ ਕਰਕੇ ਗੁਜ਼ਰ ਬਸਰ ਕਰਦੇ ਸਨ ਤਾਂ ਇਕ ਦਿਨ ਆਪ ਨੂੰ ਵਾਹੀ ਜੋਤੀ ਦੇ ਕੰਮ ਲਈ ਲਾਸਾਂ ਦੀ ਲੋੜ ਪਈ। ਲਾਸਾਂ ਡੇਰਾ ਭੈਣੀ ਸਾਹਿਬ ਵਿਚ ਹੀ ਸਨ। ਲਿਆ ਕੇ ਆਪਣਾ ਕੰਮ ਸ਼ੁਰੂ ਕੀਤਾ ਕਿ ਪਿਛੋਂ ਡੇਰੇ ਵਾਲਿਆਂ ਨੂੰ ਉਹਨਾਂ ਦੀ ਲੋੜ ਪੈ ਗਈ। ਭਾਈ ਗੁਰਦਿਤ ਸਿੰਘ ਜੀ ਜੋ ਗੱਡਿਆਂ ਅਤੇ ਖੇਤੀ ਦੇ ਜ਼ਿੰਮੇਵਾਰ ਸਨ ਉਹਨਾਂ ਗੁਰੂ ਭਾਈ ਜਾਣ ਕੇ ਆਪ ਦਾ ਲਿਹਾਜ਼ ਨਹੀਂ ਕੀਤਾ ਸਗੋਂ ਡੇਰੇ ਦੀ ਜ਼ਰੂਰਤ ਨੂੰ ਮੁੱਖ ਰੱਖਦਿਆਂ


Namdhari Elibrary NamdhariElibrary@gmail.com

ਆਪ ਦਾ ਕੰਮ ਅਧੂਰਾ ਛੁਡਾ ਕੇ ਲਾਸਾਂ ਵਾਪਸ ਲਿਜਾ ਕੇ ਡੇਰੇ ਦਾ ਕੰਮ ਕਰਵਾਇਆ। ਇਸ ਤੱਥ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰਦਿਤ ਸਿੰਘ ਹੋਰਾਂ ਦੀ ਸਤਿਗੁਰੂ ਜੀ ਦੇ ਡੇਰੇ ਪ੍ਰਤੀ ਸਮਰਪਣ ਭਾਵਨਾ ਕਿਤਨੀ ਪਰਬਲ ਸੀ। ਇਹ ਗੁਰੂ ਹਰੀ ਸਿੰਘ ਜੀ ਦਾ ਵਡੱਪਣ ਸੀ ਕਿ ਸਤਿਗੁਰੂ ਜੀ ਤੋਂ ਬਾਅਦ ਜਦੋਂ ਆਪ ਨੇ ਪੰਥ ਦੀ ਵਾਗਡੋਰ ਸੰਭਾਲੀ ਤਾਂ ਇਸੇ ਭਾਈ ਗੁਰਦਿਤ ਸਿੰਘ ਨੂੰ ਮਹੰਤੀ ਬਖਸ਼ ਦਿੱਤੀ ਅਤੇ ਡੇਰੇ ਦੀ ਪਰਬੰਧਕੀ ਟੀਮ ਵਿਚ ਸ਼ਾਮਲ ਕਰ ਲਿਆ। ਮਹੰਤ ਗੁਰਦਿਤ ਸਿੰਘ ਜੀ, ਸਤਿਗੁਰੂ ਜੀ ਦੀ ਹਜ਼ੂਰੀ ਵਿਚ ਗੱਦੀ ਸਾਹਿਬ ਵਾਲੇ ਚੁਬਾਰੇ ਵਿਚ ਜਦੋਂ ਆਸਾ ਦੀ ਵਾਰ ਲੱਗਦੀ ਸੀ ਤਾਂ ਤੰਬੂਰਾ ਵੀ ਵਜਾਉਂਦੇ ਅਤੇ ਸ਼ਬਦ ਵੀ ਗਾਉਂਦੇ ਸਨ।6

ਗੁਰੂ ਹਰੀ ਸਿੰਘ ਜੀ ਦੇ ਸਮੇਂ ਮਹੰਤ ਜੀ ਡੇਰੇ ਦੇ ਪਸ਼ੂਆਂ ਅਤੇ ਖੇਤੀ ਨਾਲ ਸਬੰਧਿਤ ਸਮੂਹ ਕਾਰਜਾਂ ਜਿਹਾ ਕਿ ਮਾਲ ਪਸ਼ੂਆਂ ਅਤੇ ਵਸਤਾਂ ਦੀ ਖਰੀਦ ਫਰੋਖਤ ਵੱਲ ਵੀ ਧਿਆਨ ਰੱਖਦੇ ਸਨ। ਡੇਰੇ ਲਈ ਲੋੜੀਂਦੀਆਂ ਵਸਤਾਂ ਖਰੀਦ ਕੇ ਗੱਡਿਆਂ ਤੇ ਲਦਵਾ ਕੇ ਲਿਆਉਣ ਦੀ ਜ਼ਿੰਮੇਵਾਰੀ ਵੀ ਨਿਬਾਹੁੰਦੇ ਸਨ ਅਤੇ ਜਦੋਂ ਕੁਝ ਕੁ ਦਿਨਾਂ ਲਈ ਗੁਰੂ ਹਰੀ ਸਿੰਘ ਜੀ ਨੂੰ ਜ਼ਰੂਰੀ ਕਾਰਜਾਂ ਲਈ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਜਾਣ ਦੀ ਛੁੱਟੀ ਅੰਗਰੇਜ਼ ਸਰਕਾਰ ਦਿੰਦੀ ਤਾਂ ਆਪ ਵੀ ਨਾਲ ਜਾਇਆ ਕਰਦੇ ਸਨ, ਦੌਰੇ ਦੀ ਪ੍ਰਬੰਧ ਵਿਵਸਥਾ ਨੂੰ ਸੁਚਾਰੂ ਰੂਪ ਦੇਣ ਵਾਸਤੇ। ਜਦੋਂ ਪਰਦੇਸੀ ਪ੍ਰੀਤਮ ਜੀ ਨੇ ਬਾਬਾ ਦਰਬਾਰਾ ਸਿੰਘ ਜੀ ਹੱਥ, ਗੁਰੂ ਹਰੀ ਸਿੰਘ ਅਤੇ ਸੰਗਤ ਦੇ ਨਾਮ, ਉਹਨਾਂ ਦੇ ਨਮਿੱਤ ਵੱਧ ਤੋਂ ਵੱਧ ਗੁਰਬਾਣੀ ਦੇ ਪਾਠ ਕਰਨ ਦਾ ਹੁਕਮ ਭੇਜਿਆ ਤਾਂ ਡੇਰੇ ਵਿਚ ਰਹਿ ਕੇ ਗੁਪਤ ਤੌਰ ਤੇ ਅਖੰਡ ਪਾਠ ਕਰਨ ਵਾਲੀ ਟੀਮ ਵਿਚ, ਭਾਈ ਗੁਰਦਿਤ ਸਿੰਘ ਵੀ ਸ਼ਾਮਲ ਸੀ ਜਿਸਨੇ ਗੁਰੂ ਬਚਨਾਂ ਮੁਤਾਬਿਕ ਸਭ ਤੋਂ ਪਹਿਲਾਂ ਪੰਜ ਅਖੰਡ ਪਾਠ ਕੀਤੇ ਸਨ। ਇਹ ਪਾਠ ਕਿਹਨਾ ਮੁਸ਼ਕਿਲ ਹਾਲਾਤ ਵਿਚ ਹੋਏ ਤੇ ਕਿਵੇਂ ਲੁਧਿਆਣਾ ਦਾ ਪੁਲੀਸ ਕਪਤਾਨ ਬਾਰਬਰਟਨ ਛਾਪਾਮਾਰੀ ਕਰਦਾ ਰਿਹਾ ਇਹ ਸਾਡੇ ਸਮਕਾਲੀ ਇਤਿਹਾਸ ਵਿਚ ਦਰਜ ਹੈ। "ਇਕ ਦਿਨ ਗੁਰੂ ਹਰੀ ਸਿੰਘ ਜੀ ਕੋ ਅਵਾਜਾ ਹੋਇਆ ਕਿ ਸਾਡੇ ਨਮਿਤ ਪੰਜ ਅਖੰਡ ਭੋਗ ਪਾਓ। ਗੁਰਦਿਤ ਸਿੰਘ ਮਹੰਤ ਤੇ ਰਾਘੋ ਸਿੰਘ ਲਾਂਗਰੀ ਤੇ ਨਰਾਇਣ ਸਿੰਘ ਸਿਆੜੀਆਂ ਪਾਂਚ ਅਖੰਡ ਪਾਠਾਂ ਕਾ ਸੰਕਲਪ ਕਰਕੇ ਪਾਠ ਅਖੰਡ ਧਰੇ। ਏਕ ਸਰੀਰ ਧੂਪ ਪੌਦਾ ਰਿਹਾ ਤੇ ਇਕ ਘਿਓ ਕਾ ਦੀਵਾ ਜਗਦਾ ਰਿਹਾ। ਧੂਪੀਆ ਮਾਲਾ ਫੇਰੇ ਨਾਲੇ ਧੂਪ ਕੀ ਖ਼ਬਰ ਰਖੇ, ਕੁੰਭ ਬੀ ਰੱਖਾ! ਰਾਤ ਕੋ ਆਗੇ ਦੀਵਾ ਘਿਓ ਕਾ ਧਰਨਾ। ਦਿਨ ਕੋ ਸਤਿਗੁਰਾਂ ਕੇ ਦੋਹਤਿਆ ਬਸੰਤ ਸਿੰਘ ਹੋਰਾਂ ਮਦਦ ਦੇਣੀ, ਰਾਤ ਏਹਨਾਂ ਕੱਟਣੀ। ਤੀਏ ਪਾਠ ਮੇਂ ਮੁਕਬਲਾਂ ਨੇ ਬਟਨ ਕੋ ਚਾੜ੍ਹ ਆਂਦਾ। ਤੁਕ ਪਾਠ ਕੀ ਉਪਰ ਚੌਬਾਰੇ ਕੇ ਪੜਦੇ ਰਹੇ। (ਇਹ ਪਾਠ ਲੰਗਰ ਵਿਚ ਇਕ ਭੋਰਾ ਸੀ ਉਸ ਵਿਚ ਹੁੰਦੇ ਸਨ ਜਿਸ ਦੇ ਮੂੰਹ ਤੇ ਜਾਂ ਤਵੀ ਦੇ ਦਿੰਦੇ ਜਾਂ ਚਰ੍ਹੀ ਆਦਿ ਦੇ ਪੂਲੇ ਰੱਖ ਛੱਡਦੇ।) ਦੀਵੇ ਹਮਨ ਬੁਝਾਇ ਦੀਆ, ਦਰਬਾਰ ਕੇ ਉਪਰ ਰੁਮਾਲ ਪਾਇ ਦੀਆ। ਬਟਨ ਸਾਰੇ ਫਿਰਕੇ ਦੇਖ ਕੇ ਲੰਗਰ ਮੇਂ ਭੀ ਚਲਾ ਗਿਆ ਕੇ ਪਾਠ ਤਾਂ ਕੋਈ ਨਹੀਂ ਕਰਦਾ। ਸ਼ਰਮਿੰਦਾ ਹੋਇਕੇ ਚਲਾ ਗਿਆ। ਫੇਰ ਉਸੀ ਬਖਤ ਉਹੀ ਤੁਕ ਲੈ ਕੇ ਪਾਠ ਪੂਰੇ ਕੀਤੇ। ਪਾਂਚ ਭੋਗ ਪਾਏ ਇਸੀ ਤਰਾਂ। ਉਸ ਸਮੇਂ ਖੇਦ ਸੀ ਸ੍ਰੀ ਸਤਿਗੁਰੂ (ਰਾਮ ਸਿੰਘ) ਜੀ ਕੋ, ਭੋਗ ਪਾਨੇ ਸੇ ਫੇਰ ਸੁਖ ਹੋਇਆ। ਜਾਂ ਪਾਂਚ ਭੋਗ ਪੈ ਗਏ ਸੁਨ ਸੁਨ ਕੇ ਸਿੰਘ ਸਤਿਗੁਰਾਂ ਨਮਿਤ ਭੋਗ ਪਾਉਣ ਲੱਗੇ।"7

ਇਉਂ ਨਾਮਧਾਰੀ ਸਿੰਘਾਂ ਦੁਆਰਾ ਅਖੰਡ ਪਾਠਾਂ ਅਤੇ ਸਾਧਾਰਨ ਪਾਠਾਂ ਦਾ ਜੋ ਪਰਵਾਹ ਲਗਭਗ ਡੇਢ ਸਦੀ ਤੋਂ ਚੱਲ ਰਿਹਾ ਹੈ, ਉਸਦੇ ਮੋਢੀਆਂ ਵਿਚ ਸ਼ਾਮਲ ਹੋਣ ਦਾ ਮਾਨ ਵੀ ਗੁਰਦਿਤ ਸਿੰਘ ਹੋਰਾਂ ਨੂੰ ਪ੍ਰਾਪਤ ਹੈ।

ਗੁਰੂ ਹਰੀ ਸਿੰਘ ਜੀ ਦੇ ਸਮੇਂ ਵੱਡੀਆਂ ਜ਼ਿੰਮੇਵਾਰੀਆਂ ਵਾਲੇ ਕਾਰਜ ਵੀ ਮਹੰਤ ਜੀ ਭੁਗਤਾਇਆ ਕਰਦੇ ਸਨ। ਸਤਿਗੁਰੂ ਰਾਮ ਸਿੰਘ ਤੇ ਗੁਰੂ ਹਰੀ ਸਿੰਘ ਜੀ ਦੇ ਤਾਏ ਨੱਥੇ ਦੇ ਪੁੱਤਰ, ਦਰਬਾਰਾ ਸਿੰਘ ਦੇ ਲੜਕੇ ਨਰਾਇਣ ਸਿੰਘ ਨਾਲ, ਸਤਿਗੁਰੂ-ਮਹਿਲ ਮਾਤਾ ਜੱਸਾਂ ਦੀ ਭਤੀਜੀ ਪਿੰਡ ਧਰੌੜ (ਲੁਧਿਆਣਾ) ਤੋਂ ਮੰਗੀ ਹੋਈ ਸੀ। ਜਦੋਂ ਨਾਮਧਾਰੀ ਸਿੰਘਾਂ ਤੇ ਸਖਤੀਆਂ ਹੋਈਆਂ ਤਾਂ ਉਹ ਰਿਸ਼ਤਾ ਲੁਧਿਆਣਾ ਦੇ ਕਿਸੇ ਰੂਪਾ ਨਾਂ ਦੇ ਵਿਅਕਤੀ ਨੇ ਆਪਣੇ ਭਤੀਜੇ ਵਲ ਲੈ ਆਂਦਾ। ਭੈਣੀ ਮਰਾਝ (ਲੁਧਿਆਣਾ) ਦੀ ਬਿਸ਼ਨ ਕੌਰ ਰੂਪੇ ਦੇ ਪੁੱਤਰ ਨੂੰ ਮੰਗੀ ਹੋਈ ਸੀ। ਪਰ ਮੁੰਡੇ ਨੇ ਸਿਰ ਮੁੰਨਾ ਦਿੱਤਾ ਸੀ। ਸੋ ਗੁਰੂ ਹਰੀ ਸਿੰਘ ਦੇ ਕਹਿਣ ਤੇ ਲੜਕੀ ਦੇ ਪਿਤਾ ਰਣ ਸਿੰਘ ਨੇ ਇਨਕਾਰ ਰਿਸ਼ਤੇ ਤੋਂ ਕਰ ਦਿੱਤੀ ਅਤੇ ਗੁਰੂ ਜੀ ਦੇ ਕਹਿਣ ਤੇ ਇਸ ਸਾਕ ਦੀ ਹਾਂ ਬੀਬੀ ਨੰਦਾ ਦੇ ਪੁੱਤਰ ਬਸੰਤ ਸਿੰਘ ਨੂੰ ਕਰ ਦਿੱਤੀ। ਦਮਦਮਾ ਸਾਹਿਬ ਦੀ, ੧੯੭੯ ਈ. ਦੀ ਵੈਸਾਖੀ ਨੂੰ ਗੁਰੂ ਹਰੀ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਵਿਚ ਆਏ ਬਚਨ "ਦਮਦਮੇ ਭੋਗ ਸਾਡੇ ਨਮਿੱਤ ਪਾਵਨੇ" ਨੂੰ ਪੂਰਾ ਕਰਨ ਲਈ ਉਥਿ ਪੰਜ ਅਖੰਡ ਪਾਠਾਂ ਦੇ ਭੋਗ ਪਾ ਕੇ ਆਏ। ਵਾਪਸੀ ਤੇ ਭੈਣੀ ਮਰਾਝ ਪੜਾਉ ਕੀਤਾ।" "ਉਸੀ ਬਖਤ ਗੁਰਦਿਤ ਸਿੰਘ ਮਹੰਤ ਨੂੰ ਭੇਜ ਕੇ ਬਸੰਤ ਸਿੰਘ, ਦੋਹਤਾ ਸਤਿਗੁਰੂ ਜੀ ਕਾ, ਤਿਸਕੋ ਸਦਵਾਇਕੇ ਅਨੰਦ ਪੜ੍ਹਾਇ ਦੀਆ।"8


NamdhariElibrary NamdhariElibrary@gmail.com

ਨਾਮਧਾਰੀ ਦਰਬਾਰ ਵਲੋਂ ਪ੍ਰਕਾਸ਼ਿਤ ਹੁਕਮਨਾਮਿਆਂ ਵਿਚੋਂ, ਹੁਕਮਨਾਮਾ ਨੰ. ੧੫ ਅਤੇ ੧੭ ਵਿਚ, ਜਿੱਥੇ ਸ੍ਰੀ ਸਤਿਗੁਰੂ ਜੀ ਭੈਣੀ ਸਾਹਿਬ ਦੇ ਡੇਰੇ ਵਿਚ ਰਹਿਣ ਵਾਲੇ ਮਾਈਆਂ ਭਾਈਆਂ ਨੂੰ ਉਹਨਾਂ ਦਾ ਨਾਮ ਲਿਖ ਕੇ ਯਾਦ ਕਰਦੇ ਹਨ ਉਹਨਾਂ ਵਿਚ ਗੁਰਦਿਤ ਸਿੰਘ ਹੋਰੀਂ ਵੀ ਸ਼ਾਮਲ ਹਨ।

ਪੁਲੀਸ ਕਪਤਾਨ ਲੁਧਿਆਣਾ ਜੇ.ਪੀ. ਵਾਰਬਰਟਨ ਦੀ, ਪੰਜਾਬ ਸਰਕਾਰ ਨੂੰ ੨੦ ਮਾਰਚ ੧੮੮੧ ਨੂੰ ਭੇਜੀ ਰੀਪੋਰਟ ਵਿਚ, ੧੫੦ ਕੂਕਿਆਂ ਦਾ ਮਾਈ ਅਤਰੀ ਮਾਈਸਰ ਖਾਨੇ ਵਾਲੀ, ਪੁੱਤਰੀ ਹਰਨਾਮ ਸਿੰਘ ਉਰਫ ਰਾਮ ਸਿੰਘ ਦੀ ਅਗੁਆਈ ਹੇਠ, ਲਾਟੋਂ ਦੀ ਢੱਕੀ ਵਿਚ, ਜਿਸ ਗੁਪਤ ਮੀਟਿੰਗ ਦੀ ਇਤਲਾਹ ਦਿੱਤੀ ਗਈ ਸੀ, ਉਸ ਦੇ ਆਯੋਜਕਾਂ ਵਿਚ ਡੇਰਾ ਭੈਣੀ ਸਾਹਿਬ ਦੇ ਹੋਰ ਮੁਖੀ ਪਰਬੰਧਕਾਂ ਦੇ ਨਾਲ ਹੀ ਗੁਰਦਿਤ ਸਿੰਘ ਮਹੰਤ ਵੀ ਸ਼ਾਮਲ ਸਨ ਜਿਹਨਾਂ ਨੂੰ ਕੋਈ ਨਵੀਂ ਛੇੜ ਛੇੜਨ ਦਾ ਦੋਸ਼ੀ ਪਾਇਆ ਗਿਆ ਸੀ। ਮਾਈ ਅਤਰੀ ਅਤੇ ਕੁਝ ਜ਼ਿੰਮੇਵਾਰ ਸੂਬਿਆਂ ਸਣੇ ਮਾਲਵੇ ਦੇ ੩੮ ਉੱਘੇ ਕੂਕੇ, ਇਸ ਸਮੇਂ ਗ੍ਰਿਫਤਾਰ ਕੀਤੇ ਗਏ ਸਨ। ਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ (ਬਾਬਾ ਬੁੱਧ ਸਿੰਘ) ਹੋਰਾਂ ਦੇ ਡੇਰੇ ਭੈਣੀ ਸਾਹਿਬ ਤੋਂ ਇਤਨੀ ਨਜ਼ਦੀਕੀ ਮਸਾਂ ਇਕ ਡੇਢ ਕਿਲੋਮੀਟਰ ਤੇ, ਇਸ ਮੀਟਿੰਗ ਹੋਣ ਦਾ ਸਰਕਾਰ ਨੇ ਗੰਭੀਰ ਨੋਟਿਸ ਲਿਆ। ਮਾਈ ਅਤਰੀ ਪਾਸੋਂ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਆਏ ਹੁਕਮਨਾਮੇ ਬਰਾਮਦ ਹੋਣ ਤੇ, ਭਾਰਤ ਸਰਕਾਰ ਨੇ ਮਰਗੋਈ ਵਿਖੇ ਉਹਨਾਂ ਦੇ ਨਿਵਾਸ ਤੇ ਪਹਿਰਾ ਅਤੇ ਸਖਤੀ ਹੋਰ ਵਧਾਉਣ ਲਈ ਕਿਹਾ ਤਾਂ ਜੁ ਉਹਨਾਂ ਦਾ ਪੰਜਾਬ ਵਿਚਲੇ ਕੂਕਿਆਂ ਨਾਲ, ਪੱਤਰ ਵਿਹਾਰ ਮੁਕੰਮਲ ਤੌਰ ਤੇ ਰੋਕਿਆ ਜਾ ਸੱਕੇ। ਭੈਣੀ ਸਾਹਿਬ ਦੀ ਪੁਲੀਸ ਚੌਕੀ ਦੀ ਨਫਰੀ ਨੂੰ ਵੀ ਉਹ ਕੂਕਿਆਂ ਦੇ ਕਿਸੇ ਸੰਭਾਵੀ ਖਤਰੇ ਨਾਲ ਨਜਿੱਠਣ ਲਈ, ਨਾਕਾਫੀ ਦੱਸ ਰਿਹਾ ਹੈ। ਇੱਥੋਂ ਸੱਤ ਮੀਲ ਦੂਰ ਸਾਹਨੇਵਾਲ ਥਾਣੇ ਵਿਚ ਵੀ ਦਿਨ ਦੇ ਸਮੇਂ, ਸਿਰਫ ਚਾਰ ਕੁ ਸਿਪਾਹੀ ਹਾਜ਼ਰ ਹੋਣੇ ਬਾਕੀ ਕੰਮਾਂ ਕਾਰਾਂ ਵਿਚ ਗਏ ਹੋਣ ਤਾਂ ਵਾਰਬਰਟਨ ਲਿਖ ਰਿਹਾ ਹੈ ਕਿ ਕੂਕਿਆਂ ਦਾ ਕੱਟੜਵਾਦ ਕਿਸੇ ਵੀ ਸਮੇਂ ਉਬਾਲਾ ਖਾ ਸੱਕਦਾ ਹੈ ਅਤੇ ਜੇ ਉਹਨਾਂ ਸੁਖ ਨਿਧਾਨ ਦੀਆਂ ਸ਼ਹੀਦੀ ਦੇਗਾਂ ਵੀ ਛਕੀਆਂ ਹੋਣ ਤਾਂ ਮਾਮੂਲੀ ਉਕਸਾਵੇ ਤੇ ਵੀ ਉਹ ਹਿੰਸਾ ਤੇ ਉਤਾਰੂ ਹੋ ਸੱਕਦੇ ਹਨ। ਕੂਕਿਆਂ ਵਿਚ ਇਸ ਤਰ੍ਹਾਂ ਦੀ ਜੋਸ਼ੀਲੀ ਭਾਵਨਾ ਹੋਰ ਕਿਸੇ ਵੀ ਸਥਾਨ ਦੀ ਬਜਾਏ, ਭੈਣੀ (ਸਾਹਿਬ) ਦੇ ਨੇੜੇ ਆ ਕੇ ਹੋਰ ਪਰਬਲ ਹੋ ਜਾਂਦੀ ਹੈ, ਇਸ ਲਈ ਮੈਂ ਇਸ ਜਗ੍ਹਾ ਦੇ ਆਸ ਪਾਸ ਇਸ ਤਰ੍ਹਾਂ ਦੇ ਇਕੱਠ ਹੋਣ ਤੋਂ ਰੋਕਣ ਲਈ ਕਾਨੂੰਨੀ ਹੱਦ ਵਿਚ ਸੰਭਵ ਹਰ ਚਾਰਾ ਕਰਨ ਦੀ ਸਿਫਾਰਸ਼ ਕਰਾਂਗਾ। ਇਸੇ ਲਈ ਉਹ ੩੮ ਗ੍ਰਿਫਤਾਰ ਕੂਕਿਆਂ ਨੂੰ ਡੀ.ਸੀ. ਲੁਧਿਆਣਾ ਦੀ ਕਚਿਹਰੀ ਵਿਚ ਭੇਜ ਰਿਹਾ ਹੈ।9

ਇਹ ਸੀ ਉਹ ਮਾਹੌਲ, ਉਹ ਸਮਾਂ ਜਿਸ ਵਿਚ ਭਾਈ ਗੁਰਦਿਤ ਸਿੰਘ ਮਹੰਤ ਜਿਹੇ ਸੂਰਮੇ ਗੁਰੂ ਕੇ ਲਾਲ, ਡੇਰਾ ਭੈਣੀ ਸਾਹਿਬ ਵਿਚ ਇਕ ਕਿਸਮ ਦੀ ਨੀਮ ਜਿਹਲ ਵਿਚ ਰਹਿ ਰਹੇ ਸਨ। ਜਿੱਥੇ ਆਏ ਦਿਨ ਪੁਲਿਸ ਦੇ ਛਾਪੇ ਪੈਂਦੇ ਸਨ ਕਿ ਡੇਰੇ ਵਿਚ ਮਨਜ਼ੂਰੀ ਤੋਂ ਵਧ ਸਿੰਘ ਤਾਂ ਨਹੀਂ ਆ ਗਏ। ਅੱਠਾਂ ਪਹਿਰਾਂ ਵਿਚ ੫-੧੦ ਦੀ ਸੀਮਿਤ ਗਿਣਤੀ ਹੀ ਇੱਥੇ ਪਰਵੇਸ਼ ਪਾ ਸੱਕਦੀ ਸੀ। ਜਦੋਂ ਕਿਸੇ ਪੁਲੀਸ ਸਿਪਾਹੀ ਦਾ ਜਾਂ ਹੋਰ ਕਰਮਚਾਰੀ ਦਾ ਐਵੇਂ ਹੀ ਹਾਜ਼ਮਾ ਵਿਗੜ ਜਾਂਦਾ ਤਾਂ ਉਹ ਡੇਰੇ ਵਿਚ ਰਹਿਣ ਵਾਲੇ ਭਾਈ ਗੁਰਦਿਤ ਸਿੰਘ ਜਿਹੇ ਸਿੰਘਾਂ ਨਾਲ ਵੀ ਬਿਨਾ ਮਤਲਬ ਬਦਕਲਾਮੀ ਤੇ ਉਤਰ ਆਉਂਦੇ। ਭਾਈ ਸਾਹਿਬ ਐਸੇ ਚੜ੍ਹਦੀ ਕਲਾ ਵਾਲੇ ਸਿੰਘ ਸਨ ਕਿ, ਉਹ ਅਜਿਹੇ ਸਮੇਂ ਪਹਿਲਾਂ ਤਾਂ ਪ੍ਰੇਮ ਪੂਰਵਕ ਸਮਝਾਉਂਦੇ ਪਰ ਜੇ ਉਹ ਫਿਰ ਵੀ ਠੰਡਾ ਨਾ ਹੋਵੇ ਤਾਂ ਉਸਦਾ ਅੱਗਾ ਪਿੱਛਾ ਪੁਣਨ ਤੋਂ ਗੁਰੇਜ ਨਾ ਕਰਦੇ ਅਤੇ ਉਸਨੂੰ ਝਾੜ ਝੰਬ ਕੇ ਤਿਲਾਂ ਦੇ ਪੂਲਿਆਂ ਜਿਉਂ ਇਕ ਗੁੱਠੇ ਵੀ ਧੱਕ ਦਿੰਦੇ। ਬਲੀ, ਚੁਸਤ ਅਤੇ ਦਲੇਰ ਸਰੀਰ ਉਹਨਾਂ ਕੂਕਾ ਕਾਜ ਨਮਿਤ ਹੀ ਰੱਖਿਆ ਸੀ। ਇਸ ਸਮੇਂ ਉਹਨਾਂ ਦੀ ਮਨੋਦਸ਼ਾ ਉਸ ਲੋਕ ਗੀਤ ਵਰਗੀ ਹੁੰਦੀ ਸੀ—

"ਲੇਖੇ ਲਾ ਮਿੱਤਰਾ,
ਜਿੰਦ ਕਿਹੜਿਆਂ ਕੰਮਾਂ ਨੂੰ ਪਾਲੀ"

ਕਿਸੇ ਵੀ ਕੌਮ ਦੀ ਤਕਦੀਰ ਘੜਨ ਵਿਚ, ਉਸਦੇ ਸਮਰਪਿਤ ਜਾਂਬਾਜ਼ਾਂ ਸੂਰਮਿਆਂ, ਸਿਰਲੱਥਾਂ ਦਾ ਅਨਮੋਲ ਯੋਗਦਾਨ ਹੁੰਦਾ ਹੈ। ਨਾਮਧਾਰੀ ਇਤਿਹਾਸ ਵਿਚ ਕਸ਼ਟਾਂ ਦੀ ਕੁਠਾਲੀ ਵਿਚੋਂ ਪਰਪੱਕ ਹੋ ਕੇ ਨਿਕਲਣ ਵਾਲੇ ਮਹੰਤ ਸਾਹਿਬ ਜਿਹੇ ਜੁਝਾਰੂਆਂ ਦੀ ਕੋਈ ਕਮੀ ਨਹੀਂ। ਕੌਮ ਉਹਨਾਂ ਤੇ ਜਿਤਨਾ ਵੀ ਮਾਣ ਕਰੇ ਥੋਹੜਾ ਹੈ।

੧੯੦੧ ਈ. ਵਿਚ ਸ਼ੇਖੂਪੁਰਾ ਅਤੇ ਅੰਮ੍ਰਿਤਸਰ ਆਦਿ ਜ਼ਿਲ੍ਹਿਆਂ ਦੇ ਦੌਰੇ ਲਈ, ਗੁਰੂ ਹਰੀ ਸਿੰਘ ਜੀ ਨੂੰ, ਇਕ ਮਹੀਨੇ ਦੀ ਛੁੱਟੀ, ਸਰਕਾਰ ਨੇ ਦਿੱਤੀ। ਗੁਰੂ-ਪਰਿਵਾਰ ਵੀ ਸਾਥ ਸੀ। ਮਹੀਨਾ ਵੈਸਾਖ ਦਾ ਅਖੀਰ, ਜੇਠ ਦਾ ਚੜ੍ਹਾ ਸੀ। ਗਰਮੀ ਕਾਰਨ ਹੈਜ਼ੇ ਦਾ ਪਰਕੋਪ ਹੋਇਆ। ਲਾਹੌਰ ਤੋਂ ਰਾਜੇ ਜੰਗ ਆਸਲਾਂ ਆਦਿ ਪਿੰਡਾਂ ਥਾਣੀ ਚੀਮਾ, ਵਲਟੋਹੇ, ਮੱਖੀ, ਤਰਨਤਾਰਨ ਤੋਂ, ਅੰਮ੍ਰਿਤਸਰ ਅੱਪੜੇ। ਸਤਿਗੁਰੂ ਜੀ ਵੀ ਹੈਜ਼ੇ ਦੀ ਪਕੜ ਵਿਚ ਆਏ। ਆਸਲਾਂ ਪਿੰਡ ਵਿਚ (ਮਹਾਰਾਜ) ਨਿਹਾਲ ਸਿੰਘ ਜੀ ਜੋ


NamdhariElibrary NamdhariElibrary@gmail.com

੯ ਕੁ ਸਾਲ ਦੇ ਸਨ, ਉਹਨਾਂ ਨੂੰ ਵੀ ਹੈਜ਼ਾ ਹੋ ਗਿਆ। "ਨਿਹਾਲ ਸਿੰਘ ਕੋ ਮਹੰਤ ਗੁਰਦਿਤ ਸਿੰਘ ਰਾਮਦਾਸਪੁਰੇ ਸਾਹਿਬ ਲੈ ਆਏ। ਦੋ ਭੋਗ ਅਖੰਡ ਪਾਏ। ਨਿਹਾਲ ਸਿੰਘ ਜੀ ਰਾਜੀ ਹੋਏ।"10 ਸਮੇਂ ਸਮੇਂ ਹੋਰ ਵੀ ਕਈ ਰੋਗੀਆਂ ਦੇ ਕਸ਼ਟ ਕੱਟਣ ਲਈ ਮਹੰਤ ਗੁਰਦਿਤ ਸਿੰਘ ਗੁਰੂ ਹਰੀ ਸਿੰਘ ਨੂੰ ਬਿਨੈ ਕਰਿਆ ਕਰਦੇ।" ਕੁਰਕੀ ਭੈਣੀ ਸਾਹਿਬ ਦਾ ਨਿਕਟ ਗੁਆਂਢੀ ਪਿੰਡ, ਜਿਸਨੂੰ ਛੋਟੀ ਕਟਾਣੀ ਵੀ ਆਖਦੇ ਹਨ ਵਾਲੇ ਸਿੰਘ ਦਾ ਲੜਕਾ ਬੀਮਾਰ ਹੋਇਆ, ਪਲੇਗ ਸੀ। ਮਰਨ ਵਾਲਾ ਹੋਇ ਗਿਆ। ਗੁਰਦਿਤ ਸਿੰਘ ਨੇ ਗੁਰੂ ਜੀ ਪਾਸ ਅਰਜ ਕੀਤੀ ਜੀ ਅੰਨ ਪਾਣੀ ਨਹੀਂ ਲੰਘਦਾ। ਨਾਉਂ ਲਿਆ ਲੜਕੇ ਦਾ (ਭਗਵਾਨ ਸਿੰਘ ਨਾਮ ਸੀ), ਜਲ ਕੀ ਕੌਲੀ ਮੰਗਵਾਇਕੇ ਪ੍ਰਸਾਦ ਕਰਕੇ ਦੇ ਦੀਆ। ਬਚਨ ਹੋਇਆ ਏਹ ਲੜਕੇ ਕੋ ਦੇ ਦਿਓ ਰਾਜੀ ਹੋਵੇਗਾ। ਜਾਂ ਜਾਇਕੇ ਜਲ ਮੂੰਹ ਲਾਇਆ ਮੁੰਡੇ ਨੇ ਨੇਤਰ ਖੋਹਲ ਲਏ...ਸਾਰਾ ਟੱਬਰ ਏਹੋ ਕਹੇ ਕਿ ਧੰਨ ਗੁਰੂ ਹੈ। ਮਿਰਤਕ ਕਉ ਜੀਵਾਲਨ ਹਾਰ (ਭੂਖੇ ਕਉ ਦੇਵਤ ਆਹਾਰ)"11

੧੯੯੫ ਈ. ਦੀ ਮਾਘੀ ਦੇ ਮੇਲੇ ਤੇ ਮੁਕਤਸਰ ਗੁਰੂ ਹਰੀ ਸਿੰਘ ਜੀ ਨੇ ਦਰਸ਼ਨ ਦਿੱਤੇ ਸਨ। ਦੌਰੇ ਸਮੇਂ ਸਤਿਗੁਰੂ ਜੀ ਨੇ ਮਾਲਵੇ ਦੇ ਪਿੰਡਾਂ ਵਿਚ ਕੂਕੇ ਸਿੰਘਾਂ ਦੇ ਘਰਾਂ ਵਿਚ ਚਰਨ ਪਾਏ ਸਨ। ਡੇਰਾ ਭੈਣੀ ਸਾਹਿਬ ਦੇ ਜ਼ਿੰਮੇਵਾਰ ਸੰਤਾਂ ਮਹੰਤਾਂ ਸਮੇਤ ਮਹੰਤ ਗੁਰਦਿਤ ਸਿੰਘ ਵੀ ਇਸ ਦੌਰੇ ਵਿਚ ਸਨ। ਸਤਿਗੁਰੂ ਪ੍ਰਤਾਪ ਸਿੰਘ ਜਿਹਨਾਂ ਦੀ ਆਯੂ ਪੌਣੇ ਪੰਜ ਸਾਲ ਸੀ ਵੀ ਇਹ ਸਾਰਾ ਦੌਰਾ ਸਤਿਗੁਰੂ ਜੀ ਦੇ ਨਾਲ ਰਹਿ ਕੇ ਵੇਖਿਆ ਸੀ। ਸੰਨ ੧੯੫੫-੫੬ ਈ. ਵਿਚ ਕਿਸੇ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰੂ ਹਰੀ ਸਿੰਘ ਦੇ ਦੌਰਿਆਂ ਦੇ ਸੰਸਮਰਣ ਇਕ ਰੀਕਾਰਡਿੰਗ ਮਸ਼ੀਨ ਵਿਚ ਉਦੋਂ ਦੇ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ) ਨੇ ਰੀਕਾਰਡ ਕੀਤੇ ਹਨ ਉਹਨਾਂ ਵਿਚ ਮਹੰਤ ਜੀ ਦਾ ਜ਼ਿਕਰ ਵੀ ਦਰਜ ਹੈ-

"ਉਥੋਂ (ਮੁਕਤਸਰੋਂ) ਤੁਰ ਕੇ ਅਸੀਂ ਭੁਲੇਵਾਲੇ ਨੂੰ ਗਏ ਹਾਂ। ਇਹ ਮੈਨੂੰ ਨਹੀਂ ਪਤਾ ਕਿ ਭੁਲੇਵਾਲੀ ਲੰਗਰ ਹੋਇਆ ਹੈ ਕਿ ਨਹੀਂ। ਫਿਰ ਮੈਂ ਘੋੜੇ ਤੇ ਚੜ੍ਹਨ ਲੱਗ ਪਿਆ ਸੰਤ ਸਿੰਘ ਹੁਰਾਂ ਦੇ ਨਾਲ। ਖਮਾਣੋਂ ਤੋਂ ਘੋੜਾ ਆਇਆ ਸੀ ਸੁਰੰਗ ਜਿਹੇ ਰੰਗ ਦਾ, ਗਿੱਟੇ ਉਹਦੇ ਜ਼ਰਾ ਖਰਾਬ ਜਿਹੇ ਸਨ। ਜਿਦਣ ਭੁਲੇ ਵਾਲੀ ਤੋਂ ਚੱਲ ਕੇ ਡਬੜਿਆਂ ਨੂੰ ਤੁਰੇ, ਰਸਤੇ ਵਿਚ ਪੈਲੀ ਪੁੱਟੀ ਹੋਈ ਸੀ। ਉਹਦੇ ਵਿਚ ਫਿਰ ਗੁਰੂ ਹਰੀ ਸਿੰਘ ਜੀ ਵਾਲੀ ਘੋੜੀ ਵੀ ਖੁੱਭ ਗਈ ਸੀ- ਸਾਰੇ ਘੋੜੇ। ਚੀਨਾ ਘੋੜਾ ਮਹੰਤ ਗੁਰਦਿੱਤ ਸਿੰਘ ਹੇਠ ਹੁੰਦਾ ਸੀ। ਉਹ ਮਹੰਤ ਦਾ ਮੈਨੂੰ ਚਾਨਣੀ ਜੁੱਤੀ ਦਾ ਪੈਰ ਯਾਦ ਹੈ ਬਈ, ਉਥੇ ਲੱਥਾ ਪਿਆ ਸੀ, ਤੇ ਘੋੜਾ ਖੁਭ ਗਿਆ ਸੀ। ਅਸੀਂ ਜ਼ਰਾ ਕੁ ਪਿੱਛੇ ਸਾਂ। ਥੋੜਾ ਥੋੜਾ, ਗਿੱਟੇ ਗਿੱਟੇ ਘੋੜਾ ਖੁਭਿਆ ਸੀ ਤੇ ਅਸੀਂ ਪਿੱਛੇ ਮੋੜ ਲਿਆਏ ਹਾਂ। ਬੜੇ ਔਖੇ ਹੋ ਕੇ ਉਥੋਂ ਘੋੜੇ ਲੰਘੇ ਸਨ।"12

੧੭ ਮਈ ੧੯੦੬ ਈ. ਨੂੰ, ਗੁਰੂ ਹਰੀ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ ਸਨ। ਇਸ ਤੋਂ ਕੁਝ ਦਿਨ ਪਹਿਲਾਂ ਦੀ ਵਾਰਤਾ ਵੀ ਬਾਹੋਵਾਲ ਜੀ ਨੇ ਮਹੰਤ ਸਾਹਿਬ ਨਾਲ ਸਬੰਧਿਤ ਆਪਣੇ ਇਤਿਹਾਸਕ ਗ੍ਰੰਥ ਵਿਚ ਦਰਜ ਕੀਤੀ ਹੈ, ਜਿਸ ਵਿਚੋਂ ਗੁਰੂ ਹਰੀ ਸਿੰਘ ਜੀ ਦਾ ਆਪ ਪ੍ਰਥਾਇ ਆਪ ਦੇ ਸੇਵਾ ਭਾਵ ਅਤੇ ਸਮਰਪਣ ਸਦਕਾ ਬਹੁਤ ਪਿਆਰ ਝਲਕਦਾ ਹੈ। ਉਹਨਾਂ ਦੇ ਕੰਮ ਸਦਕਾ ਮਹੰਤ ਜੀ ਦਾ ਆਦਰ ਮਾਣ ਗੁਰੂ ਘਰ ਵਿਚ ਗੁਰੂ ਹਰੀ ਸਿੰਘ ਜੀ ਤੋਂ ਬਾਅਦ ਵੀ ੧੫-੧੬ ਸਾਲ ਸਰੀਰ ਛੱਡਣ ਤੱਕ ਬਣਿਆ ਰਿਹਾ। "ਮਹੰਤ ਸਿੰਘਾਂ ਨਾਲ ਲੜਕੇ ਕਹਿਣ ਲੱਗਾ ਜੀ ਮੈਨੂੰ ਰੁਖਸਦ ਦਿਓ ਚਲਾ ਜਾਵਾਂ. ਮੈਥੋਂ ਨਹੀਂ ਏਨਾਂ ਨਾਲ ਕਟੀ ਜਾਂਦੀ ਹੈ। ਏ ਦਾੜੀ ਪੱਟਣ ਨੂੰ ਔਂਦੇ ਹੈ। ਗੁਰੂ ਜੀ ਬਚਨ ਕੀਤਾ ਮਹੰਤਾ ਮੈਂ ਤਾਂ ਨਹੀਂ ਕਹਿੰਦਾ ਕਿ ਤੂੰ ਚਲਾ ਜਾ, ਅਸੀਂ ਥੋੜੇ ਦਿਨ ਹੈ। ਤੁਸੀਂ ਕਿਤੇ ਨਾ ਜਾਓ। ਜਿਤਨਾ ਚਿਰ ਅਸੀਂ ਹੈ ਓਨਾ ਚਿਰ ਰਹੋ। ਫੇਰ ਧੁਆਡੀ ਖੁਸ਼ੀ ਰਹੀ।"13

ਗੁਰੂ ਹਰੀ ਸਿੰਘ ਜੀ ਦੇ ਬਾਅਦ ਜਦੋਂ ਨਾਮਧਾਰੀ ਪੰਥ ਦੀ ਦਸਤਾਰ, ਯੁਵਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬੰਧਾਈ ਗਈ ਤਾਂ ਡੇਰੇ ਦੇ ਅਤੇ ਨਾਮਧਾਰੀ ਸਮੁਦਾਇ ਦੇ ਹਾਜ਼ਰ ਜ਼ਿੰਮੇਵਾਰ ਕੁਝ ਕੁ ਸੱਜਣਾਂ ਵਿਚ, ਮਹੰਤ ਜੀ ਵੀ ਸ਼ਾਮਲ ਸਨ। "ਤੀਜੇ ਦਿਨ ਸਤਿਗੁਰੂ ਹਰੀ ਸਿੰਘ ਜੀ ਕੇ ਚੁਬਾਰੇ ਮੈਂ ਬੀਰ ਸਿੰਘ, ਨਰੈਣ ਸਿੰਘ ਰੋਡੇ, ਗੁਰਦਿਤ ਸਿੰਘ, ਹਜਾਰਾ ਸਿੰਘ ਅਰ ਮਾਈ ਜੀਉਣ ਕੌਰ ਸਭ ਨੇ ਅਰਦਾਸ ਕਰ ਸਤਿਗੁਰੂ ਪ੍ਰਤਾਪ ਸਿੰਘ ਜੀ ਕੋ ਦਸਤਾਰ ਬੰਧਾਈ।"14

ਅੱਸੂ ਦੀ ਪੂਰਨਮਾਸ਼ੀ ੧੯੭੧ ਬਿਕਰਮੀ ਮੁਤਾਬਿਕ ੧੯੧੪ ਈਸਵੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਭਰਾਤਾ, ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਕਾਰਜ, ਲਾਹੌਰ ਦੇ ਪ੍ਰਸਿੱਧ ਕੂਕਾ ਆਗੂ ਬਾਬਾ ਧਿਆਨ ਸਿੰਘ ਜੀ ਪੱਥਰਾਂ ਵਾਲੇ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਨਾਲ ਲਾਹੌਰ ਵਿਚ ਹੋਇਆ ਸੀ। ਇਸੇ ਅੱਸੂ ਤੋਂ ਬਾਅਦ ਜਿਹੜਾ ਪੋਹ ਦਾ ਮਹੀਨਾ ਆਇਆ ਸੀ ਉਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਨੰਦ ਕਾਰਜ ਫੀਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਗੁਰੂ ਸਰ (ਗੱਦਾਂ ਡੋਬ) ਦੇ ਸ. ਸੁੰਦਰ ਸਿੰਘ ਸੋਹੂ ਦੀ ਸਪੁੱਤਰੀ ਬੀਬੀ ਭੁਪਿੰਦਰ ਕੌਰ ਜੀ ਨਾਲ ਹੋਇਆ ਸੀ। ਮਾਤਾ ਜੀਵਣ ਕੌਰ ਜੀ ਦੋਹਾਂ ਅਨੰਦ ਕਾਰਜਾਂ ਦੇ


NamdhariElibrary NamdhariElibrary@gmail.com

ਸ਼ੁਭ ਸਮੇਂ, ਡੇਰਾ ਸ੍ਰੀ ਭੈਣੀ ਸਾਹਿਬ ਵਿਚ ਰਹਿਣ ਵਾਲੇ ਜਿਹਨਾਂ ਪੁਰਾਤਨ ਸਿੰਘਾਂ ਨੂੰ ਨਾਲ ਲੈ ਕੇ ਲਾਹੌਰ ਅਤੇ ਗੁਰੂਸਰ ਗਏ ਸਨ ਉਹਨਾਂ ਵਿਚ ਮਹੰਤ ਜੀ ਵੀ ਸ਼ਾਮਲ ਸਨ। ਆਪ ਜੀ ਦਾ ਅਕਾਲ ਚਲਾਣਾ ੧੯੨੨ ਈ. ਵਿਚ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ ਸੀ। ਮਹੰਤ ਜੀ ਸਾਰੀ ਉਮਰ ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਨੇਹ ਪਾਸ਼ ਵਿਚ ਬੱਝ ਕੇ ਆਪਣੇ ਪੰਥ ਦੇ ਪ੍ਰਚਾਰ ਪ੍ਰਸਾਰ ਨੂੰ ਸਮਰਪਿਤ ਰਹਿਣ ਵਾਲੇ ਬਿਹੰਗਮ ਸਿੰਘ ਹੀ ਸਨ। ਉਹਨਾਂ ਦੇ ਘਰ ਪਰਿਵਾਰ ਜਾਂ ਹੋਰਨਾਂ ਸਬੰਧੀ ਕੋਈ ਜਾਣਕਾਰੀ ਉਪਲਬਧ ਨਹੀਂ। ਮਾਲੂਮ ਹੁੰਦਾ ਹੈ ਕਿ ਉਹ ਅਵਿਵਾਹਿਤ ਹੀ ਡੇਰੇ ਵਿਚ ਆ ਗਏ ਸਨ। ਸਤਿਗੁਰੂ ਵਿਯੋਗ ਉਹਨਾਂ ਤੇ ਇਸ ਕਦਰ ਭਾਰੂ ਰਿਹਾ ਕਿ ਉਹਨਾਂ ਨੂੰ ਆਪਣਾ ਘਰ ਪਰਿਵਾਰ ਵਸਾਉਣ ਦਾ ਕਦੇ ਫੁਰਨਾ ਹੀ ਨਾ ਫੁਰਿਆ। ਸਤਿਗੁਰੂ ਜੀ ਦਾ ਸੰਗਤਾਂ ਤੋਂ ਵਿਛੋੜਾ, ਜਿਸਦੇ ਉਹ ਪਰਤੱਖ-ਦਰਸ਼ੀ ਸਨ, ਮਹੰਤ ਜੀ ਨੂੰ ਉਮਰ ਭਰ ਸੇਜਲ ਨੇਤਰਾਂ ਨਾਲ ਰਹਿਣ ਦਾ ਕਾਰਨ ਬਣਿਆ। ਗੱਡੇ ਤੇ ਬਹਿ ਕੇ ਜਾਣ ਵਾਲੇ ਉਸ ਚੀਨੀ ਵਾਲੇ ਮਾਹੀ ਦੀ ਕਾਲੀ ਕੰਬਲੀ ਓਹੜੀ ਮੂਰਤੀ, ਸਦਾ ਉਹਨਾਂ ਦੇ ਚੇਤਿਆਂ ਵਿਚ ਵੱਸਦੀ ਰਹੀ। ਸਮੂਹ ਰਾਮ ਵਿਓਗੀਆਂ ਨੂੰ ਜਦੋਂ ਉਹ ਦੇਸ਼ ਨਿਕਾਲੇ ਦੀ ਸਾਖੀ ਸੁਣਦੇ ਜਾਂ ਪੜ੍ਹਦੇ ਸਨ, ਭਾਈ ਗੁਰਦਿਤ ਸਿੰਘ ਮੋਰੋਂ ਵੀ ਇਕ ਵਾਰ ਅਵੱਸ਼ ਯਾਦ ਆਉਂਦਾ ਸੀ।

ਸ੍ਰੀ ਰਾਮ ਚੰਦਰ ਨੂੰ ਸੀਤਾ ਜੀ ਅਤੇ ਲਛਮਣ ਜੀ ਦੇ ਸਾਥ, ਬਨਵਾਸ ਸਮੇਂ ਜੰਗਲ ਵਿਚ ਛੱਡ ਕੇ, ਵਾਪਸ ਪਰਤਣ ਵਾਲੇ ਰਥ ਦੇ ਸਾਰਥੀ, ਸੁਮੰਤ ਜੀ ਦੀ ਦਸ਼ਾ ਦਾ ਵਰਣਨ ਕਰਦੇ ਹੋਏ ਗੋਸਾਈਂ ਤੁਲਸੀ ਦਾਸ ਜੀ ਰਾਮ ਚਰਿਤ ਮਾਨਸ ਵਿਚ ਲਿਖਦੇ ਹਨ ਕਿ ਵਿਆਕੁਲ ਅਤੇ ਦੁਖੀ ਹੋਏ ਸੁਮੰਤ ਜੀ ਸੋਚਦੇ ਹਨ ਕਿ ਸ੍ਰੀ ਰਘੁਬੀਰ ਦੇ ਬਿਨਾਂ ਜਿਊਣਾ ਧ੍ਰਿਗ ਹੈ। ਆਖਿਰ ਇਸ ਨਾਸਵਾਨ ਸਰੀਰ ਨੇ ਰਹਿਣਾ ਤਾਂ ਹੈ ਹੀ ਨਹੀਂ। ਚੰਗਾ ਸੀ ਕਿ ਇਹ ਰਾਮ ਜੀ ਤੋਂ ਵਿਛੜਦਿਆਂ ਹੀ ਬਿਨਸ ਕੇ ਜੱਸ ਖੱਟ ਜਾਂਦਾ—

"ਸੋਚ ਸੁਮੰਤਰ ਬਿਕਲ ਦੁਖ ਦੀਨਾ।
ਧਿਗ ਜੀਵਨ ਰਘੁਬੀਰ ਬਿਹੀਨਾ।
ਰਹਹਿ ਨ ਅੰਤਹੁੰ ਅਧਮ ਸਰੀਰੂ।
ਜਸੁ ਨ ਲਹੇਉ ਬਿਛੁਰਤ ਰਘੁਬੀਰੂ।"

ਇਸੇ ਸਥਿਤੀ ਦਾ, ਇਸੇ ਮਨੋਦਸ਼ਾ ਦਾ, ਭੁਗਤ ਭੋਗੀ ਸੀ ਮਹੰਤ ਗੁਰਦਿਤ ਸਿੰਘ ਮੋਰੋਂ। ਮਹੰਤ ਜੀ ਕੂਕਿਆਂ ਦੇ ਸੁਮੰਤ ਹੀ ਤਾਂ ਸਨ।

**ਫੁੱਟ ਨੋਟ—**


1. ਸਤਿਗੁਰੂ ਬਿਲਾਸ ਭਾਗ ਪਹਿਲਾ, ਭਾਈ ਸੰਤੋਖ ਸਿੰਘ 'ਬਾਹੋਵਾਲ', (ਸੰ० ਜਸਵਿੰਦਰ ਸਿੰਘ) ੨੦੦੨, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ ੪੮੧-੮੪
2. ਸੰਤ ਖਾਲਸਾ, ਹਰਨਾਮ ਸਿੰਘ ਬਗਲੀ ਵਾਲਾ, ੧੯੫੮, ਦੂਜੀ ਛਾਪ, ਅੰਮ੍ਰਿਤਸਰ ਸਫਾ ੫੨-੫੩
3. ਸਤਿਜੁਗ ਦਾ ਬਸੰਤ ਅੰਕ, ੧੨ ਮਾਘ ੧੯੯੫ ਬਿ० ਸ੍ਰੀ ਭੈਣੀ ਸਾਹਿਬ, "ਨਾਮਧਾਰੀ ਇਤਿਹਾਸ ਦੇ ਕੁਝ ਪੱਤਰੇ-ਸ੍ਰੀ ਮਾਤਾ ਜੀਵਨ ਕੌਰ ਜੀ ਦੀ ਰਸਨਾ ਤੋਂ", ਸ. ਅਵਤਾਰ ਸਿੰਘ ਆਜ਼ਾਦ ਦੀ ਕਲਮ ਤੋਂ, ਸਫਾ ੧੬੯-੭੨
4. ਕੂਕਾਜ਼ ਆਫ ਨੋਟ ਇਨ ਦਾ ਪੰਜਾਬ-੧੮੮੧, (ਸੰ० ਜਸਵਿੰਦਰ ਸਿੰਘ), ੧੯੮੫, ਦਿਲੀ ਸਫਾ ੩੦-੩੧
5. ਸਤਿਜੁਗ ਦਾ ਗੁਰੂ ਹਰੀ ਸਿੰਘ ਅੰਕ, ੨੫ ਭਾਦਰੋਂ ੨੦੨੨ ਬਿ० ਸ੍ਰੀ ਜੀਵਨ ਨਗਰ, ਪ੍ਰੀਤਮ ਸਿੰਘ 'ਕਵੀ' ਦਾ ਲੇਖ- 'ਵਿਰਸੇ ਵਿਚ ਮਿਲਿਆ ਸ੍ਰੀ ਭੈਣੀ ਸਾਹਿਬ', ਸਫਾ ੮੮
6. ਉਹੀ, ਪ੍ਰੀਤਮ ਸਿੰਘ ਕਵੀ ਦਾ ਲੇਖ- "ਗੁਰੂ ਹਰੀ ਸਿੰਘ ਜੀ ਦਾ ਨਿਤ ਕਰਮ", ਸਫਾ ੫੨
7. ਸਤਿਗੁਰੂ ਬਿਲਾਸ, ਭਾਗ ਦੂਜਾ, ਸੰਤੋਖ ਸਿੰਘ ਬਾਹੋਵਾਲ (ਸੰ० ਜਸਵਿੰਦਰ ਸਿੰਘ), ੨੦੦੫, ਸ੍ਰੀ ਭੈਣੀ ਸਾਹਿਬ ਸਫਾ ੫੨
8. ਉਹੀ, ਸਫਾ ੮੨-੮੩
9. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ, (ਸੰ० ਨਾਹਰ ਸਿੰਘ ਕਿਰਪਾਲ ਸਿੰਘ), ੧੯੮੯, ਦਿੱਲੀ, ਸਫਾ ੮੧੫-੧੯
10. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ ੨੬੧-੬੨
11. ਉਹੀ, ਸਫਾ ੨੭੨
12. ਲਾਲ ਏਹਿ ਰਤਨ ਭਾਗ ਪੰਜਵਾਂ (ਉਪਦੇਸ਼ ਸਤਿਗੁਰੂ ਪ੍ਰਤਾਪ ਸਿੰਘ) (ਸੰ० ਬੀਬੀ ਬੇਅੰਤ ਕੌਰ), ੨੦੦੫, ਸ੍ਰੀ ਭੈਣੀ ਸਾਹਿਬ ਸਫਾ ੬੩-੬੪
13. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ ੩੯੬
14. ਉਹੀ, ਸਫਾ ੪੦੦



*ਪਿੰਡ ਤੇ ਡਾਕ ਕਰੀਵਾਲਾ*
*ਜ਼ਿਲ੍ਹਾ ਸਿਰਸਾ (ਹਰਿਆਣਾ)-੧੨੫੦੭੫*
*੦੧੬੬੮-੨੭੪੫੬੨, ੦੯੯੬੩-੭੧੭੧੬ ਮੋਬ-*



Namdhari Elibrary NamdhariElibrary@gmail.com

# ਕਾਲੇ ਦਿਨਾਂ ਦੀ ਕਹਾਣੀ



—ਵਰਿਆਮ ਸਿੰਘ ਸੰਧੂ

ਇਹ ੧੯੮੭ ਦੇ ਦਿਨ ਸਨ। ਦਹਿਸ਼ਤ ਤੇ ਆਤੰਕ ਦਾ ਭਰਵਾਂ ਬੋਲ-ਬਾਲਾ ਸੀ। ਸਿਆਲੀ ਦਿਨ ਦੀ ਨਿੱਘੀ ਧੁੱਪ ਵਿੱਚ ਖ਼ਾਲਸਾ ਹਾਈ ਸਕੂਲ ਮੁਕੇਰੀਆਂ ਦੀ ਖੁੱਲ੍ਹੀ ਗਰਾਊਂਡ ਵਿੱਚ ਬਣੀ ਸਟੇਜ ਉੱਤੇ ਪ੍ਰਿੰਸੀਪਲ ਸੁਜਾਨ ਸਿੰਘ ਦੀ ਪ੍ਰਧਾਨਗੀ ਵਿੱਚ ਪ੍ਰਧਾਨਗੀ-ਮੰਡਲ ਸੱਜਿਆ ਬੈਠਾ ਸੀ ਤੇ ਸਾਹਮਣੇ ਕੁਰਸੀਆਂ ਉੱਤੇ ਗੁਰਦਾਸਪੁਰ, ਮੁਕੇਰੀਆਂ, ਦਸੂਹਾ, ਗੜ੍ਹਦੀ ਵਾਲਾ, ਟਾਂਡਾ, ਤਲਵਾੜਾ ਤੇ ਹੁਸ਼ਿਆਰਪੁਰ ਦੀਆਂ ਸਾਹਿਤ-ਸਭਾਵਾਂ ਦੇ ਸਰੋਤੇ ਕਹਾਣੀ-ਪਾਠ ਸੁਣਨ ਲਈ ਬੈਠੇ ਸਨ। ਕਹਾਣੀ ਭਾਵੇਂ ਸਾਰਿਆਂ ਨੇ ਪਹਿਲਾਂ ਹੀ ਪੜ੍ਹੀ ਹੋਈ ਸੀ ਪਰ ਉਹਨਾਂ ਦੀ ਇੱਛਾ ਸੀ ਕਿ ਕਹਾਣੀ ਬਾਰੇ ਚਰਚਾ ਛੇੜਨ ਲਈ ਕਹਾਣੀ ਨੂੰ ਇੱਕ ਵਾਰ ਸਰੋਤਿਆਂ ਸਾਹਮਣੇ ਫਿਰ ਤੋਂ ਪੜ੍ਹਿਆ ਜਾਣਾ ਚਾਹੀਦਾ ਹੈ।

ਮੈਂ ਕਹਾਣੀ ਪੜ੍ਹਨ ਲਈ ਮਾਈਕ ਸਾਹਮਣੇ ਖਲੋਤਾ। ਕਹਾਣੀ ਲੰਮੀ ਸੀ ਤੇ ਇਸਨੂੰ ਪੜ੍ਹਨ ਲਈ ਦੋ ਕੁ ਘੰਟੇ ਦਾ ਸਮਾਂ ਲੋੜੀਦਾ ਸੀ। ਕਹਾਣੀ ਪੜ੍ਹਨੀ ਸ਼ੁਰੂ ਕੀਤੀ ਤਾਂ ਸਪੀਕਰ ਰਾਹੀਂ ਉਸਦੀ ਆਵਾਜ਼ ਦੂਰ ਦੂਰ ਤਾਈਂ ਪਹੁੰਚਣ ਲੱਗੀ। ਕੁੱਝ ਪੈਰੇ ਹੀ ਪੜ੍ਹੇ ਸਨ ਕਿ ਕੀ ਵੇਖਦਾ ਹਾਂ ਦੂਰ ਸਾਹਮਣੇ ਚਾਹ ਵਾਲੀ ਰੇੜ੍ਹੀ 'ਤੇ ਚਾਹ ਦੇ ਘੁੱਟ ਭਰਦੇ ਬੰਦੇ ਮੇਰੇ ਵੱਲ ਮੂੰਹ ਕਰਕੇ ਕਹਾਣੀ ਸੁਣਨ ਲੱਗੇ। ਇੱਕ ਪੈਰਾ ਹੋਰ ਪੜ੍ਹਿਆ ਤਾਂ ਉਹਨਾਂ ਦੇ ਕਦਮ ਪੰਡਾਲ ਵੱਲ ਵਧਣੇ ਸ਼ੁਰੂ ਹੋ ਗਏ। ਕਿਆਰੀਆਂ ਗੋਡਦਾ ਮਾਲੀ ਰੰਬਾ ਰੱਖ ਕੇ ਹੱਥ ਝਾੜਦਾ ਏਧਰ ਨੂੰ ਤੁਰ ਆਇਆ। ਸਕੂਲ ਦੀ ਬਾਊਂਡਰੀ ਵਾਲ ਦੀ ਮੁਰੰਮਤ ਕਰਦੇ ਰਾਜ-ਮਿਸਤਰੀ ਤੇ ਮਜ਼ਦੂਰ ਕੰਮ ਛੱਡਕੇ ਖਲੋ ਗਏ। ਨੇੜਲੇ ਨਹਿਰੀ ਕੁਆਟਰਾਂ ਦੀਆਂ ਛੱਤਾਂ 'ਤੇ ਧੁੱਪ ਸੇਕਦੇ ਨਹਿਰ ਮਹਿਕਮੇ ਦੇ ਛੋਟੇ-ਵੱਡੇ ਕਰਮਚਾਰੀ ਛੱਤਾਂ ਤੋਂ ਹੇਠਾਂ ਉੱਤਰ ਆਏ ਕਹਾਣੀ-ਮੰਡਪ ਦੇ ਆਲੇ-ਦੁਆਲੇ ਮਜਮੇ ਵਾਂਗ ਭੀੜ ਜੁੜਨ ਲੱਗੀ। ਸ਼ਾਇਦ ਉਹਨਾਂ ਨੂੰ ਲੱਗਦਾ ਸੀ ਕਿ ਇਹ ਉਹਨਾਂ ਦੇ ਆਪਣੇ ਦਿਲ ਦੀ ਗੱਲ ਹੋ ਰਹੀ ਹੈ। ਸਾਰੇ ਕਹਾਣੀ ਵਿਚਲੀ ਹਕੀਕਤ ਨਾਲ ਅੰਦਰੋਂ ਜੁੜੇ ਹੋਏ ਮਹਿਸੂਸ ਕਰ ਰਹੇ ਸਨ। ਪੂਰੇ ਦੋ ਘੰਟੇ ਉਹਨਾਂ ਨੇ ਇੱਕ ਚਿੱਤ ਹੋ ਕੇ ਕਹਾਣੀ ਸੁਣੀ। ਕਹਾਣੀ ਖ਼ਤਮ ਹੋਣ 'ਤੇ ਉਹਨਾਂ ਦੀਆਂ ਤਾੜੀਆਂ ਦੀ ਗੜਗੜਾਹਟ ਨੇ ਮੇਰੇ ਅੰਦਰ ਏਨੀ ਤਾਕਤ ਭਰ ਦਿੱਤੀ ਕਿ ਮੈਨੂੰ ਜਾਪਣ ਲੱਗਾ ਇਸ ਕਹਾਣੀ ਦੇ ਮਹੱਤਵ ਨੂੰ ਸਵੀਕਾਰ ਕਰਵਾਉਣ ਲਈ ਮੈਨੂੰ ਹੁਣ ਕਿਸੇ ਆਲੋਚਕ ਜਾਂ ਵਿਦਵਾਨ ਦੀ 'ਸਹਾਇਤਾ' ਦੀ ਲੋੜ ਨਹੀਂ। ਇਸ ਘਟਨਾ ਤੋਂ ਬਾਅਦ ਮੈਨੂੰ ਇਹ ਵੀ ਅਹਿਸਾਸ ਹੋਇਆ ਕਿ ਜਿਹੜੇ ਲੇਖਕ ਆਮ-ਲੋਕਾਂ ਦੇ ਦੁਖਾਂ-ਸੁਖਾਂ ਦੀ ਬਾਤ ਪਾਉਣ ਦਾ ਦਾਅਵਾ ਕਰਦੇ ਹਨ ਉਹਨਾਂ ਨੂੰ ਆਮ ਲੋਕਾਂ ਦੇ ਅਜਿਹੇ ਇਕੱਠਾਂ ਵਿੱਚ ਵੀ ਆਪਣੀਆਂ ਰਚਨਾਵਾਂ ਪੜ੍ਹਨ ਦਾ ਤਜਰਬਾ ਕਰਨਾ ਚਾਹੀਦਾ ਹੈ ਅਤੇ ਉਹਨਾਂ ਦੀਆਂ ਸਾਦਾ ਟਿੱਪਣੀਆਂ ਵਿਚੋਂ ਆਪਣੀ ਕਲਾ ਦੇ ਮਹੱਤਵ ਦਾ ਅਨੁਮਾਨ ਲਾਉਣ ਦੀ ਕੋਸ਼ਿਸ਼ ਵੀ ਕਰਨੀ ਚਾਹੀਦੀ ਹੈ।

ਕਵੀਆਂ ਨੂੰ ਤਾਂ ਅਜਿਹੀ ਲੋਕ-ਪਰਸੰਸਾ ਕਵੀ ਦਰਬਾਰਾਂ ਵਿੱਚ ਮਿਲਦੀ ਹੀ ਰਹਿੰਦੀ ਹੈ। ਪਰ ਗਲਪ-ਲੇਖਕਾਂ ਲਈ ਅਜਿਹਾ ਆਮ ਤੌਰ 'ਤੇ ਸੰਭਵ ਨਹੀਂ ਹੁੰਦਾ। ਗਲਪ ਕਿਉਂਕਿ ਪੜ੍ਹਨ ਵਾਲੀ ਚੀਜ਼ ਹੈ ਇਸ ਲਈ ਇਸਦੇ ਪਾਠਕਾਂ ਦੇ ਮਨ ਵਿਚੋਂ ਰਚਨਾ ਨੂੰ ਪੜ੍ਹ ਕੇ ਉੱਠੀ ਪਰਸੰਸਾ ਦੀ ਲਹਿਰ ਉਸਦੇ ਅੰਦਰ ਹੀ ਕਿਧਰੇ ਉਮਡ ਉੱਛਲ ਕੇ ਸੌਂ ਜਾਂਦੀ ਹੈ; ਉਹ ਲੇਖਕ ਤੱਕ ਪਹੁੰਚਦੀ ਨਹੀਂ। 'ਭੱਜੀਆਂ ਬਾਹੀਂ' ਦੇ ਪੜ੍ਹੇ ਜਾਣ ਦਾ ਤਜਰਬਾ ਬੜਾ ਵਿਲੱਖਣ ਤੇ ਆਨੰਦ-ਦਾਇਕ ਸੀ। ਅਜਿਹਾ ਹੀ ਰਲਦਾ ਮਿਲਦਾ ਅਨੁਭਵ ਮੈਨੂੰ ਆਪਣੀ ਕਹਾਣੀ 'ਚੌਥੀ ਕੂਟ' ਦੇ ਪਾਠ ਉਪਰੰਤ ਹੋਇਆ। ਅਜੀਤ ਕੌਰ ਵੱਲੋਂ ੧੯੯੩ ਵਿੱਚ ਦਿੱਲੀ ਵਿਖੇ 'ਪੰਜਾਬੀ ਅਕਾਦਮੀ ਦਿੱਲੀ' ਦੇ ਸਹਿਯੋਗ ਨਾਲ ਕਰਵਾਏ ਕਹਾਣੀ ਦਰਬਾਰ ਵਿੱਚ ਪਹਿਲੇ ਸੈਸ਼ਨ ਵਿੱਚ ਤਾਂ ਤਿੰਨ ਪਾਕਿਸਤਾਨੀ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਪੜ੍ਹੀਆਂ। ਦੂਜੇ ਸੈਸ਼ਨ ਵਿੱਚ ਪਹਿਲਾਂ ਮਨਮੋਹਨ ਸਿੰਘ ਆਈ ਏ ਐੱਸ ਤੇ ਪ੍ਰੇਮ ਪ੍ਰਕਾਸ਼ ਨੇ ਆਪਣੀਆਂ ਕਹਾਣੀਆਂ ਪੜ੍ਹੀਆਂ। ਉਸ ਸੈਸ਼ਨ ਦੀ ਤੀਜੀ ਤੇ ਅੰਤਿਮ ਕਹਾਣੀ ਮੇਰੀ ਸੀ। ਪ੍ਰਧਾਨਗੀ ਏਥੇ ਵੀ ਪ੍ਰਿੰਸੀਪਲ ਸੁਜਾਨ ਸਿੰਘ ਦੀ ਸੀ।

ਇਹ ਕਹਾਣੀ ਵੀ ਪੰਜਾਬ ਦੇ ਆਤੰਕ ਨਾਲ ਸੰਬੰਧਤ ਸੀ। ਇਸ ਵਿੱਚ ਦੋ ਹਿੰਦੂ ਪਾਤਰ ਚੰਡੀਗੜ੍ਹ ਤੋਂ ਅੰਮ੍ਰਿਤਸਰ ਨੂੰ ਜਾ ਰਹੇ



Namdhari Elibrary NamdhariElibrary@gmail.com

ਹਨ। ਉਹਨਾਂ ਨੇ ਬੱਸ ਤੱਕ ਜਲੰਧਰ ਪਹੁੰਚਣਾ ਹੈ ਅਤੇ ਉਥੋਂ ਆਖ਼ਰੀ ਰੇਲ-ਗੱਡੀ ਲੈ ਕੇ ਅੰਮ੍ਰਿਤਸਰ ਜਾਣਾ ਹੈ। ਹਨੇਰਾ ਹੁੰਦੇ ਸਾਰ ਉਹਨਾਂ ਦੇ ਮਨ ਵਿੱਚ ਭੈਅ ਉਤਰਨਾ ਸ਼ੁਰੂ ਹੋ ਜਾਂਦਾ ਹੈ। ਉਹਨਾਂ ਨੂੰ ਕਿਸੇ ਵੇਲੇ ਵੀ ਬੱਸ ਨੂੰ ਅਗਵਾ ਕਰ ਲਏ ਜਾਣ ਤੇ ਮਾਰੇ ਜਾਣ ਦਾ ਖ਼ਤਰਾ ਬਣਿਆਂ ਹੋਇਆ ਹੈ। ਪਿੱਛਲ-ਝਾਤ ਰਾਹੀਂ ਕਹਾਣੀ ਉਹਨਾਂ ਦੇ ਭੈਅ ਨੂੰ ਵੀ ਗੂੜ੍ਹਿਆਂ ਕਰਦੀ ਜਾਂਦੀ ਹੈ ਅਤੇ ਉਹਨਾਂ ਦੇ ਨਿੱਜੀ ਅਨੁਭਵ ਦੇ ਵੇਰਵਿਆਂ ਰਾਹੀਂ ਦੋਵਾਂ ਭਾਈਚਾਰਿਆਂ ਦੇ ਮੁਹੱਬਤ ਤੇ ਨਫ਼ਰਤ ਦੇ ਤਣਾਓਸ਼ੀਲ ਰਿਸ਼ਤੇ ਦੀਆਂ ਪਿੜੀਆਂ ਵੀ ਉਧੇੜੀ ਜਾ ਰਹੀ ਹੈ। ਜਲੰਧਰ ਪਹੁੰਚਦੇ ਕਰਦੇ ਉਹਨਾਂ ਦੀ ਆਖ਼ਰੀ ਟਰੇਨ ਵੀ ਨਿਕਲ ਜਾਂਦੀ ਹੈ। ਉਹਨਾਂ ਦਿਨਾਂ ਵਿੱਚ ਇੱਕ ਨਿਸਚਿਤ ਸਮੇਂ ਤੋਂ ਬਾਅਦ ਅੰਮ੍ਰਿਤਸਰ ਨੂੰ ਟਰੇਨਾਂ ਦਾ ਜਾਣਾ ਬੰਦ ਕਰ ਦਿੱਤਾ ਗਿਆ ਸੀ। ਉਹਨਾਂ ਦੇ ਬੈਠਿਆਂ ਇੱਕ ਹੋਰ ਟਰੇਨ ਆਉਂਦੀ ਹੈ। ਇਸ ਟਰੇਨ ਨੇ ਸਵਾਰੀਆਂ ਉਤਾਰਨ ਤੋਂ ਬਾਅਦ ਖਾਲੀ ਹੀ ਅੰਮ੍ਰਿਤਸਰ ਨੂੰ ਜਾਣਾ ਹੈ। ਦੋਵੇਂ ਨੌਜਵਾਨ ਤੇ ਅਧਖੜ ਉਮਰ ਦਾ ਸਰਦਾਰ ਗਾਰਡ ਦਾ ਤਰਲਾ ਕਰਕੇ ਉਸਦੇ ਡੱਬੇ ਵਿੱਚ ਬੈਠ ਜਾਂਦੇ ਹਨ। ਡੱਬੇ ਵਿੱਚ ਦੋ ਕੁ ਰੇਲਵੇ ਦੇ ਬੰਦਿਆਂ ਤੋਂ ਇਲਾਵਾ ਦੋ ਸਿੱਖ ਨੌਜਵਾਨ ਵੀ ਬੈਠੇ ਹੋਏ ਹਨ। ਉਹਨਾਂ ਦੀ ਚੁੱਪ ਤੇ ਉਹਨਾਂ ਨੌਜਵਾਨਾਂ ਪ੍ਰਤੀ ਹਿੰਦੂ ਗਾਰਡ ਦੇ ਨਰਮ ਰਵੱਈਏ ਤੋਂ ਉਹਨਾਂ ਨੂੰ ਮਹਿਸੂਸ ਹੁੰਦਾ ਹੈ ਕਿ ਇਹ ਦੋਵੇਂ ਨੌਜਵਾਨ ਜ਼ਰੂਰ ਅੱਤਵਾਦੀ ਹਨ। ਕਿਸੇ ਵੇਲੇ ਵੀ ਮਾਰੇ ਜਾਣ ਦਾ ਖ਼ਤਰਾ ਉਹਨਾਂ ਦੇ ਸਿਰ 'ਤੇ ਕੂਕਦਾ ਲੱਗਦਾ ਹੈ। ਅੰਮ੍ਰਿਤਸਰ ਦੇ ਬਾਹਰਵਾਰ ਹੀ ਜਦੋਂ ਗਾਰਡ ਟਰੇਨ ਹੌਲੀ ਹੋਣ 'ਤੇ ਖੇਤਾਂ ਵਿੱਚ ਹੀ ਉਹਨਾਂ ਨੂੰ ਉੱਤਰ ਜਾਣ ਦਾ ਸੰਕੇਤ ਦਿੰਦਾ ਹੈ ਤਾਂ ਉਹਨਾਂ ਨੂੰ ਲੱਗਦਾ ਹੈ ਕਿ ਹੁਣ ਤਾਂ ਉਹ ਨੌਜਵਾਨ ਹਨੇਰੇ ਵਿੱਚ ਉਹਨਾਂ ਦੀ ਜਾਨ ਲੈ ਕੇ ਹੀ ਰਹਿਣਗੇ। ਗੱਡੀ ਤੋਂ ਉੱਤਰਦਿਆਂ ਹੀ ਉਹਨਾਂ ਸਿੱਖ ਨੌਜਵਾਨਾਂ ਤੋਂ ਬਚਣ ਲਈ ਉਹ ਦੌੜਨ ਹੀ ਵਾਲੇ ਹਨ ਕਿ ਪਿੱਛੋਂ ਆਈ ਨੌਜਵਾਨ ਦੀ ਆਵਾਜ਼ ਉਹਨਾਂ ਦਾ ਤ੍ਰਾਹ ਕੱਢ ਦਿੰਦੀ ਹੈ। ਡਰ ਨਾਲ ਉਹਨਾਂ ਦੇ ਪੈਰ ਥਾਂ 'ਤੇ ਹੀ ਜੰਮ ਗਏ।

"ਤੁਸੀਂ ਤਾਂ ਭੱਜ ਈ ਉੱਠੇ ਸਾਨੂੰ ਨਾਲ ਈ ਨਹੀਂ ਲਿਆ।" ਵੱਡਾ ਨੌਜਵਾਨ ਕਹਿਣ ਲੱਗਾ," ਅਸਲ ਵਿੱਚ ਮੇਰੀ ਚਾਚੀ, ਇਹਦੀ ਛੋਟੇ ਦੀ ਮਦਰ ਦੀ ਡੈੱਥ ਅੱਜ ਸ਼ਾਮੀਂ ਤਿੰਨ ਕੁ ਵਜੇ ਹੋ ਗਈ ਸੀ। ਮੈਂ ਇਹਨੂੰ ਲੈਣ ਗਿਆ ਸਾਂ। ਜਲੰਧਰੋਂ ਜਾਂਦਿਆਂ ਆਉਂਦਿਆਂ ਕੁਵੇਲਾ ਹੋ ਗਿਆ। ਗਾਰਡ ਵਿਚਾਰੇ ਨੂੰ ਬੇਨਤੀ ਕੀਤੀ ਤੇ ਉਹ ਮੰਨ ਗਿਆ। ਅਸਲ ਵਿੱਚ ਗੱਲ ਇਹ ਹੈ ਕਿ ਅਸੀਂ ਦੋਵੇਂ ਡਰਦੇ ਆਂ ਕਿ ਕਿਤੇ ਸੀ ਆਰ ਪੀ ਜਾਂ ਪੁਲਿਸ 'ਚੋਂ ਕਿਸੇ ਵੇਖ ਲਿਆ ਤਾਂ ਸਾਨੂੰ ਸ਼ਕਲੋਂ ਸਿੱਖ ਵੇਖ ਕੇ ਗੋਲੀ ਨਾ ਮਾਰ ਦੇਣ। ਅੱਜ-ਕੱਲ੍ਹ ਬੰਦਾ ਮਾਰਨ ਲੱਗਿਆਂ ਪੁੱਛ-ਗਿੱਛ ਕੌਣ ਕਰਦਾ ਐ ਜੀ। ਤੁਸੀਂ ਨਾਲ ਹੋਵੋਂਗੇ ਤਾਂ ਕੋਈ ਮਿਲਿਆ ਵੀ ਤਾਂ ਤੁਹਾਡੇ ਕਰ ਕੇ ਸਾਡਾ ਬਚਾਅ ਹੋ ਜਾਵੇਗਾ।

ਕਹਾਣੀ ਵਿਚਲੇ ਆਤੰਕ ਨੇ ਸਰੋਤਿਆਂ ਨੂੰ ਜਕੜ ਕੇ ਰੱਖਿਆ ਹੋਇਆ ਸੀ। ਅਗਲੇ ਪਲ ਕੁੱਝ ਵਾਪਰ ਜਾਣ ਦੀ ਹੋਣੀ ਨੇ ਉਹਨਾਂ ਦੇ ਸਾਹ ਸੂਤੇ ਹੋਏ ਸਨ ਤੇ ਮਨੁੱਖੀ ਰਿਸ਼ਤਿਆਂ ਦੀਆਂ ਮਹੀਨ ਨਫ਼ਰਤੀ ਤੇ ਮੁਹੱਬਤੀ ਤੰਦਾਂ ਨੇ ਉਹਨਾਂ ਨੂੰ ਆਪਣੇ ਕੱਸ ਵਿੱਚ ਲਿਆ ਹੋਇਆ ਸੀ।

ਕਹਾਣੀ ਮੁਕਾ ਕੇ ਥੱਲੇ ਉੱਤਰਿਆ ਤਾਂ ਲੋਕ ਵਧਾਈਆਂ ਦੇਣ ਲੱਗੇ। ਦੂਜੀ ਕਤਾਰ ਵਿਚੋਂ ਬਲਵੰਤ ਗਾਰਗੀ ਉੱਠ ਕੇ ਖਲੋ ਗਿਆ ਤੇ ਮੇਰੇ ਨਾਲ ਹੱਥ ਮਿਲਾਉਣ ਲਈ ਅੱਗੇ ਆਇਆ। ਭਾਪਾ ਪ੍ਰੀਤਮ ਸਿੰਘ ਨੇ ਕਿਹਾ, "ਆਰਸੀ ਵਿੱਚ ਕਹਾਣੀ ਛਪਿਆਂ ਤਾਂ ਬਹੁਤ ਦੇਰ ਹੋ ਗਈ ਹੈ। ਇਹ ਮੈਨੂੰ ਫੜਾ ਛੱਡੋ"। ਪੂਨਮ ਨੇ ਤਾਰੀਫ਼ ਕਰਦਿਆਂ 'ਪ੍ਰੀਤ-ਲੜੀ' ਲਈ ਕਹਾਣੀ ਮੰਗ ਲਈ। ਪਿੱਛੋਂ ਗਗਨ ਗਿੱਲ ਨੇ ਰੁੱਕਾ ਭੇਜਿਆ ਕਿ ਮੈਂ ਇਸਨੂੰ ਹਿੰਦੀ ਵਿੱਚ ਅਨੁਵਾਦ ਕਰਨਾ ਹੈ। ਦੋ ਕੁ ਹੋਰ ਸੰਪਾਦਕਾਂ ਨੇ ਵੀ ਮੇਰੇ 'ਤੇ ਹੱਕ ਜਤਾਇਆ। ਸਭ ਤੋਂ ਵੱਡੀ ਗੱਲ ਸੀ ਕਹਾਣੀ ਦੀ ਚੰਗੀ ਕਵਿਤਾ ਵਾਂਗ ਭਰਪੂਰ ਦਾਦ ਮਿਲਣਾ। ਇਸਤੋਂ ਬਾਅਦ ਚਾਹ ਦਾ ਸੈਸ਼ਨ ਸੀ। ਮੇਰੀ ਪਿੱਠ ਥਾਪੜਨ ਵਾਲਿਆਂ ਦੀ ਲੜੀ ਨਹੀਂ ਸੀ ਟੁੱਟ ਰਹੀ। ਇਸ ਪਰਸੰਸਾ ਦਾ ਨਸ਼ਾ ਮੈਨੂੰ ਕਈ ਚਿਰ ਰਿਹਾ।

ਕਹਾਣੀ ਵਿਚਲਾ ਰੇਲ ਦਾ ਸਫ਼ਰ ਮੇਰੇ ਸਕੂਲ ਦੇ ਕਲਰਕ ਅਮਰ ਨਾਥ ਨੇ ਕੀਤਾ ਸੀ ਤੇ ਉਸਨੇ ਹੀ ਦੱਸਿਆ ਸੀ ਕਿ ਅਸੀਂ ਹਿੰਦੂ ਹੋਣ ਕਰਕੇ ਉਹਨਾਂ ਮੁੰਡਿਆਂ ਤੋਂ ਡਰਦੇ ਸਾਂ ਤੇ ਉਹ ਸਿੱਖ ਹੋਣ ਕਰਕੇ ਪੁਲਿਸ ਵਾਲਿਆਂ ਵੱਲੋਂ ਮਾਰੇ ਜਾਣ ਤੋਂ ਡਰਦੇ ਸਨ। ਮੈਂ ਇਸ ਖ਼ਿਆਲ ਨੂੰ ਆਧਾਰ ਬਣਾ ਕੇ ਕਹਾਣੀ ਲਿਖੀ ਕਿ ਪੰਜਾਬ ਦਾ ਭਲਾ ਦੋਵਾਂ ਭਾਈਚਾਰਿਆਂ ਦੇ ਵੱਖਰੇ ਹੋਣ ਵਿੱਚ ਨਹੀਂ। ਵੱਖਰੇ ਹੋਇਆਂ ਕਿਸੇ ਧਿਰ ਦੀ ਵੀ ਮੌਤ ਪੰਜਾਬੀਅਤ ਦੀ ਮੌਤ ਦਾ ਸੰਕੇਤ ਹੈ। ਦੋਵੇਂ ਧਿਰਾਂ ਇੱਕ ਦੂਜੇ ਦੇ ਵਿਰੋਧੀ ਨਾ ਹੋ ਕੇ ਇੱਕ ਦੂਜੇ ਦੀਆਂ ਪੂਰਕ ਹਨ। ਇੱਕ ਦੀ ਜਾਨ ਨੂੰ ਦੂਜੇ ਦੀ ਸੁਰੱਖਿਆ ਦੀ ਲੋੜ ਹੈ। ਪੰਜਾਬ ਦੇ ਜਿਊਂਦੇ ਰਹਿਣ ਲਈ ਇੱਕ ਧਿਰ ਨੂੰ ਦੂਜੀ ਧਿਰ ਦੀ ਸੁਰੱਖਿਆ ਦੀ ਬੁੱਕਲ ਹਰ ਵੇਲੇ ਲੋੜੀਂਦੀ ਹੈ।


NamdhariElibrary NamdhariElibrary@gmail.com

'ਚੌਥੀ ਕੂਟ' ਕਹਾਣੀ ਵਿੱਚ ਕਿਉਂਕਿ ਘੱਟ-ਗਿਣਤੀ ਫ਼ਿਰਕੇ ਦੇ ਪਾਤਰਾਂ ਨੂੰ ਮਾਧਿਅਮ ਬਣਾ ਕੇ ਲਿਖੀ ਗਈ ਸੀ ਤੇ ਉਹਨਾਂ ਨੂੰ ਆਪਣੇ ਖ਼ਤਰਿਆਂ ਤੇ ਫ਼ਿਕਰਾਂ ਨੂੰ ਬਿਆਨ ਕਰਨ ਲਈ ਮੁਕੰਮਲ ਜ਼ਬਾਨ ਮਿਲੀ ਸੀ, ਇਸ ਲਈ ਇਸਦੀ ਕਿਸੇ ਕਿਸਮ ਦੀ ਆਲੋਚਨਾ ਨਾ ਹੋਈ ਪਰ ਇਸਤੋਂ ਅਗਲੀ ਕਹਾਣੀ 'ਪ੍ਰਛਾਵੇਂ' ਬਾਰੇ ਕੁੱਝ ਹਲਕਿਆਂ ਵੱਲੋਂ ਫਿਰ ਸਵਾਲ ਉਠਾਇਆ ਗਿਆ। ਸੱਚੀ ਗੱਲ ਤਾਂ ਇਹ ਸੀ ਕਿ ਪੰਜਾਬ ਸੰਕਟ ਨਾਲ ਹਰੇਕ ਬੰਦਾ ਬਹੁਤ ਨੇੜਿਓਂ ਜੁੜਿਆ ਹੋਇਆ ਸੀ ਤੇ ਹਰ ਇੱਕ ਨੇ ਇਸ ਬਾਰੇ ਆਪਣੀ ਨਿਸਚਿਤ ਰਾਇ ਵੀ ਬਣਾਈ ਹੋਈ ਸੀ। ਉਸ ਸਮੇਂ ਸੰਤੁਲਨ ਵਿੱਚ ਰਹਿਣਾ ਡਾਢਾ ਔਖਾ ਸੀ। ਇਸ ਲਈ ਹਰੇਕ ਪਾਠਕ ਕਹਣੀ ਦੀ ਆਤਮਾਂ ਨੂੰ ਸਮਝਣ ਦੀ ਥਾਂ ਆਪਣਾ ਉਲਾਰ ਵੀ ਉਸ ਵਿੱਚ ਸ਼ਾਮਲ ਕਰ ਲੈਂਦਾ ਸੀ।

'ਪ੍ਰਛਾਵੇਂ' ਕਹਾਣੀ ਵਿੱਚ ਪੰਜਾਬ ਦੇ ਤਤਕਾਲੀਨ ਦੁਖਾਂਤ ਨੂੰ ਸੰਤਾਲੀ ਦੇ ਦੁਖਾਂਤ ਨਾਲ ਜੋੜ ਕੇ ਪੇਸ਼ ਕੀਤਾ ਗਿਆ। ਲੁਕਵਾਂ ਸੁਨੇਹਾ ਇਹ ਵੀ ਸੀ ਕਿ ਜਿਵੇਂ ਅਸੀਂ ਹੁਣ ਸੰਤਾਲੀ ਦੇ ਕਤਲੇ-ਆਮ ਲਈ ਸ਼ਰਮਿੰਦੇ ਹਾਂ; ਕੱਲ੍ਹ ਨੂੰ ਹੁਣ ਵਾਲੇ ਕਤਲੇ-ਆਮ ਲਈ ਸ਼ਰਮਿੰਦਾ ਹੋਵਾਂਗੇ। ਸਾਨੂੰ ਵਾਰ ਵਾਰ ਅਜਿਹੀਆਂ ਸ਼ਰਮਸਾਰੀਆਂ ਦਾ ਸਾਹਮਣਾ ਕਿਉਂ ਕਰਨਾ ਪਵੇ!

ਗੁਰਦਿਆਲ ਸਿੰਘ ਨਾਵਲਕਾਰ ਤੇ ਟੀ ਆਰ ਵਿਨੋਦ ਉਦੋਂ ਰਿਜਨਲ ਸੈਂਟਰ ਬਠਿੰਡਾ ਵਿੱਚ ਪੜ੍ਹਾਉਂਦੇ ਸਨ। ਉਹਨਾਂ ਨੇ ਮੈਨੂੰ ਆਪਣੇ ਵਿਦਿਆਰਥੀਆਂ ਨਾਲ ਗੱਲ-ਬਾਤ ਕਰਨ ਲਈ ਸੱਦਿਆ। ਮੇਰੇ ਬੋਲਣ ਤੋਂ ਬਾਅਦ ਕਿਸੇ ਪ੍ਰੋਫ਼ੈਸਰ ਨੇ ਸਵਾਲ ਕੀਤਾ ਕਿ ਕਹਾਣੀ ਵਿੱਚ ਇੱਕ ਦ੍ਰਿਸ਼ ਵਿੱਚ ਮੈਂ ਹਿੰਦੂਆਂ ਨੂੰ ਭਰਾ ਕਹਿ ਕੇ ਉਹਨਾਂ ਨੂੰ ਹੌਂਸਲਾ ਦੇਣ ਵਾਲੇ ਖਾੜਕੂਆਂ ਨੂੰ 'ਚੰਗੇ' ਵਿਖਾ ਕੇ ਕੀ ਕਾਤਲ-ਧਿਰ ਦੀ ਹਮਾਇਤ ਤਾਂ ਨਹੀਂ ਕੀਤੀ? ਅਜਿਹਾ ਹੀ ਸਵਾਲ ਮੈਨੂੰ ਹਰਭਜਨ ਹੁੰਦਲ ਨੇ ਵੀ ਪੱਤਰ ਲਿਖ ਕੇ ਕੀਤਾ ਸੀ। ਮੈਂ ਆਪਣਾ ਦ੍ਰਿਸ਼ਟੀਕੋਨ ਇਸਤਰ੍ਹਾਂ ਪੇਸ਼ ਕੀਤਾ-

'ਪਰਛਾਵੇਂ' ਕਹਾਣੀ ਵਿੱਚ ਹਿੰਦੂਆਂ ਨੂੰ ਭਰਾ ਕਹਿ ਕੇ ਉਹਨਾਂ ਨੂੰ ਹੌਂਸਲਾ ਦੇਣ ਵਾਲੇ ਤਥਾ-ਕਥਿਤ ਲੋਕਾਂ ਦੇ ਇੱਕ ਦ੍ਰਿਸ਼ ਨੂੰ ਤੁਸੀਂ ਜਾਂ ਕੁੱਝ ਪਾਠਕ/ਆਲੋਚਕਾਂ ਵੱਲੋਂ ਵਿਸਥਾਰ ਨਾਲ ਚਿਤ੍ਰਣ ਕਰ ਕੇ ਮੈਨੂੰ ਕਾਤਿਲ-ਧਿਰ ਦਾ ਹਮਾਇਤੀ ਸਮਝਣਾ ਬੜੀ ਵੱਡੀ ਭੁੱਲ ਹੈ। ਇਹ ਮੇਰੀ ਰਚਨਾ-ਜੁਗਤ ਅਤੇ ਰਚਨਾ-ਦ੍ਰਿਸ਼ਟੀ ਨੂੰ ਡੂੰਘੇ ਜਾ ਕੇ ਨਾ ਸਮਝਣ ਵਿੱਚੋਂ ਪੈਦਾ ਹੋਇਆ ਭੁਲੇਖਾ ਹੈ। ਕੋਈ ਪਾਤਰ ਕਿਸੇ ਕਹਾਣੀ ਵਿੱਚ ਜ਼ਿਆਦਾ ਬੋਲਦਾ ਹੈ ਜਾਂ ਜ਼ਿਆਦਾ ਸਮਾਂ 'ਮੰਚ' ਉੱਤੇ ਰਹਿੰਦਾ ਹੈ ਤਾਂ ਇਸਦਾ ਭਾਵ ਇਹ ਨਹੀਂ ਕਿ ਉਹ ਲੇਖਕ ਦਾ ਪ੍ਰਤੀਨਿਧ ਪਾਤਰ ਹੋ ਗਿਆ। ਇਸ ਪ੍ਰਸੰਗ ਵਿੱਚ ਮੈਂ ਸਿੱਖ ਇਤਿਹਾਸ ਨਾਲ ਜੁੜੇ ਨਾਟਕਾਂ ਦਾ ਹਵਾਲਾ ਦੇਣਾ ਚਾਹੁੰਦਾ ਹਾਂ। ਸਾਡੀ ਵਿਸ਼ੇਸ਼ ਮਰਿਯਾਦਾ ਅਨੁਸਾਰ ਗੁਰੂ ਸਾਹਿਬਾਨ ਸਟੇਜ 'ਤੇ ਨਹੀਂ ਦਿਖਾਏ ਜਾਂਦੇ, ਕੇਵਲ ਉਹਨਾਂ ਦਾ ਜ਼ਿਕਰ ਹੋਰਨਾਂ ਪਾਤਰਾਂ ਰਾਹੀਂ ਆਉਂਦਾ ਹੈ। ਪਰ ਉਹਨਾਂ ਦੀ ਵਿਚਾਰਧਾਰਾ ਉਹਨਾਂ ਵੱਲੋਂ ਖ਼ੁਦ ਮੰਚ 'ਤੇ ਗ਼ੈਰ-ਹਾਜ਼ਰ ਰਹਿ ਕੇ ਵੀ ਸਮੁੱਚੀ ਰਚਨਾ ਦੀ ਰੂਹ ਵਿੱਚ ਸਮਾਈ ਹੁੰਦੀ ਹੈ। ਨਾਂਹ-ਵਾਚਕ ਕਿਰਦਾਰ ਸਗੋਂ ਬਹੁਤਾ ਸਮਾਂ ਦ੍ਰਿਸ਼ ਉੱਤੇ ਰਹਿੰਦੇ ਹਨ ਪਰ ਇਸ ਨਾਲ ਇਹ ਰਚਨਾ ਦੀ ਹਾਂ-ਮੁਖੀ ਆਤਮਾ ਨਹੀਂ ਬਣ ਜਾਂਦੇ। ਸੋ ਮਸਲਾ ਕਹਾਣੀ ਵਿੱਚ ਜ਼ਿਆਦਾ ਜਾਂ ਘੱਟ ਸਮਾਂ ਸੀਨ ਉੱਤੇ ਰਹਿਣ ਦਾ ਨਹੀਂ। ਮਸਲਾ ਹੈ ਲੇਖਕ ਦੀ ਰਚਨਾ-ਦ੍ਰਿਸ਼ਟੀ ਨੂੰ ਸਮਝਣ ਦਾ। ਇਸ ਅਨੁਸਾਰ ਜੇ ਮੇਰੀ ਕਹਾਣੀ ਨੂੰ ਵੇਖੋ ਤਾਂ ਇਸ ਵਿੱਚ ਨਾਂਹ-ਵਾਚਕ ਧਿਰ ਪਹਿਲੇ ਭਾਗ ਵਿੱਚ ਬਲਬੀਰ ਸਿੰਘ ਦੇ ਰੂਪ ਵਿੱਚ ਮੰਚ 'ਤੇ ਰਹਿੰਦੀ ਹੈ। ਪਰ ਬਾਅਦ ਦੇ ਸਮਿਆਂ ਵਾਲੀ ਨਾਂਹ-ਵਾਚਕ ਧਿਰ ਗ਼ੈਰ-ਹਾਜ਼ਰ ਹੋ ਕੇ ਵੀ ਆਪਣੇ ਕੁਕਰਮਾਂ ਸਦਕਾ ਸਦਾ ਹਾਜ਼ਰ ਰਹਿੰਦੀ ਹੈ ਕਹਾਣੀ ਦਾ ਪ੍ਰਤੀਨਿਧ ਸੱਚ ੧੯੪੭ ਤੋਂ ੧੯੮੪ ਤੱਕ ਫ਼ੈਲੀ ਫ਼ਿਰਕੂ ਨਫ਼ਰਤ ਦੇ ਵਿਰੁੱਧ ਮਾਨਵੀ ਭਾਈਚਾਰੇ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਵਾਲਾ ਹੈ। ਸਾਰੀ ਕਹਾਣੀ ਅਜੇਹੀ ਅਮਾਨਵੀ ਹਿੰਸਾ ਦੇ ਵਿਰੁੱਧ ਨਫ਼ਰਤ ਨਾਲ ਭਰੀ ਪਈ ਹੈ। ਪਾਠਕ ਜੇ ਗਹਿਰਾ ਉੱਤਰ ਕੇ ਪੜ੍ਹੇ ਤਾਂ ਇਸ ਸਵਾਲ ਦਾ ਜਵਾਬ ਲੱਭਣ ਲਈ ਵੀ ਅਹੁਲਦਾ ਹੈ ਕਿ ਸੰਤਾਲੀ ਵਾਲਾ ਬਲਬੀਰ ਸਿੰਘ ਅਜੇ ਵੀ ਕਿਉਂ 'ਜਿਉਂਦਾ' ਹੈ! ਇਸ 'ਬਲਬੀਰ ਸਿੰਘ' ਦੀ ਫ਼ਿਰਕੂ ਨਫ਼ਰਤ, ਅੰਨ੍ਹੀ ਹਿੰਸਾ ਦਾ ਵਿਰੋਧ ਤਾਂ ਕਹਾਣੀ ਦੇ ਆਰ-ਪਾਰ ਫ਼ੈਲਿਆ ਹੋਇਆ ਹੈ। ਹਿੰਦੂਆਂ ਨੂੰ 'ਭਰਾ' ਕਹਿ ਕੇ ਹੌਂਸਲਾ ਦੇਣ ਵਾਲੇ ਭਾਵੇਂ ਕਹਾਣੀ ਦੇ ਮੰਚ 'ਤੇ ਆਉਂਦੇ ਵੀ ਹਨ, ਪਰ ਉਹ ਪ੍ਰਤੀਨਿਧ ਧਿਰ ਬਣ ਕੇ ਨਹੀਂ ਉੱਭਰਦੇ; ਉਹ ਤਾਂ ਕਿਸੇ 'ਅੰਸ਼ਿਕ ਸੱਚ' ਨੂੰ ਮੂਰਤੀਮਾਨ ਕਰਦੇ ਹੋ ਸਕਦੇ ਹਨ। ਪ੍ਰਤੀਨਿਧ ਸੱਚ ਤਾਂ ਅੰਨ੍ਹੀ ਦਹਿਸ਼ਤਗਰਦੀ ਅਤੇ ਫ਼ਿਰਕੂ ਨਫ਼ਰਤ ਦਾ ਪਿਛਲੇ ਪੰਜਾਹ ਸਾਲਾਂ ਤੋਂ ਕਹਾਣੀ ਵਿੱਚ ਫ਼ੈਲਿਆ ਪਸਾਰਾ ਹੈ। ਇਸ ਲਈ ਪਾਠਕਾਂ/ਆਲੋਚਕਾਂ ਨੂੰ ਇਸ ਪ੍ਰਤੀਨਿਧ ਸੱਚ ਵੱਲ ਵੇਖਣਾ ਚਾਹੀਦਾ ਹੈ। ਜਿਨ੍ਹਾਂ ਨੂੰ ਕੁੱਝ ਪਲਾਂ ਲਈ ਮੰਚ 'ਤੇ ਆਏ 'ਚੰਗੇ ਜਾਪਦੇ' ਖਾੜਕੂਆਂ 'ਤੇ


Namdhari Elibrary NamdhariElibrary@gmail.com

ਇਤਰਾਜ਼ ਹੈ ਉਹਨਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਹ ਵੀ ਸਮੁੱਚੀ ਹਕੀਕਤ ਦਾ 'ਅੰਸ਼ਿਕ ਸੱਚ ਹੈ'।

ਲੇਖਕ ਨੇ ਕੇਵਲ ਪ੍ਰਤੀਨਿਧ ਸੱਚ ਨੂੰ ਹੀ ਨਹੀਂ, ਅੰਸ਼ਿਕ ਸੱਚ ਨੂੰ ਵੀ ਚਿਤ੍ਰਣਾ ਹੁੰਦਾ ਹੈ। ਇਸ ਅੰਸ਼ਿਕ ਸੱਚ ਵਾਲੇ ਲੋਕ ਵੀ ਮੇਰੇ ਨਿੱਜੀ ਮੁਸ਼ਾਹਦੇ ਦਾ ਹਿੱਸਾ ਨੇ ਉਹਨਾਂ ਵਿੱਚੋਂ ਕਿਧਰੇ ਕੋਈ ਵਿਰਲੇ ਜਾਂ ਬਹੁਤ ਵਿਰਲੇ ਕੁੱਝ ਚੰਗੇ ਵੀ ਜਾਪਦੇ ਸਨ। ਤਾਂ ਉਹਨਾਂ ਨੂੰ ਵੀ ਕਿਓਂ ਨਾ ਚਿਤਰਿਆ ਜਾਵੇ? ਮੈਂ ਉਹਨਾਂ ਰਾਹੀ ਫ਼ਿਰਕੂ ਜ਼ਹਿਰੀਆਂ 'ਤੇ ਸਿੱਖੀ ਦੇ ਪ੍ਰਤੀਨਿਧਾਂ ਵਿੱਚ ਵੀ ਸੂਖ਼ਮ ਜਿਹਾ ਨਿਖੇੜਾ ਕਰਨਾ ਚਾਹਿਆ ਹੈ। ਅੰਸ਼ਿਕ ਤੌਰ 'ਤੇ ਉਹਨਾਂ ਵਿੱਚ ਵੀ ਚੰਗੇ ਬੰਦੇ ਸਨ। ਜੇ ਉਹਨਾਂ ਦਾ ਜ਼ਿਕਰ ਵੀ ਆ ਗਿਆ ਤਾਂ ਇਸ ਨਾਲ ਤਸਵੀਰ ਮੁਕੰਮਲ ਹੀ ਹੁੰਦੀ ਹੈ। ਪਰ ਕੁੱਝ ਪਲਾਂ ਲਈ ਮੰਚ 'ਤੇ ਆਏ ਇਹ ਲੋਕ ਛੋਟੇ ਹਿੱਸੇ ਦਾ ਸੱਚ ਬਣਨ ਦੇ ਬਾਵਜੂਦ ਸਮੁੱਚੀ ਦਹਿਸ਼ਤਗਰਦ ਲਹਿਰ ਦੇ ਪ੍ਰਤੀਨਿਧ ਨਹੀਂ ਬਣ ਜਾਂਦੇ ਉਹਨਾਂ ਨੂੰ 'ਵਿਸਥਾਰ ਨਾਲ' ਚਿਤ੍ਰਣ ਦਾ ਭਾਵ ਇਹ ਹਰਗਿਜ਼ ਨਹੀਂ ਬਣ ਜਾਂਦਾ ਕਿ ਕਹਾਣੀਕਾਰ ਦਹਿਸ਼ਗਰਦ ਜਾਂ ਫ਼ਿਰਕੂ ਲਹਿਰ ਦਾ ਪ੍ਰਸ਼ੰਸਕ ਬਣ ਗਿਆ। ਇਸ ਦਾ ਵਿਰੋਧ ਤਾਂ ਸਮੁੱਚੀ ਕਹਾਣੀ ਦੇ ਗਠਨ ਵਿੱਚ ਫ਼ੈਲਿਆ ਹੋਇਆ ਹੈ। ਨਫ਼ਰਤ ਤੇ ਹਿੰਸਾ ਦੇ ਇਹਨਾਂ 'ਪ੍ਰਛਾਵਿਆਂ' ਤੋਂ ਅਸੀਂ ਅੱਧੀ ਸਦੀ ਤੱਕ ਮੁਕਤ ਨਹੀਂ ਹੋ ਸਕੇ। ਕਈ ਤਾਂ ਇਹ ਵੀ ਕਹਿੰਦੇ ਹਨ ਕਿ ਮੈਂ ਕਹਾਣੀ ਦੇ ਅੰਤ ਉੱਤੇ 'ਉਹ ਕੌਣ ਸਨ?" ਕਹਿ ਕੇ ਬਾਤ ਮੁਕਾ ਦਿੱਤੀ ਹੈ।

'ਉਹ ਕੌਣ ਹਨ' ਇਹਨਾਂ ਦੀ ਹੀ ਤਾਂ ਸਾਰੀ ਕਹਾਣੀ ਵਿੱਚ ਬਾਤ ਪਾਈ ਹੈ ੧੯੪੭ ਤੋਂ ੧੯੮੪ ਤੱਕ 'ਜਿਊਂਦੇ' ਬਲਬੀਰ ਸਿੰਘ ਦੀ ਹੀ ਤਾਂ ਬਾਤ ਹੈ ਇਹ ਕਹਾਣੀ ਜਦੋਂ ਛੋਟੀ ਬੱਚੀ ਇਹ ਸੁਆਲ ਕਰਦੀ ਹੈ ਕਿ ਗੋਲੀ ਚਲਾਉਣ ਵਾਲਿਆਂ ਵਿੱਚ 'ਬਲਬੀਰ ਸਿੰਘ' ਵੀ ਸੀ? ਤਾਂ ਇਹ ਗੱਲ ਮੁਕਾਉਣਾ ਹੀ ਨਹੀਂ, ਗੱਲ ਦੱਸਣਾ ਵੀ ਹੈ ਕਿ ਅਸੀਂ 'ਸਿਆਣੇ' ਤਾਂ ਏਨੇ ਸਹਿਮ ਗਏ ਸਾਂ ਕਿ ਡਰਦੇ ਕਾਤਲ ਜਾਂ ਜ਼ਾਲਮ ਨੂੰ ਕਾਤਲ ਜਾਂ ਜ਼ਾਲਮ ਕਹਿ ਵੀ ਨਹੀਂ ਸਾਂ ਸਕਦੇ! ਪਰ ਕਹਾਣੀ ਤਾਂ ਕਾਤਲਾਂ ਨੂੰ ਕਾਤਲ ਅਤੇ ਜ਼ਾਲਮਾਂ ਨੂੰ ਜ਼ਾਲਮ ਕਹਿੰਦੀ ਹੈ।

ਹਿੰਦੂਆਂ ਨੂੰ 'ਭਰਾ' ਕਹਿ ਕੇ ਟਿਕੇ ਰਹਿਣ ਅਤੇ ਦੁਕਾਨਾਂ ਖੋਲ੍ਹ ਕੇ ਰੱਖਣ ਲਈ ਕਹਿਣ ਵਾਲੇ ਖਾੜਕੂਆਂ ਨੂੰ ਮੈਂ ਆਪ ਆਪਣੇ ਪਿੰਡ ਦੇ ਬਾਜ਼ਾਰ ਵਿੱਚ ਵੇਖਿਆ। ਜਿਵੇਂ ਕਹਾਣੀ ਵਿੱਚ ਹੈ, ਇਵੇਂ ਹੀ ਵਾਪਰਿਆ। ਰੋਜ਼ ਹੀ ਮਾਸੂਮਾਂ ਦਾ ਕਤਲ ਕਰਨ ਵਾਲੀ ਤੇ ਸਟੇਨਾਂ ਦੇ ਜ਼ੋਰ ਨਾਲ ਪੈਸੇ ਖੋਹਣ ਵਾਲੀ ਧਿਰ ਵਿੱਚ 'ਇਹੋ ਜਿਹੇ ਬੰਦੇ ਵੀ ਸਨ!' ਭਾਵੇਂ ਉਹ ਇਲਾਕੇ ਦੇ ਮੁੰਡੇ ਸਨ ਅਤੇ ਇਲਾਕੇ ਦੀ ਉਸ ਸਾਂਝ ਵਿੱਚੋਂ ਹੀ ਸ਼ਾਇਦ ਉਹ ਇਸਤਰ੍ਹਾਂ ਦੀ 'ਛੋਟ' ਦੇ ਰਹੇ ਹੋਣ। ਹੋ ਸਕਦਾ ਹੈ ਕਿਸੇ ਦੂਜੇ ਇਲਾਕੇ ਵਿੱਚ ਉਹ ਵੀ ਦੂਜਿਆਂ ਵਾਂਗ ਹੀ ਮਾਰ-ਧਾੜ ਕਰਦੇ ਹੋਣ। ਕਰਦੇ ਹੀ ਹੋਣਗੇ, ਨਹੀਂ ਤਾਂ ਕੱਪੜਿਆਂ ਲਈ ਅਤੇ ਚਾਹ-ਜਲੇਬੀਆਂ ਲਈ ਦਿੱਤੇ ਪੈਸੇ ਕਿਹੜੇ ਬੈਂਕ 'ਚੋਂ ਕਢਵਾਏ ਸਨ ਉਹਨਾਂ ਨੇ! ਪਰ ਉਹਨਾਂ ਦੇ ਵਿਹਾਰ ਵਿੱਚੋਂ ਮੈਨੂੰ ਅੰਸ਼ਿਕ ਤੌਰ 'ਤੇ ਪ੍ਰੰਪਰਿਕ ਸਿੱਖੀ ਦੀ ਝਲਕ ਮਿਲੀ। ਮੈਂ ਕਹਾਣੀ ਲਿਖਦਿਆਂ ਸੋਚਿਆ ਇਹਨਾਂ ਲੋਕਾਂ ਨੂੰ ਵੀ ਕਿਓਂ ਨਾ ਪੇਸ਼ ਕਰਾਂ? ਉਹਨਾਂ ਨੂੰ ਪੇਸ਼ ਕਰਨਾ ਉਹਨਾਂ ਦੀ ਹੀ ਬਹੁਤ ਵੱਡੀ ਬੇਕਿਰਕ, ਅਨਪੜ੍ਹ ਅਤੇ ਜ਼ਾਲਮ ਧਿਰ ਦੇ ਮੂੰਹ 'ਤੇ ਚਪੇੜ ਮਾਰਨਾ ਸੀ ਅਤੇ ਕਲਾਮਤਕ ਅੰਦਾਜ਼ ਵਿੱਚ ਦੱਸਣਾ ਸੀ ਕਿ ਕਹਾਣੀ ਦੇ ਆਰ-ਪਾਰ ਫ਼ੈਲੇ ਉਹ ਫ਼ਿਰਕੂ ਅਤੇ ਹਿੰਸਕ ਲੋਕ ਸਿੱਖੀ ਦੇ ਪ੍ਰਤੀਨਿਧ ਕਿਵੇਂ ਹੋ ਸਕਦੇ ਹਨ ਜਿਨ੍ਹਾਂ ਦਾ ਨਾਮ ਸੁਣਦਿਆਂ ਹੀ ਲੋਕਾਂ ਦੇ ਸਾਹ ਸੂਤੇ ਜਾਂਦੇ ਹਨ!

ਜਦੋਂ ਇਹ ਕਹਾਣੀ ਲਿਖ ਲਈ ਤਾਂ ਪੜ੍ਹ ਕੇ ਮੈਨੂੰ ਵੀ ਖ਼ਿਆਲ ਆਇਆ ਕਿ ਮੇਰੀ ਰਚਨਾ-ਦ੍ਰਿਸ਼ਟੀ ਅਤੇ ਰਚਨਾ-ਜੁਗਤ ਨੂੰ ਡੂੰਘਾਈ ਨਾਲ ਨਾ ਸਮਝਣ ਵਾਲੇ ਲੋਕ ਇਹ ਸਮਝ ਲੈਣਗੇ ਕਿ ਮੈਂ ਇਜ ਖਾੜਕੂਆਂ ਦੀ ਵਕਾਲਤ ਕਰਨ ਲੱਗ ਪਿਆਂ। ਇਸੇ ਆਲੋਚਨਾਤਮਕ ਭੈਅ ਵਿੱਚੋਂ ਮੈਂ ਕਹਾਣੀ ਦੇ ਇਸ ਭਾਗ ਨੂੰ ਕੱਟ ਦੇਣ ਦਾ ਨਿਰਣਾ ਕਰ ਲਿਆ ਤਾਂ ਮੇਰੀ ਪਤਨੀ ਨੇ ਕਿਹਾ ਕਿ ਮੈਨੂੰ ਅਜੇਹਾ ਨਹੀਂ ਕਰਨਾ ਚਾਹੀਦਾ। ਇਸ ਨੂੰ ਕੱਟਣਾ ਹਕੀਕਤ ਬਿਆਨੀ ਤੋਂ ਮੂੰਹ ਮੋੜਨਾ ਹੈ ਸੱਚ ਨੂੰ ਵੇਖ ਕੇ ਤੇ ਜਾਣ ਬੁੱਝ ਕੇ ਉਸ ਤੋਂ ਅੱਖ ਮੋੜਨੀ ਲੇਖਕ ਦੀ ਸੁਹਿਰਦਤਾ ਨਹੀਂ। ਉਸਦੇ ਕਹਿਣ 'ਤੇ ਇਹ ਭਾਗ ਕਹਾਣੀ ਵਿੱਚ ਜਿਓਂ ਦਾ ਤਿਓਂ ਰਹਿਣ ਦਿੱਤਾ। ਮੇਰੇ ਅੰਦਰਲੇ ਅਤੇ ਬਾਹਰਲੇ ਦਬਾਓ ਨੇ ਮੈਨੂੰ ਲਗਭਗ ਗ਼ਲਤ ਫ਼ੈਸਲਾ ਲੈਣ ਲਈ ਮਜਬੂਰ ਕਰ ਹੀ ਦਿੱਤਾ ਸੀ। ਪਰ ਮੇਰੀ ਪਤਨੀ ਨੇ ਮੈਨੂੰ ਵਰਜ ਦਿੱਤਾ ਹੁਣ ਮੈਂ ਸਮਝਦਾਂ ਕਿ ਉਸਦੀ ਗੱਲ ਮੰਨ ਕੇ ਮੈਂ ਠੀਕ ਹੀ ਕੀਤਾ। ਮੈਂ ਸੰਤੁਲਨ ਬਣਾ ਲਿਆ। ਜੇ ਉਹ ਭਾਗ ਕੱਟ ਦੇਂਦਾ ਤਾਂ ਮੈਂ ਵੀ ਵਕਤੀ ਦਬਾਓ ਅਧੀਨ ਅਸੰਤੁਲਿਤ ਤੇ ਉਲਾਰ ਹੋ ਜਾਂਦਾ।

ਸ਼ਾਇਦ ਮੇਰੇ ਏਸੇ ਸਪਸ਼ਟੀਕਰਨ ਨੂੰ ਧਿਆਨ ਵਿੱਚ ਰੱਖਦਿਆਂ ਹੀ ਜਦੋਂ ਗੁਰਦਿਆਲ ਸਿੰਘ ਨੇ ਪੰਜਾਬ ਯੂਨੀਵਰਸਿਟੀ ਦੇ ਬੀ ਏ ਦੇ ਕੋਰਸ ਲਈ ਪੰਜਾਬੀ ਕਹਾਣੀਆਂ ਦਾ ਸੰਗ੍ਰਹਿ ਤਿਆਰ ਕੀਤਾ ਤਾਂ ਉਸਨੇ ਉਸ ਵਿੱਚ ਸ਼ਾਮਲ ਕਰਨ ਲਈ 'ਪ੍ਰਛਾਵੇਂ' ਕਹਾਣੀ ਨੂੰ ਹੀ ਚੁਣਿਆਂ। 'ਚੌਥੀ ਕੂਟ' ਵੀ ਦਲੀਪ ਕੌਰ ਟਿਵਾਣਾ ਦੀ ਸੰਪਾਦਨਾ ਹੇਠ ਏਸੇ ਯੂਨੀਵਰਸਿਟੀ ਦੇ ਪਾਠ-ਕ੍ਰਮ ਵਿੱਚ ਸ਼ਾਮਲ ਕੀਤੀ ਗਈ ਸੀ।

'ਪ੍ਰਛਾਵੇਂ' ਤੇ 'ਮੈਂ ਹੁਣ ਠੀਕ ਠਾਕ ਹਾਂ' ਕਹਾਣੀਆਂ ਮੈਂ ਜਲੰਧਰ ਆਣ ਕੇ ਲਿਖੀਆਂ।

'ਮੈਂ ਹੁਣ ਠੀਕ ਠਾਕ ਹਾਂ' ਲਿਖਣ ਦਾ ਸਬੱਬ ਕੁੱਝ ਇਸਤਰ੍ਹਾਂ ਬਣਿਆਂ।

ਜਲੰਧਰੋਂ ਆਪਣੇ ਪਿੰਡ ਖੇਤਾਂ ਵਿੱਚ ਬੀਬੀ ਹੁਰਾਂ ਨੂੰ ਮਿਲਣ ਗਿਆ ਤਾਂ ਮੈਨੂੰ ਰਾਖੀ ਲਈ ਰੱਖੇ ਦੋ ਲੰਡੇ ਕੁੱਤੇ ਇਸ ਵਾਰ ਕਿਧਰੇ ਦਿਖਾਈ ਨਾ ਦਿੱਤੇ। ਪਹਿਲਾਂ ਤਾਂ ਉਹ ਮੈਨੂੰ ਆਇਆ ਵੇਖ ਕੇ ਅੱਗੇ ਪਿੱਛੇ ਭੌਂਦੇ ਰਹਿੰਦੇ ਸਨ। ਮੇਰੇ ਪੁੱਛਣ ਤੇ ਬੀਬੀ ਨੇ ਦੱਸਿਆ, "ਪਿੱਛੇ ਜਿਹੇ ਭਾਊ ਸੁਨੇਹਾ ਦੇ ਗਏ ਸੀ ਕਿ ਬਹਿਕਾਂ 'ਤੇ ਬਾਹਰ ਬਲਬ ਨਾ ਜਗਾਓ ਤੇ ਆਪਣੇ ਕੁੱਤੇ ਮਾਰ ਦਿਓ। ਕੁੱਤਿਆਂ ਦੇ ਭੌਂਕਣ ਨਾਲ ਉਹਨਾਂ ਦੇ ਆਉਣ ਦੀ ਸੂਹ ਲੱਗ ਜਾਂਦੀ ਹੈ।"

ਏਨੀ ਕਹਿ ਕੇ ਉਹ ਚੁੱਪ ਕਰ ਗਈ।

"ਕੁੱਤੇ ਮਾਰ 'ਤੇ ਫਿਰ ਤੁਸਾਂ?" ਮੈਂ ਸੁਰਿੰਦਰ ਵੱਲ ਮੂੰਹ ਕੀਤਾ।

ਉਹ ਝੂਠਾ ਜਿਹਾ ਹਾਸਾ ਹੱਸਿਆ, "ਕੀ ਕਰਦੇ! ਸਾਡਾ ਤਾਂ ਮਾਰਨ ਨੂੰ ਜੀ ਨਹੀਂ ਸੀ ਕਰਦਾ ਹੱਥੀਂ ਪਾਲੇ ਸੀ। ਪਰ ਜਦੋਂ ਅਗਲੀ ਵਾਰ ਉਹ ਘਰੇ ਹੀ ਆ ਧਮਕੇ ਤਾਂ ਮੈਂ ਆਖਿਆ, 'ਦਵਾਈ ਨਹੀਂ ਸੀ ਲੱਭੀ। ਤੁਸੀਂ ਹੀ ਕੈਪਸੂਲ ਦੇ ਦਿਓ ਉਹਨਾਂ ਦੋ ਕੈਪਸੂਲ ਦਿੱਤੇ ਮੈਂ ਦਹੀਂ 'ਚ ਰਲਾ ਕੇ ਪਾ 'ਤੇ ਪਲ 'ਚ ਫੁੜਕ ਗਏ ਵਿਚਾਰੇ!"

ਉਹ ਫਿਰ ਸ਼ਰਮਿੰਦਿਆਂ ਦੇ ਤਾਣ ਰੋਂਦਾ ਜਿਹਾ ਹਾਸਾ ਹੱਸਿਆ ਤਾਂ ਮੇਰੇ ਅੰਦਰ ਝਰਨਾਹਟ ਫਿਰ ਗਈ।

"ਪੁੱਤ, ਕੀ ਕਰਦੇ ਫੇਰ? ਮਨ ਅਵਾਜਾਰ ਤਾਂ ਬੜਾ ਹੋਇਆ। ਔਤਰੇ ਟੱਬਰ ਦਾ ਜੀਅ ਸਨ। ਪਰ ਆਪਣੀ ਜਾਨ ਵੀ ਤਾਂ ਚਾਹੀਦੀ ਸੀ। ਉਹਨਾਂ ਮੁੰਡਿਆਂ 'ਚ ਇੱਕ ਛੂਹਕਾ ਜਿਹਾ, ਮਸਾਂ ਛਟਾਂਕੀ ਕੁ ਜਿੱਡਾ ਹੋਊ, ਉਹੋ ਹੀ ਨਹੀਂ ਸੀ ਮਾਣ। ਚਪੇੜ ਦੀ ਮਾਰ ਨਹੀਂ ਹੋਣਾਂ। ਚਾਂਭਲਿਆ ਹੋਇਆ ਸਟੇਨ ਚੁੱਕ ਚੁੱਕ ਵਖਾਵੇ। ਅਖੇ: ਤੁਸੀਂ ਹੁਕਮ ਕਿਉਂ ਨਹੀਂ ਮੰਨਿਆਂ?" ਬੀਬੀ ਦਾ ਮਨ ਭਰਿਆ ਹੋਇਆ ਸੀ।

ਮੈਨੂੰ ਆਪਣੀ ਜਵਾਨੀ ਦੇ ਦਿਨਾਂ ਵਿੱਚ ਬੜੇ ਚਾਅ ਨਾਲ ਪਾਲਿਆ ਕੁੱਤਾ ਟੌਮੀ ਯਾਦ ਆਇਆ। ਉਹ ਬਿਲਕੁਲ ਇਸ ਕਹਾਣੀ ਵਿਚਲੇ ਟੌਮੀ ਵਰਗਾ ਸੀ। ਉਸਨੂੰ ਕਿਸੇ ਮਰਜ਼ ਤੋਂ ਬਚਾਅ ਲਈ ਲਵਾਇਆ ਟੀਕਾ ਖ਼ਰਾਬ ਹੋ ਗਿਆ ਸੀ ਤੇ ਫਿਰ ਜ਼ਖ਼ਮ ਰਾਜ਼ੀ ਹੋਣ ਵਿੱਚ ਹੀ ਨਾ ਆਇਆ। ਇੱਕ ਸਵੇਰੇ ਜਦੋਂ ਕਹਾਣੀ ਵਿਚਲੀ 'ਮਾਂ' ਵਾਂਗ ਹੀ ਬੀਬੀ ਨੇ ਮੈਨੂੰ ਜਗਾ ਕੇ ਕੇ 'ਟੌਮੀ' ਦੇ ਮਰ ਜਾਣ ਦੀ ਖ਼ਬਰ ਸੁਣਾਈ ਤਾਂ ਉਸਦੀ ਮੁਰਦਾ ਦੇਹ ਕੋਲ ਬੈਠਣ ਲੱਗਿਆਂ ਮੇਰਾ ਅੰਦਰ ਟੁੱਟ ਗਿਆ। ਫੁੱਟ ਫੁੱਟ ਕੇ ਮੇਰਾ ਰੋਣ ਨਿਕਲ ਗਿਆ।

ਹੁਣ ਵੀ ਮੈਂ ਮਹਿਸੂਸ ਕਰ ਰਿਹਾ ਸਾਂ ਕਿ ਕੁੱਤਿਆਂ ਨੂੰ ਮਾਰਨ ਲਈ ਪਰਿਵਾਰ ਨੂੰ ਕਿਹੋ ਜਿਹੀ ਮਾਨਸਿਕ ਪੀੜਾ ਵਿਚੋਂ ਗੁਜ਼ਰਨਾ ਪਿਆ ਹੋਵੇਗਾ! ਕੀ ਕੁੱਤੇ ਮਾਰਨੋਂ ਇਨਕਾਰੀ ਹੋ ਕੇ ਮੈਂ ਖ਼ੁਦ 'ਉਹਨਾਂ' ਦੀ ਨਰਾਜ਼ਗੀ ਸਹੇੜ ਸਕਦਾ ਸਾਂ! ਆਪਣੇ ਆਪ ਨੂੰ ਘਰਦਿਆਂ ਦੀ ਥਾਂ ਰੱਖ ਕੇ ਵੇਖਿਆ ਤਾਂ ਜਾਪਿਆ ਕਿ ਸਦਾ ਸਵੈ-ਮਾਣ ਨਾਲ ਭਰਿਆ ਮੇਰਾ ਅੰਦਰਲਾ ਉਸ 'ਛਟਾਂਕ' ਕੁ ਮੁੰਡੇ ਦੀ ਸਟੇਨ ਅੱਗੇ ਮਿੱਟੀ ਹੋ ਗਿਆ ਸੀ! ਮੇਰੀ ਅਣਖ਼ ਮੈਨੂੰ ਗਰਕ ਗਈ ਜਾਪੀ। ਤਰਨਤਾਰਨ ਦੀ ਪਰਿਕਰਮਾ ਵਿੱਚ ਵੰਗਾਰ ਕੇ ਆਪਣੀ ਬਾਂਹ ਨੀਵੀਂ ਕਰਨ ਦਾ ਲਲਕਾਰਾ ਮਾਰਨ ਵਾਲੇ ਹੰਕਾਰੇ ਜੱਟ ਦੀ ਬਾਂਹ ਮੇਰੇ ਦਾਦੇ ਵੱਲੋਂ ਭੰਨੇ ਜਾਣ ਦੀ ਕਹਾਣੀ ਮੈਨੂੰ ਸ਼ਰਮਿੰਦਾ ਕਰਨ ਲੱਗੀ। ਮੈਨੂੰ ਲੱਗਾ; ਮੇਰੀਆਂ ਆਪਣੀਆਂ ਬਾਹਵਾਂ ਟੁੰਡੀਆਂ ਹੋ ਗਈਆਂ ਸਨ! ਮੇਰਾ ਮਨ ਰੋਸ ਨਾਲ ਭਰ ਗਿਆ। ਮੈਂ ਕਿਉਂ ਨਹੀਂ ਸਾਂ ਕੁੱਝ ਕਰਨ ਜੋਗਾ ਰਹਿ ਗਿਆ? ਕਿੱਥੇ ਸੀ ਉਹ ਬਹਾਦਰੀ ਤੇ ਜਵਾਂ-ਮਰਦੀ ਦੀਆਂ ਟਾਹਰਾਂ ਮਾਰਨ ਵਾਲਾ ਪੰਜਾਬ, ਜਿਹੜਾ ਕਹਿੰਦੇ ਸਨ, ਕਿਸੇ ਦੀ ਟੈਂਅ ਨਹੀਂ ਸੀ ਮੰਨਦਾ!

ਫਿਰ ਮੈਨੂੰ ਖ਼ਿਆਲ ਆਇਆ ਕਿ ਮੈਂ ਏਥੇ ਕੁੱਤਿਆਂ ਦੇ ਮਰਨ ਨੂੰ ਲੈ ਕੇ ਦੁਖੀ ਹੋ ਰਿਹਾਂ, ਪਰ ਏਥੇ ਤਾਂ ਹਰ ਰੋਜ਼ ਪਤਾ ਨਹੀਂ ਕਿੰਨੇ ਲੋਕ ਕੁੱਤਿਆਂ ਵਾਂਗ ਮਾਰੇ ਜਾ ਰਹੇ ਹਨ! ਬੰਦਿਆਂ ਨੂੰ ਕੁੱਤਿਆਂ ਵਾਂਗ ਮਾਰੇ ਜਾਣ ਦੀਆਂ ਖ਼ਬਰਾਂ ਅਸੀਂ ਬੜੇ ਸਹਿਜ ਹੋ ਕੇ ਪੜ੍ਹਨ ਗਿੱਝ ਗਏ ਸਾਂ! ਸਾਡੀ ਸੰਵੇਦਨਾ ਸੁੰਨ ਹੋ ਗਈ ਸੀ।

ਸਾਡੇ ਅੰਦਰ ਦਰਦ ਦਾ ਅਹਿਸਾਸ ਮਰ ਗਿਆ ਸੀ। ਇਹ ਅਹਿਸਾਸ ਉਸ ਦਿਨ ਹੀ ਸਾਨੂੰ ਘੜੀ ਪਲ ਲਈ ਚੌਂਕਾਉਂਦਾ ਸੀ ਜਿਸ ਦਿਨ ਮਰਨ ਵਾਲਿਆਂ ਦੀ ਗਿਣਤੀ ਰੋਜ਼ਾਨਾ ਦੀਆਂ ਔਸਤ ਮੌਤਾਂ ਨਾਲੋਂ ਤਿਗਣੀ-ਚੌਗੁਣੀ ਜਾਂ ਉਸਤੋਂ ਵੀ ਵਧੇਰੇ ਹੋਵੇ।

ਅਚਨਚੇਤ ਮੈਂ ਨਿਰਣਾ ਲਿਆ ਕਿ ਅੱਜ ਜਦੋਂ ਬੰਦਿਆਂ ਨੂੰ ਕੁੱਤਿਆਂ ਵਾਂਗ ਮਰਦੇ ਵੇਖ ਕੇ ਸਾਡੀਆਂ ਅੱਖਾਂ ਦਾ ਪਾਣੀ ਸੁੱਕ ਗਿਆ ਜਾਪਦਾ ਹੈ, ਮੈਂ ਅਜਿਹੀ ਕਹਾਣੀ ਲਿਖਾਂਗਾ ਕਿ ਕੁੱਤੇ ਦੇ ਮਰਨ 'ਤੇ ਵੀ ਪੜ੍ਹਨ ਵਾਲਿਆਂ ਦੀਆਂ ਅੱਖਾਂ ਵਿਚੋਂ ਅੱਥਰੂ ਕਿਰਨ ਲੱਗਣ!

ਤੇ ਇਹ ਕਹਾਣੀ ਲਿਖੀ ਗਈ ਕੁੱਤੇ ਮਾਰਨ ਦੀ ਘਟਨਾ ਨੂੰ ਮੈਂ ਸਮੁੱਚੇ ਪੰਜਾਬ-ਸੰਕਟ ਨਾਲ ਜੋੜ ਕੇ ਜਦੋਂ ਇਹ ਕਹਾਣੀ ਲਿਖੀ ਤਾਂ ਇਸਦੇ ਛਪਣ 'ਤੇ ਅਜਿਹਾ ਉਤਸ਼ਾਹੀ ਪ੍ਰਤੀਕਰਮ ਹੋਇਆ ਜਿਸਦੀ ਕਦੀ ਕਲਪਨਾ ਵੀ ਨਹੀਂ ਸੀ ਕੀਤੀ। ਗੁਰਦਿਆਲ ਸਿੰਘ ਨੇ ਪਰਸੰਸਾ ਭਰੀ ਲੰਮੀ ਚਿੱਠੀ ਲਿਖਦਿਆਂ ਕਿਹਾ ਕਿ ਕਹਾਣੀ ਵਿੱਚ ਜਿੱਥੇ ਕੁੱਤੇ ਨੂੰ ਮਾਰਿਆ ਜਾਂਦਾ ਹੈ ਉਥੇ ਮੇਰਾ ਮਨ ਭਰ ਆਇਆ ਸੀ। ਸੁਰਜੀਤ ਪਾਤਰ ਨੇ ਇਸਦੀ ਵਡਿਆਈ ਕਰਦਿਆਂ ਸ਼ਾਇਰਾਨਾ ਅੰਦਾਜ਼ ਵਿੱਚ ਕਿਹਾ ਕਿ ਇਸ ਕਹਾਣੀ ਤੋਂ ਪੰਜਾਬ ਸੰਕਟ ਬਾਰੇ ਲਿਖੀ ਸਾਰੀ ਕਵਿਤਾ ਵਾਰੀ ਜਾ ਸਕਦੀ ਹੈ। ਕਨੇਡਾ ਦੇ ਇੱਕ ਸਾਹਿਤਕ ਸਮਾਗਮ ਵਿੱਚ ਕਹਾਣੀਕਾਰ ਅਮਨਪਾਲ ਸਾਰਾ ਨੇ ਕਿਹਾ ਕਿ ਉਹ ਕਹਾਣੀ ਪੜ੍ਹਦਿਆਂ ਤਿੰਨ ਵਾਰ ਰੋਇਆ 'ਸਿਰਜਣਾ' ਵਿੱਚ ਛਪੀ ਇਸ ਕਹਾਣੀ ਦੀਆਂ ਪਰਚਾ ਨਾ ਮਿਲ ਸਕਣ ਦੀ ਸੂਰਤ ਵਿੱਚ ਕਹਾਣੀ ਦੇ ਪ੍ਰਸੰਸਕਾਂ ਨੇ ਫੋਟੋ ਕਾਪੀਆਂ ਕਰਵਾ ਕਰਵਾ ਕੇ ਵੰਡੀਆਂ। ਫੋਟੋ ਕਾਪੀਆਂ ਕਰਕੇ ਵੰਡਣ ਵਾਲਿਆਂ ਵਿੱਚ ਕਹਾਣੀਕਾਰ ਗੁਰਪਾਲ ਲਿਟ ਦੇ ਨੌਜਵਾਨ ਪੁੱਤਰ ਤੋਂ ਲੈ ਕੇ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਤੱਕ ਪਾਠਕ ਸ਼ਾਮਲ ਸਨ। 'ਸਿਰਜਣਾ' ਵਿੱਚ ਇਸ ਬਾਰੇ ਆਰਟੀਕਲ ਤੇ ਅਨੇਕਾਂ ਪਰਸੰਸਾ ਪੱਤਰ ਛਪੇ।

ਏਨੀ ਵਿਆਪਕ ਪਰਸੰਸਾ ਮਿਲਣ ਦੇ ਬਾਵਜੂਦ ਕਿਸੇ ਸੱਜਣ ਨੇ ਆਪਣੇ ਬਿਆਨ ਵਿੱਚ ਆਪਣਾ ਅੰਦਰਲਾ ਉਲਾਰ ਜੋੜਦਿਆਂ ਕਿਹਾ ਕਿ ਪਹਿਲੀ ਵਾਰ ਤਾਂ ਟੌਮੀ ਸਟੇਨਾਂ ਵਾਲਿਆਂ ਦੇ ਗਲ ਨਹੀਂ ਪਿਆ (ਕਿਉਂਕਿ ਉਸਨੂੰ ਘਰ ਦੇ ਮਾਲਕਾਂ ਨੇ ਅਗਲਿਆਂ ਤੋਂ ਡਰ ਕੇ ਸੰਗਲੀ ਪਾ ਕੇ ਬੰਨ੍ਹ ਦਿੱਤਾ ਸੀ) ਪਰ ਜਦੋਂ ਪੁਲਿਸ ਆਉਂਦੀ ਹੈ ਤਾਂ ਉਹ ਉਹਨਾਂ ਨੂੰ ਭੌਂਕਦਾ, ਵੱਢਦਾ ਤੇ ਉਹਨਾਂ ਦੀ ਵਰਦੀ ਪਾੜਨ ਨੂੰ ਆਉਂਦਾ ਹੈ! ਉਸਨੇ ਇਸ ਗੱਲ ਵਿਚੋਂ ਵੀ ਮੇਰੀ 'ਅੱਤਿਵਾਦੀਆਂ ਪ੍ਰਤੀ 'ਹਮਦਰਦੀ' ਪੜ੍ਹ ਲਈ ਸੀ!

ਮੇਰੇ ਸਮਕਾਲੀ ਕਹਾਣੀਕਾਰਾਂ ਵਿਚੋਂ ਕਿਸੇ ਕਿਸੇ ਨੇ ਅਜਿਹੀ ਗੱਲ ਵੀ ਕੀਤੀ ਕਿ ਤਤਕਾਲੀ ਲਹਿਰਾਂ ਨਾਲ ਜੁੜੇ ਸਾਹਿਤ ਦੀ ਉਮਰ ਬਹੁਤੀ ਨਹੀਂ ਹੁੰਦੀ ਕਿਉਂਕਿ ਅਜਿਹੇ ਸਮੇਂ ਕਥਾਕਾਰ ਲਈ 'ਸਾਹਿਤਕ ਵਿੱਥ' ਸਥਾਪਤ ਕਰਨੀ ਔਖੀ ਹੁੰਦੀ ਹੈ। ਲਹਿਰ ਦੇ ਮਰਨ ਨਾਲ ਅਜਿਹਾ ਸਾਹਿਤ ਵੀ ਮਰ ਜਾਂਦਾ ਹੈ। ਕੁੱਝ ਇੱਕ ਦੀ ਤਾਂ ਇਹ ਵੀ ਰਾਇ ਸੀ ਕਿ ਪੰਜਾਬ ਦਾ ਮਸਲਾ ਭਖਦਾ ਹੋਣ ਕਰਕੇ ਮੈਂ ਅਜਿਹੀਆਂ ਕਹਾਣੀਆਂ ਕੇਵਲ ਚਰਚਾ ਵਿੱਚ ਰਹਿਣ ਲਈ ਲਿਖ ਰਿਹਾ ਸਾਂ।

ਪਰ ਮੈਂ ਇਸ ਕਰਕੇ 'ਪੰਜਾਬ ਸੰਕਟ' ਨੂੰ ਕਹਾਣੀਆਂ ਦਾ ਵਿਸ਼ਾ ਨਹੀਂ ਸੀ ਬਣਾਇਆ ਕਿ ਅਜਿਹਾ ਕਰਕੇ ਚਰਚਾ ਵਿੱਚ ਰਹਿਣਾ ਚਾਹੁੰਦਾ ਸਾਂ। ਉਸ ਸਮੇਂ ਦਾ ਖ਼ੌਫ਼ ਤੇ ਦਹਿਸ਼ਤ ਹੀ ਅਜਿਹੀ ਸੀ ਜੋ ਲਗਭਗ ਡੇਢ ਦਹਾਕਾ ਸਾਡੇ ਮਨਾਂ 'ਤੇ ਛਾਈ ਰਹੀ ਕੋਈ ਇੱਕ ਪਲ ਵੀ ਅਜਿਹਾ ਨਹੀਂ ਸੀ ਹੁੰਦਾ ਜਦੋਂ ਕਿਸੇ ਪੰਜਾਬੀ ਦਾ ਮਨ ਇਸ ਖ਼ੌਫ਼ ਦੇ ਭਾਰ ਤੋਂ ਮੁਕਤ ਹੋਇਆ ਹੋਵੇ। ਇਹ ਕੁੱਝ ਕੁ ਦਿਨਾਂ ਦਾ ਤਰਦਾ ਤਰਦਾ ਮਸਲਾ ਨਹੀਂ ਸੀ ਸਗੋਂ ਸਾਡੀਆਂ ਰੂਹਾਂ 'ਚ ਉੱਤਰ ਗਿਆ ਅਜਿਹਾ ਪਾਲਾ ਸੀ ਜੋ ਸਾਨੂੰ ਹਰ ਪਲ ਦੰਦੋੜਿੱਕਾ ਛੇੜੀ ਰੱਖਦਾ ਸੀ ਅਜਿਹੇ ਮਸਲੇ 'ਤੇ ਨਿਰੇ ਸ਼ੌਕ ਜਾਂ ਚਰਚਾ ਨੂੰ ਮੁੱਖ ਰੱਖ ਕੇ ਨਹੀਂ ਸੀ ਲਿਖਿਆ ਜਾ ਸਕਦਾ। ਇਸ ਬਾਰੇ ਲਿਖਣਾ 'ਮੌਤ ਨੂੰ ਮਾਸੀ' ਆਖਣ ਵਾਲੀ ਗੱਲ ਸੀ। ਖ਼ਾਸ ਤੌਰ 'ਤੇ ਮਾਝੇ ਦੇ ਉਸ ਇਲਾਕੇ ਵਿੱਚ ਜਿੱਥੇ ਮੈਂ ਰਹਿੰਦਾ ਸਾਂ, ਦਹਿਸ਼ਗਰਦਾਂ ਵਿਰੁੱਧ ਇੱਕ ਬੋਲ ਬੋਲਣਾ ਵੀ ਮੌਤ ਨੂੰ ਸੱਦਾ ਦੇਣ ਵਾਲੀ ਗੱਲ ਸੀ ਉਸ ਇਲਾਕੇ ਵਿੱਚ ਜਿਸਨੂੰ ਮੈਂ 'ਚੌਥੀ ਕੂਟ' ਆਖਦਾ ਸਾਂ ਤੇ ਜੋ ਦੂਜੇ ਦੇਸ਼-ਵਾਸੀਆਂ ਲਈ ਵਰਜਿਤ ਇਲਾਕਾ ਬਣ ਗਿਆ ਸੀ। ਉਸ ਪਿੰਡ ਵਿੱਚ ਬਹਿ ਕੇ, ਜਿਸ ਦੇ ਸਭ ਤੋਂ ਵੱਧ ਲੋਕ ਇਸ ਦੌਰ ਵਿੱਚ ਗੋਲੀ ਦਾ ਸ਼ਿਕਾਰ ਹੋ ਗਏ ਹੋਣ ਤੇ ਜਿੱਥੇ ਨਿੱਕੀ ਜਿਹੀ ਝੂਠੀ-ਸੱਚੀ ਗੱਲ 'ਤੇ ਬੰਦੇ ਨੂੰ ਅਗਲੇ ਜਹਾਨ ਪਹੁੰਚਾ ਦਿੱਤਾ ਜਾਂਦਾ ਹੋਵੇ, ਕੇਵਲ ਚਰਚਾ ਵਿੱਚ ਰਹਿਣ ਲਈ ਅਜਿਹੀਆਂ ਕਹਾਣੀਆਂ ਨਹੀਂ ਸਨ ਲਿਖੀਆਂ ਜਾ ਸਕਦੀਆਂ! ਇਹ ਤਾਂ ਆਪਣੇ ਮਨ 'ਤੇ ਟਿਕੇ ਹਿਮਾਲੀਆ ਜਿੱਡੇ ਭਾਰ ਨੂੰ ਕਲਮ ਦੀ ਨੋਕ ਨਾਲ ਭੋਰ ਭੋਰ ਕੇ ਭੋਰਾ-ਮਾਸਾ ਹਟਾਉਣ ਦਾ ਨਿਮਾਣਾ ਜਿਹਾ ਯਤਨ ਸਨ।


Namdhari Elibrary NamdhariElibrary@gmail.com



ਡਾ: ਹਰਸ਼ਿੰਦਰ ਕੌਰ, ਐਮ ਡੀ

# ਹਰਾ ਧਨੀਆ

*—ਡਾ: ਹਰਸ਼ਿੰਦਰ ਕੌਰ, ਐਮ ਡੀ,*
*ਬੱਚਿਆਂ ਦੀ ਮਾਹਿਰ,*

ਜਦੋਂ ਤੋਂ ਹੋਸ਼ ਸੰਭਾਲੀ ਹੈ, ਕੋਈ ਵਿਰਲਾ ਹੀ ਦਿਨ ਲੰਘਿਆ ਹੋਣਾ ਹੈ ਜਦੋਂ ਮੈਂ ਕਿਸੇ ਵੀ ਵੇਲੇ ਦੀ ਸਬਜ਼ੀ, ਦਾਲ ਜਾਂ ਰੋਟੀ ਵਿਚ ਹਰਾ ਧਨੀਆ ਪਿਆ ਨਾ ਵੇਖਿਆ ਹੋਵੇ। ਛੋਟੇ ਹੁੰਦਿਆਂ ਤਾਂ ਮੈਂ ਬੜੀ ਵਾਰ ਇਸਨੂੰ ਚੁਣ ਚੁਣ ਕੇ ਦਾਲ ਸਬਜ਼ੀ ਵਿੱਚੋਂ ਬਾਹਰ ਕੱਢ ਕੇ ਸੁੱਟ ਦਿਆ ਕਰਦੀ ਸੀ ਪਰ ਹੌਲੀ ਹੌਲੀ ਇਸਦਾ ਸਵਾਦ ਪੈ ਗਿਆ। ਇਹ ਤਾਂ ਡਾਕਟਰੀ ਕਰਨ ਦੇ ਦੌਰਾਨ ਹੀ ਪਤਾ ਲੱਗਿਆ ਕਿ ਇਹ ਸਿਰਫ਼ ਸਜਾਵਟੀ ਚੀਜ਼ ਜਾਂ ਪਰੋਸੇ ਜਾਣ ਲਈ ਅੱਖਾਂ ਨੂੰ ਸੋਹਣੀ ਲੱਗਣ ਵਾਲੀ ਤੇ ਖ਼ੁਸ਼ਬੋ ਵਾਲੀ ਚੀਜ਼ ਨਹੀਂ ਬਲਕਿ ਆਪਣੇ ਆਪ ਵਿਚ ਵੀ ਬੜੀ ਫ਼ਾਇਦੇਮੰਦ ਚੀਜ਼ ਹੈ।

ਪੰਜਾਬੀਆਂ ਲਈ ਤਾਂ ਬਾਕੀ ਸਾਰੀਆਂ ਗੱਲਾਂ ਪਿੱਛੇ ਛੱਡ ਦੇਈਏ ਤਾਂ ਸਭ ਤੋਂ ਅਹਿਮ ਗੱਲ ਹੁੰਦੀ ਹੈ ਅਫ਼ਾਰਾ ਜਿਸ ਕਾਰਣ ਲਗਭਗ ੭੦ ਤੋਂ ੮੦ ਪ੍ਰਤੀਸ਼ਤ ਮਰੀਜ਼ ਹਾਜ਼ਮਾ ਠੀਕ ਕਰਨ ਲਈ ਡਾਕਟਰਾਂ ਦੇ ਗੇੜੇ ਕੱਢਦੇ ਰਹਿੰਦੇ ਹਨ।

ਹਰਾ ਧਨੀਆ ਫਾਈਬਰ ਭਰਪੂਰ ਹੋਣ ਕਾਰਣ ਪੇਟ ਸਾਫ਼ ਕਰ ਦਿੰਦਾ ਹੈ ਤੇ ਅਫ਼ਾਰਾ ਨਹੀਂ ਹੋਣ ਦਿੰਦਾ ਕਿਉਂਕਿ ਪੇਟ ਦੀ ਗੈਸ ਵੀ ਨਾਲੋ ਨਾਲ ਨਿਕਲਦੀ ਰਹਿੰਦੀ ਹੈ। ਇਸੇ ਲਈ ਜੀਅ ਕੱਚਾ ਨਹੀਂ ਹੁੰਦਾ ਤੇ ਰੋਟੀ ਵੀ ਛੇਤੀ ਹਜ਼ਮ ਕਰ ਦਿੰਦਾ ਹੈ।

ਫ਼ਾਈਬਰ ਭਰਪੂਰ ਹੋਣ ਸਦਕਾ ਜਿੱਥੇ ਇਹ ਲਹੂ ਵਿਚਲੀ ਸ਼ੱਕਰ ਦੀ ਮਾਤਰਾ ਨੂੰ ਘਟਾਉਣ ਵਿਚ ਮਦਦ ਕਰਦਾ ਹੈ, ਉੱਥੇ ਹੀ ਧਨੀਆ ਦਿਲ ਦੇ ਰੋਗਾਂ ਦੇ ਮਰੀਜ਼ਾਂ ਲਈ ਵੀ ਵਰਦਾਨ ਹੈ ਕਿਉਂਕਿ ਇਹ ਐਲ.ਡੀ.ਐਲ - ਯਾਨੀ ਮਾੜਾ ਕੋਲੈਸਟਰੋਲ ਘਟਾ ਦਿੰਦਾ ਹੈ ਤੇ ਵਧੀਆ ਕੋਲੈਸਟਰੋਲ ਯਾਨੀ ਐਚ.ਡੀ.ਐਲ ਨੂੰ ਵਧਾ ਦਿੰਦਾ ਹੈ।

ਸਿਰਫ਼ ਇਹ ਹੀ ਨਹੀਂ, ਜਿਨ੍ਹਾਂ ਵਿਚ ਲੋਹ ਕਣਾਂ ਦੀ ਘਾਟ ਹੋਵੇ, ਉਨ੍ਹਾਂ ਲਈ ਧਨੀਏ ਵਿਚਲਾ ਆਇਰਨ ਲਹੂ ਦੀ ਕਮੀ ਘਟਾਉਣ ਵਿਚ ਵੀ ਵਧੀਆ ਰੋਲ ਅਦਾ ਕਰਦਾ ਹੈ। ਜਿੱਥੇ ਅੰਨ ਦੀ ਕਮੀ ਆਪਣਾ ਪੂਰਾ ਜ਼ੋਰ ਵਿਖਾ ਕੇ ਅੱਧੀ ਦੁਨੀਆ ਨੂੰ ਆਪਣੀ ਚਪੇਟ ਵਿਚ ਲਈ ਬੈਠੀ ਹੋਵੇ, ਉੱਥੇ ਲਹੂ ਦੀ ਕਮੀ ਨਾਲ ਪੀੜਤ ੮੦ ਪ੍ਰਤੀਸ਼ਤ ਤੋਂ ਵਧ ਲੋਕਾਂ ਲਈ ਇਹ ਇਕ ਕੁਦਰਤੀ ਸੌਗਾਤ ਹੀ ਮੰਨਣੀ ਚਾਹੀਦੀ ਹੈ। ਸਸਤਾ ਹੋਣ ਸਦਕਾ ਤੇ ਆਮ ਮਿਲ ਜਾਣ ਕਾਰਣ ਇਹ ਰੋਜ਼ਾਨਾ ਲਈ ਜਾ ਸਕਣ ਵਾਲੀ ਚੀਜ਼ ਹੈ। ਸੋ ਇਸਦਾ ਇਹ ਫ਼ਾਇਦਾ ਵੀ ਜ਼ਰੂਰ ਲੈ ਲੈਣਾ ਚਾਹੀਦਾ ਹੈ।

ਹਾਜ਼ਮਾ ਸਹੀ ਕਰਨ ਦੇ ਨਾਲ ਨਾਲ ਇਸ ਵਿਚਲਾ ਮੈਗਨੀਸ਼ੀਅਮ ਵੀ ਚੁੱਪ ਚੁਪੀਤੇ ਸਰੀਰ ਅੰਦਰ ਜਾ ਕੇ ਕਈ ਹਾਰਮੋਨਾਂ ਤੇ ਐਨਜ਼ਾਈਮਜ਼ ਦਾ ਕੰਮ ਕਾਰ ਸਹੀ ਕਰ ਦਿੰਦਾ ਹੈ।

ਧਨੀਏ ਦੇ ਵਿਚਲੇ ਫਾਈਟੋਨਿਊਟਰੀਐਂਟ ਅਤੇ ਫਲੇਵੋਨਾਇਡ ਜੋ ਕੁਦਰਤ ਨੇ ਤੁੰਨ ਤੁੰਨ ਕੇ ਭਰੇ ਹਨ, ਅਸੀਂ ਲਗਭਗ ਮੁਫ਼ਤੋ ਮੁਫ਼ਤ ਖਾਈ ਜਾ ਰਹੇ ਹਾਂ ਤੇ ਇਸ ਦੀ ਅਹਿਮੀਅਤ ਨਹੀਂ ਸਮਝ ਰਹੇ ਕਿ ਕੁਦਰਤੀ ਚੀਜ਼ਾਂ ਕਿੰਨੀਆਂ ਫ਼ਾਇਦੇਮੰਦ ਹੁੰਦੀਆਂ ਹਨ। ਇਹੀ ਫਲੇਵੋਨਾਇਡ ਜਦੋਂ ਚਮੜੀ ਜਾਂ ਦਿਲ ਲਈ ਡਾਕਟਰ ਦੇ ਕਹੇ ਉੱਤੇ ੪੦ ਰੁਪੈ ਰੋਜ਼ ਦਾ ਕੈਪਸੂਲ ਖਰੀਦ ਕੇ ਖਾਧਾ ਜਾਏ ਤਾਂ ਅਸੀਂ ਸੁਰੱਖਿਅਤ ਮਹਿਸੂਸ ਕਰਨ ਲੱਗ ਪੈਂਦੇ ਹਾਂ ਕਿ ਖ਼ੌਰੇ ਕਿੰਨੀ ਅਨੋਖੀ ਚੀਜ਼ ਖਾਧੀ ਗਈ ਤੇ ਪਤਾ ਨਹੀਂ ਇਸਨੇ ਕੀ ਜਾਦੂ ਕਰ ਦੇਣਾ ਹੈ।

ਕਮਾਲ ਤਾਂ ਇਹ ਵੇਖੋ ਕਿ ਲਗਾਤਾਰ ਚੱਲ ਰਹੀਆਂ ਖੋਜਾਂ ਇਹ ਵੀ ਸਾਬਤ ਕਰ ਰਹੀਆਂ ਹਨ ਕਿ ਧਨੀਆ ਸਰੀਰ ਅੰਦਰ ਲੰਘ ਚੁੱਕੇ ਮਾੜੇ ਅੰਸ਼ - ਹੈਵੀ ਮੈਟਲ ਜਿਵੇਂ ਲੈਡ (ਸਿੱਕਾ), ਆਰਸੈਨਿਕ, ਮਰਕਰੀ (ਪਾਰਾ) ਆਦਿ ਨਾਲ ਜੁੜ ਕੇ ਉਨ੍ਹਾਂ ਦੀ ਕੁੱਝ ਮਾਤਰਾ ਨੂੰ ਸਰੀਰ ਵਿੱਚੋਂ ਬਾਹਰ ਕੱਢਣ ਦਾ ਵੀ ਜਤਨ ਕਰਦਾ ਹੈ।

ਇਹ ਹੀ ਨਹੀਂ ਬਲਕਿ ਸਾਲਮੋਨੈਲਾ ਕੀਟਾਣੂ, ਜੋ ਆਮ ਹੀ ਖਾਣੇ ਵਿਚ ਘੁਸ ਕੇ ਖਾਣਾ ਜ਼ਹਿਰੀਲਾ ਵੀ ਕਰਦੇ ਹਨ ਤੇ ਟਾਈਫ਼ਾਇਡ ਵਰਗਾ ਰੋਗ ਵੀ ਕਰਦੇ ਹਨ, ਨੂੰ ਕਾਬੂ ਕਰਨ ਵਿਚ ਵੀ ਧਨੀਆ ਥੋੜਾ ਬਹੁਤ ਰੋਲ ਅਦਾ ਕਰਦਾ ਹੈ।

ਕੁਦਰਤ ਵੱਲੋਂ ਹੋਈ ਬਖ਼ਸ਼ਿਸ਼ ਸਦਕਾ ਧਨੀਆ ਆਪਣੇ ਅੰਦਰ ਇਕ ਹੋਰ ਗੁਣ ਵੀ ਸਮੋਈ ਬੈਠਾ ਹੈ। ਇਹ ਜੋੜਾਂ ਅੰਦਰਲੀ ਸੋਜ਼ਿਸ਼ ਘਟਾ ਕੇ ਥੋੜਾ ਬਹੁਤ ਆਰਥਰਾਈਟਿਸ ਦੇ ਮਰੀਜ਼ਾਂ ਨੂੰ ਵੀ ਫ਼ਾਇਦਾ ਪਹੁੰਚਾ ਦਿੰਦਾ ਹੈ।

ਸਰੀਰ ਅੰਦਰੋਂ ਕੀਟਾਣੂਆਂ ਨੂੰ ਬਾਹਰ ਕੱਢਣ ਲਈ ਪਿਸ਼ਾਬ ਰਾਹੀਂ ਪੂਰਾ ਜ਼ੋਰ ਲਾਉਂਦਾ ਇਹ ਧਨੀਆ ਕਈ ਵਾਰ ਪਿਸ਼ਾਬ ਦੇ ਰਸਤੇ ਵਿਚ ਵੀ ਕੀਟਾਣੂਆਂ ਵੱਲੋਂ ਹਮਲਾ ਬੋਲਣ ਵਿਚ ਰੋਕ ਲਾਉਂਦਾ ਹੈ।

ਹੈ ਨਾ ਕਮਾਲ! ਆਮ ਹੀ ਸਬਜ਼ੀ ਖਰੀਦਣ ਲੱਗਿਆਂ ਥੋੜਾ ਜਿਹਾ ਮੁਫ਼ਤ ਵਿਚ ਹੀ ਰੇੜ੍ਹੀ ਵਾਲੇ ਵੱਲੋਂ ਪਾਇਆ ਧਨੀਆ


Namdhari Elibrary NamdhariElibrary@gmail.com

ਕਿੰਨਾ ਗੁਣਕਾਰੀ ਸਾਬਤ ਹੋ ਗਿਆ!

ਇਹ ਵੀ ਕੋਈ ਜ਼ਰੂਰੀ ਨਹੀਂ ਕਿ ਸਿਰਫ਼ ਸਬਜ਼ੀਆਂ ਦਾਲਾਂ ਉੱਤੇ ਹੀ ਧੂੜਨਾ ਹੈ ਜਾਂ ਪਰੌਂਠੀ ਵਿਚ ਪਾ ਕੇ ਖਾਣਾ ਹੈ, ਆਪਣੇ ਜੀਭ ਦੇ ਸੁਆਦ ਨੂੰ ਰਵਾਂ ਰੱਖਣ ਲਈ ਅਦਰਕ, ਲੱਸਣ, ਹਰੀ ਮਿਰਚ ਤੇ ਮੂੰਗਫਲੀ ਦੇ ਦਾਣਿਆਂ ਵਿਚ ਤਾਜ਼ੇ ਧਨੀਏ ਦੇ ਪੱਤੇ ਰਲਾ ਕੇ ਮਿਕਸੀ ਵਿਚ ਘੋਟ ਲਵੋ! ਵੇਖੋ ਫਿਰ ਹਰੀ ਚਟਨੀ ਦਾ ਆਨੰਦ ਇਕ ਪਾਸੇ ਤੇ ਸਰੀਰ ਰੋਗ ਮੁਕਤ ਨਾਲੋ ਨਾਲ ਦੂਜੇ ਪਾਸੇ।

ਫੇਰ ਹੁਣ ਕੀ ਉਡੀਕਦੇ ਹੋ? ਅਜ਼ਮਾਉਣਾ ਸ਼ੁਰੂ ਕਰੋ ਤੇ ਰੇੜ੍ਹੀ ਵਾਲੇ ਤੋਂ ਸਬਜ਼ੀ ਦੇ ਨਾਲ ਧੰਨਵਾਦ ਸਹਿਤ ਧਨੀਏ ਦੀ ਗੁੱਛੀ ਲੈਣਾ ਨਾ ਭੁਲਿਓ! ਨਾਲ ਦੀ ਨਾਲ ਇਹ ਵੀ ਖ਼ਿਆਲ ਕਰਿਓ ਕਿ ਵਾਧੂ ਜਿਹੀਆਂ ਮੁਫ਼ਤ, ਸਜਾਵਟੀ ਲੱਗਣ ਵਾਲੀਆਂ, ਸਬਜ਼ੀਆਂ ਨਾਲ ਮਿਲ ਰਹੀਆਂ ਇਹ ਧਨੀਏ ਦੀਆਂ ਗੁੱਛੀਆਂ ਵਿਚ ਜੇ ਏਨੇ ਸਾਰੇ ਗੁਣਕਾਰੀ ਤੱਤ ਹਨ ਤਾਂ ਹੋਰ ਸਬਜ਼ੀਆਂ ਵਿਚ ਕੀ ਕਮਾਲ ਭਰਿਆ ਹੋਵੇਗਾ। ਇਸੇ ਲਈ ਸਬਜ਼ੀਆਂ ਨੂੰ ਰੋਜ਼ਾਨਾ ਦੀ ਖ਼ੁਰਾਕ ਦਾ ਜ਼ਰੂਰੀ ਅੰਸ਼ ਬਣਾਉਣ ਦੀ ਲੋੜ ਹੈ, ਖ਼ਾਸ ਕਰ ਬੱਚਿਆਂ ਲਈ ਜੋ ਫਾਸਟ ਫੂਡਜ਼ ਵੱਲ ਰੁੱਝੇ ਸਬਜ਼ੀਆਂ ਖਾਣ ਤੋਂ ਉੱਕਾ ਹੀ ਇਨਕਾਰੀ ਹੋਏ ਪਏ ਹਨ। ਜੇ ਬੱਚੇ ਇਸ ਕੁਦਰਤੀ ਸੌਗਾਤ ਨੂੰ ਬਿਲਕੁਲ ਵੀ ਮੂੰਹ ਨਾ ਲਾ ਰਹੇ ਹੋਣ ਤਾਂ ਆਟੇ ਵਿਚ ਸਬਜ਼ੀਆਂ ਗੁੰਨ ਕੇ ਮਿੱਸਾ ਪਰਾਂਠਾ ਹੀ ਬਣਾ ਦੇਣ ਨਾਲ ਕੁੱਝ ਫ਼ਾਇਦਾ ਤਾਂ ਜ਼ਰੂਰ ਲਿਆ ਜਾ ਹੀ ਸਕਦਾ ਹੈ।

੨੯, ਪ੍ਰੀਤ ਨਗਰ, ਲੋਅਰ ਮਾਲ,
ਪਟਿਆਲਾ।, ਫੋਨ ਨੰ: ੦੧੭੫-੨੨੧੬੭੯੩

## ਪਿੰਡ ਹਿੰਮਤ ਪੁਰਾ ਵਿੱਚ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਜੋੜ ਮੇਲਾ

ਰਣਜੀਤ ਕੁਮਾਰ ਬਾਵਾ, ਪੱਤਰ ਪ੍ਰੇਰਕ (ਜਗ ਬਾਣੀ )—ਆਪਣੇ ਰਾਜ ਵਿੱਚ ਸੂਰਜ ਨਾ ਛੁਪਣ ਦਾ ਭਰਮ ਪਾਲੀ ਬੈਠੀ ਬਰਤਾਨਵੀ ਹਕੂਮਤ ਦਾ ਸੂਰਜ ਅਸਤ ਕਰਨ ਵਿੱਚ ਮੋਹਰੀ ਰੋਲ ਅਦਾ ਕਰਣ ਵਾਲੇ ਨਾਮਧਾਰੀ ਸਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨ ਲਈ ਸੰਤ ਬਾਬਾ ਕਰਮ ਸਿੰਘ ਯਾਦਗਰੀ ੭੨ਵਾਂ ਸਲਾਨਾ ਜੋੜ ਮੇਲਾ ਮਿੰਨੀ ਭੈਣੀ ਸਾਹਿਬ ਵਜੋਂ ਜਾਣੇ ਜਾਦੇ ਨਾਮਧਾਰੀ ਡੇਰਾ ਪਿੰਡ ਹਿੰਮਤਪੁਰਾ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਸਤਰ ਛਾਇਆ ਹੇਠ ਅਤੇ ਸੰਤ ਬਾਬਾ ਜੋਰਾ ਸਿੰਘ ਨਾਮਧਾਰੀ ਦੀ ਅਗਵਾਈ ਵਿੱਚ ਸਰਧਾ ਅਤੇ ਉਤਸਾਹ ਨਾਲ ਸੰਪੰਨ ਹੋ ਗਿਆ । ਤਿੰਨ ਦਿਨ ਚੱਲੇ ਵਾਲੇ ਇਸ ਜੋੜ ਮੇਲੇ ਵਿੱਚ ਦੇਸ਼ ਵਿਦੇਸ਼ ਵਿੱਚੋਂ ਹਜਾਰਾਂ ਸਰਧਾਲੂਆਂ ਨੇ ਸ਼ਿਰਕਤ ਕੀਤੀ ਅਤੇ ਨਾਮਧਾਰੀ ਸਹੀਦਾ ਦੀਆਂ ਕੁਰਬਾਨੀਆਂ ਨੂੰ ਸਿਜਦਾ ਕੀਤਾ। ਇਸ ਮੌਕੇ ਦਿਨ ਰਾਤ ਧਾਰਮਿਕ ਦੀਵਾਨ ਚਲਦੇ ਰਹੇ ਅਤੇ ਢਾਡੀ, ਕਵੀਸਰੀ , ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ । ਤਿਨੋਂ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਸਮੇਂ ਸੰਗਤਾ ਨੂੰ ਆਪਣੇ ਉਪਦੇਸ਼ ਵਿੱਚ ਸਤਿਗੁਰੂ ਉਦੇ ਸਿੰਘ ਜੀ ਨੇ ਨਾਮ ਸਿਮਰਨ ਕਰਨ ਨਸਿਆਂ ਤੋਂ ਦੂਰ ਰਹਿਣ ਅਤੇ ਗੁਰੂਆਂ ਦੇ ਲੜ ਲੱਗਣ ਦੀ ਪ੍ਰੇਰਨਾ ਦਿੱਤੀ । ਉਨ੍ਹਾਂ ਕਿਹਾ ਕਿ ਅੱਜ ਦੇ ਪਵਿੱਤਰ ਦਿਹਾੜੇ ਤੋਂ ਸੇਧ ਲੈ ਕੇ ਸਾਨੂੰ ਨਰੋਏ ਸਮਾਜ ਦੀ ਸਿਰਜਣਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ । ਸਾਰੇ ਸਿੱਖਾ ਨੂੰ ਨਸ਼ਿਆਂ ਦਾ ਤਿਆਗ ਕਰਕੇ ਅੰਮ੍ਰਿਤ ਪਾਨ ਕਰਨਾ ਚਾਹੀਦਾ ਹੈ । ਕੂਕਾ ਸ਼ਹੀਦ ਯਾਦਗਰੀ ਟਰੱਸਟ ਦੇ ਵਾਈਸ ਚੇਅਰਮੈਨ ਸੰਤ ਸੁਰਿੰਦਰ ਸਿੰਘ ਲੁਧਿਆਣਾ ਅਤੇ ਡਾ. ਲਖਵੀਰ ਸਿੰਘ ਨਾਮਧਾਰੀ ਰਾਮਪੁਰਾ ਫੂਲ, ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਨੇ ਕਿਹਾ ਕਿ ਅਜਾਦ ਭਾਰਤ ਦੇ ਬਹੁਤੇ ਵਾਸੀ ਅਜੇ ਇਹ ਵੀ ਨਹੀ ਜਾਣਦੇ ਕਿ ਨਾਮਧਾਰੀ ਜਿਨ੍ਹਾਂ ਨੂੰ ਕੂਕਿਆਂ ਦੇ ਨਾਂ ਨਾਲ ਜਾਣਿਆਂ ਜਾਦਾ ਹੈ ਨੇ ਦੇਸ਼ ਦੀ ਅਜਾਦੀ ਦੀ ਕੂਕ ਉਸ ਵਕਤ ਮਾਰੀ ਸੀ ਜਦੋਂ ਅੰਗਰੇਜ਼ ਹਕੂਮਤ ਖਿਲਾਫ ਇੱਕ ਵੀ ਸ਼ਬਦ ਬੋਲਣ ਦਾ ਭਾਵ ਮੌਤ ਨੂੰ ਸੱਦਾ ਦੇਣ ਦੇ ਤੁਲ ਸੀ।

ਇਥੇ ਚੁੱਕ ਲੈ ਫਰੰਗੀਆਂ ਡੇਰਾ ਖਾਲਸੇ ਨੇ ਰਾਜ ਕਰਨਾ ਦੀ ਵੰਗਾਰ ਪਾਉਣ ਵਾਲੇ ਪਹਿਲਾਂ ਕੇਵਲ ਨਾਮਧਾਰੀ ਹੀ ਸਨ ਇਸ ਵੰਗਾਰ ਨੂੰ ਪਿਛੋ ਕਾ ਕੇ ਪ੍ਰਸਿੱਧੀ ਪ੍ਰਾਪਤ ਲਹਿਰ "ਭਾਰਤ ਛੋਡੋ" ਦਾ ਪਰਾਰੂਪ ਕਹਿਣਾ ਕੋਈ ਅਤਿ ਕਥਨੀ ਨਹੀ ਹੋਵੇਗੀ ।

ਸਮਾਗਮ ਵਿੱਚ ਸ੍ਰੀ ਮਾਤਾ ਚੰਦ ਕੌਰ,ਅਮਰਜੀਤ ਕੌਰ ਸਾਹੋਕੇ ਚੇਅਰਪਰਸਨ ਜਿਲ੍ਹਾ ਪ੍ਰੀਸਦ, ਜਿਲ੍ਹਾਂ ਪ੍ਰਧਾਨ ਭੁਪਿੰਦਰ ਸਿੰਘ ਸਾਹੋਕੇ, ਵਿਧਾਇਕ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ, ਦਰਬਾਰ ਦੇ ਸਕੱਤਰ ਫਾਰ ਯੂਥ ਸੰਤ ਗੁਰਮੁਖ ਸਿੰਘ ਰਹਿਬਰ , ਸੂਬਾ ਹਰਭਜਨ ਸਿੰਘ, ਸੂਬਾ ਬਲਵਿੰਦਰ ਸਿੰਘ, ਨਿੱਜੀ ਸਕੱਤਰ ਸੰਤ ਬਲਦੇਵ ਸਿੰਘ ਕਾਕੂ , ਸੂਬਾ ਇੰਦਰਜੀਤ ਸਿੰਘ ਮੱਲ , ਸੰਤ ਗੁਰਮੇਲ ਸਿੰਘ ਰਾਮਪੁਰਾ ਫੂਲ , ਸੰਤ ਹਰਦੇਵ ਸਿੰਘ ਰਾਮਪੁਰਾ ਫੂਲ , ਧਰਮ ਸਿੰਘ , ਮਨਪ੍ਰੀਤ ਸਿੰਘ ,ਵਿਧਾਇਕ ਰਾਜਵਿੰਦਰ ਕੌਰ ਭਾਗੀਕੇ ,ਚੇਅਰਪਰਸਨ ਬਲਾਕ ਸੰਮਤੀ ਹਰਦੀਪ ਕੌਰ , ਸੁਰਜੀਤ ਸਿੰਘ , ਹਲਕਾ ਇਚਾਰਜ ਕੁਲਵੰਤ ਸਿੰਘ ਕੀਤੂ ਬਿਲਾਸਪੁਰ, ਜਸਟਿਸ ਧਰਮ ਸਿੰਘ ,ਸ੍ਰਪੰਚ ਚਰਨ ਸਿੰਘ , ਸੈਕਟਰੀ ਹਰਬੰਸ ਸਿੰਘ , ਸਾਬਕਾ ਜਿਲ੍ਹਾ ਪ੍ਰੀਸ਼ਦ ਮੈਬਰ ਜਗਸੀਰ ਸਿੰਘ, ਸਾਬਕਾ ਸ੍ਰਪੰਚ ਸੁਖਦੇਵ ਸਿੰਘ , ਮਨਪ੍ਰੀਤ ਸਿੰਘ ਕੱਲੂ, ਸਾਬਕਾ ਸ੍ਰਪੰਚ ਦਰਸ਼ਨ ਸਿੰਘ, ਪੰਚ ਪਿਆਰਾ ਸਿੰਘ , ਐਨ.ਜੀ.ਓ. ਬੂਟਾ ਸਿੰਘ, ਸੈਕਟਰੀ ਸ਼ਮਿੰਦਰ ਸਿੰਘ ਸੈਦੋਕੇ , ਸ਼ੇਰ ਸਿੰਘ ਜੰਗੀਆਣਾ , ਗੁਰਦੀਪ ਸਿੰਘ ਕੋਠਾ ਗੁਰੂ , ਮਿ. ਬਲਦੇਵ ਸਿੰਘ , ਜਗਸੀਰ ਸਿੰਘ ਭੋਲਾ , ਕੁਲਦੀਪ ਸਿੰਘ ਕੀਪਾ , ਭੋਲਾ ਡੇਅਰੀ ਵਾਲਾ, ਕੁਲਵੰਤ ਸਿੰਘ, ਬਿੰਦਰ ਸਿੰਘ , ਕਿੰਦਰ ਮਾਨ , ਪੰਚ ਗੁਰਮੇਲ ਸਿੰਘ, ਜਗਰਾਜ ਸਿੰਘ ਰਾਜੂ ਮਿਸਤਰੀ , ਸਾਬਕਾ ਪੰਚ ਸੁਖਦੇਵ ਸਿੰਘ, ਆਦਿ ਹਾਜ਼ਰ ਸਨ।


NamdhariElibrary NamdhariElibrary@gmail.com



ਸਿਰੀ ਰਾਮ ਅਰਸ਼

## .ਗ਼ਜ਼ਲ

ਮੇਰੇ ਜੁਗ ਦੇ ਨਿਰਧਨ ਲੋਕੋ, ਸੋਚੋ ਸਮਝੋ ਕੀ ਕਰਦੇ ਹੋ ?
ਮੇਟ ਨਾ ਸਕਿਆ ਜੋ ਨਿਰਧਨਤਾ ਉਸੇ ਦਾ ਪਾਣੀ ਭਰਦੇ ਹੋ।
ਖ਼ੁਸ਼ੀਆਂ ਨੂੰ ਛੱਡ ਕੇ ਗ਼ਮੀਆਂ ਦੇ ਜੰਗਲ ਦੇ ਵਿੱਚ ਵਸਦੇ ਲੋਕੋ।
ਨੂਰ ਨੂੰ ਤਜ ਕੇ, ਕਿਉਂ ਨ੍ਹੇਰੇ ਦੀ ਲਾੜੀ ਦੇ ਪਿੱਛੇ ਮਰਦੇ ਹੋ ?
ਜਾਨਾਂ ਵਾਰ ਕੇ ਹਾਸਿਲ ਕੀਤਾ ਜੋ ਪ੍ਰਸਾਦਿ ਅਜ਼ਾਦੀ ਵਾਲਾ,
ਉਸ ਅਦਭੁਤ ਪ੍ਰਸਾਦਿ ਨੂੰ ਬਾਬਾ ਕੁਝ ਹੱਥਾਂ ਤੇ ਕਿਉਂ ਧਰਦੇ ਹੋ ?
ਖੁਰਨਾ ਜੇ ਤਕਦੀਰ 'ਚ ਲਿਖਿਆ, ਕੀ ਹੋਵੇਗਾ ? ਖੁਰ ਜਾਉਗੇ।
ਫਿਰ ਸੋਹਣੀ ਦਾ ਸਾਥ ਨਿਭਾਉਣੋ ਕੱਚੇ ਘੜਿਓ ਕਿਉਂ ਡਰਦੇ ਹੋ ?
ਬਾਂਝ ਹੋਈ ਧਰਤੀ ਦੇ ਉੱਪਰ ਸੁਖ ਦਾ ਸਾਹ ਆਵੇਗਾ ਕੀਕਣ,
ਕੁਦਰਤ ਦੇ ਕਾਨੂੰਨਾਂ ਦੀ ਜਦ ਘੋਰ ਉਲੰਘਣਾ ਖ਼ੁਦ ਕਰਦੇ ਹੋ।
ਹੋਵੇਗਾ ਸਭ ਯਾਦ ਤੁਹਾਨੂੰ, ਭੇਟ ਸਿਰਾਂ ਦੀ ਕਿਉਂ ਦਿੱਤੀ ਸੀ ?
ਬਾਝ ਸਿਰਾਂ ਦੇ ਜਿਉਂਦੇ ਲੋਕੋ, ਹੁਣ ਕਿਸ ਪਰਲੋ ਤੋਂ ਡਰਦੇ ਹੋ।

-੯੮੮੮੪੫੨੨੦੪



—ਪ੍ਰੋ. ਜਸਵੰਤ ਸਿੰਘ ਕੈਲਵੀ

## .ਗ਼ਜ਼ਲ

ਬਿਖਰ ਜਾਈਂ ਨਾ ਖਾ ਠੋਕਰ ਤੂੰ ਆਪਾ ਜੋੜ ਕੇ ਰੱਖੀਂ,
ਫਸੀਂ ਨਾ ਵਿਚ ਵਿਕਾਰਾਂ ਦੇ ਤੂੰ ਮਨ ਨੂੰ ਹੋੜ ਕੇ ਰੱਖੀਂ।
ਸਿਆਣਪ ਦਾ, ਸਲੀਕੇ ਦਾ, ਤੇ ਸੰਜਮ ਦਾ ਫੜੀਂ ਪੱਲਾ,
ਵਲ਼ੇ ਘੇਰਾ ਸਵਾਰਥ ਜੇ, ਉਹ ਘੇਰਾ ਤੋੜ ਕੇ ਰੱਖੀਂ।
ਨਾ ਹੱਥੋਂ ਨਿਮਰਤਾ ਛੱਡੀਂ, ਇਦ੍ਹੇ ਵਰਗਾ ਨਹੀਂ ਗਹਿਣਾ,
ਨਿਆਂ ਇਨਸਾਫ ਦਾ ਵਸਤਰ ਬਦਨ ਤੇ ਓੜ ਕੇ ਰੱਖੀਂ।
ਹੈ ਸੱਚ ਹੀ ਪਾਪ ਦਾ ਦਾਰੂ, ਨਾ ਦਾਰੂ ਹੋਰ ਹੈ ਯਾਰਾ!
ਤੂੰ ਪਾਣੀ ਸ਼ਬਦ ਦਾ ਪਾ ਕੇ, ਕੁਫਰ ਨੂੰ ਰੋੜ੍ਹ ਕੇ ਰੱਖੀਂ।
ਬਿਨਾ ਸੇਵਾ ਨਹੀਂ ਹੁੰਦੇ, ਇਹੋ ਤਨ ਮਨ ਕਦੇ ਨਿਰਮਲ,
ਬਣੀਂ ਸੇਵਕ ਤੂੰ ਸਭਨਾ ਦਾ, ਭਲਾ ਹੀ ਲੋੜ ਕੇ ਰੱਖੀਂ।
ਸੁਖਾਵੀਂ ਜ਼ਿੰਦਗੀ ਖ਼ਾਤਰ ਤੂੰ 'ਜਸ' ਕੁਰਬਾਨ ਹੋ ਜਾਵੀਂ,
ਚੜ੍ਹੀਂ ਤੂੰ ਸਹਿਜ ਦੇ ਘੋੜੇ, ਤੇ ਵਾਗਾਂ ਮੋੜ ਕੇ ਰੱਖੀਂ।

੧੧੮/੫ ਗੁਰੂ ਅਰਜਨ ਦੇਵ ਨਗਰ,
ਫਿਰੋਜ਼ਪੁਰ ਸ਼ਹਿਰ-੧੫੨੦੦੨,, ਮੋਬ-੯੮੭੮੩-੮੧੪੭੪



—ਚਰਨ ਸੀਚੇਵਾਲਵੀ

## .ਗ਼ਜ਼ਲ

ਹੋ ਗਏ ਹਾਂ ਹੁਣ ਕਿੰਨੇ ਤੇਜ਼-ਤਰਾਰ ਅਸੀਂ,
ਮਿਣਦੇ ਹਾਂ ਬਸ ਅਗਲੇ ਦੀ ਰਫਤਾਰ ਅਸੀਂ।
ਸਾਡੀ ਸਿਫਤ-ਸਲਾਹ ਦੇ ਜਿਸਨੇ ਗੀਤ ਲਿਖੇ,
ਸੁਣਦੇ ਹਾਂ ਉਹਦੇ ਗੀਤਾਂ ਦੀ ਟੁਣਕਾਰ ਅਸੀਂ।
ਧੱਕੇ ਮਾਰ ਕੇ ਪਹਿਲਾਂ ਘਰ 'ਚੋਂ ਮਾਪੇ ਕੱਢੇ,
ਭਾਲ ਰਹੇ ਹੁਣ ਬੱਚਿਆਂ ਕੋਲੋਂ ਪਿਆਰ ਅਸੀਂ।
ਇਕ ਬੈਂਕ ਦਾ ਕਰਜਾ ਦੂਜਾ ਕਿਸ਼ਤ ਉਸਦੀ,
ਲਮਕ ਰਹੇ ਹਾਂ ਦੋਹਾਂ ਦੇ ਵਿਚਕਾਰ ਅਸੀਂ।
ਦਇਆ, ਧਰਮ ਦੇ ਵਰਗਾ ਅੰਦਰ ਕੁਝ ਨਹੀਂ,
ਵੇਖਣ ਨੂੰ ਉਂਜ ਲੱਗਦੇ ਹਾਂ ਸਰਦਾਰ ਅਸੀਂ।
ਉੱਤੋਂ ਉੱਤੋਂ ਅਮਨ ਅਮਨ ਪਏ ਕਰਦੇ ਹਾਂ,
ਰੱਖਦੇ ਹਾਂ ਪਰ ਬਗਲਾਂ 'ਚ ਹਥਿਆਰ ਅਸੀਂ।
ਇਕ ਦਿਨ ਸਾਡੇ ਨੱਕ ਵਿਚ ਦਮ ਹੈ ਆ ਜਾਣਾ,
ਕਰ ਦਿੱਤੀ ਜੋ ਹਵਾ ਹੈ 'ਚਰਨ' ਬੀਮਾਰ ਅਸੀਂ।

੪੨੮, ਗੁਰੂ ਨਾਨਕਪੁਰਾ (ਵੈਸਟ),
ਡਾਕਖਾਨਾ-ਜੁੱਗਟੀ, ਜਲੰਧਰ-੧੪੪੦੦੯
ਫੋਨ-੦੧੮੧-੨੨੩੧੬੫੪

## ਕਵਿਤਾ

-ਹਰਭਜਨ ਸਿੰਘ ਬਾਜਵਾ

ਮਥੇ ਰਗੜ ਰਗੜ ਕੇ
ਮਰ ਚਲਿਆ ਇਨਸਾਨ
ਪੁਨ ਦਾਨ ਕਰੇ ਬਥੇਰੇ
ਸਭ ਤੀਰਥੀਂ ਕੀਤੇ ਇਸ਼ਨਾਨ
ਫੇਰ ਵੀ ਲਭਿਆ ਨਾ ਭਗਵਾਨ
ਮਾਰ ਪੈ ਜਾਂਦੀ ਹੈ ਬੰਦੇ ਨੂੰ
ਜਦੋਂ ਜਾਗੇ ਸ਼ੈਤਾਨ
ਉਹ ਹਰ ਬੰਦੇ ਨੂੰ
ਹਉਮੈ ਦਿੰਦਾ ਵਰਦਾਨ
ਜਦੋਂ ਬਿਪਤਾ ਅੰਦਰ ਫਸੇ
ਫੇਰ ਵੀ ਪਥਰਾ ਵਿਚੋਂ ਲੱਭੇ ਭਗਵਾਨ


Namdhari Elibrary NamdhariElibrary@gmail.com

## ਦਿਲ ਦੀ ਭਾਸ਼ਾ

—ਪ੍ਰੋ. ਕੁਲਵੰਤ ਔਜਲਾ

ਪੈਸੇ ਦੀ ਅੱਗ ਲਹੂ ਦਿੰਦੀ ਹੈ ਕਰਮਸ਼ੀਲ ਕਿਰਿਆਵਾਂ ਨੂੰ
ਹੌਲੀ ਹੌਲੀ ਡੀਕ ਜਾਂਦੀ ਹੈ ਸਤਲੁਜ ਬਿਆਸ ਝਨਾਵਾਂ ਨੂੰ

ਖਾਣ ਯੋਗ ਰਹੀਆਂ ਨਾ ਫਸਲਾਂ, ਕਿਰਤ ਵਿਹੂਣੀਆਂ ਹੋਈਆਂ ਨਸਲਾਂ
ਵਧ ਉੱਪਜ ਦਾ ਲਾਲਚ ਖਾ ਗਿਆ ਬੋਹੜ ਪਿੱਪਲ ਦੀਆਂ ਛਾਵਾਂ

ਨੂੰਦੌੜ ਦੌੜ ਕੇ ਥੱਕ ਗਏ ਹਾਂ, ਵੱਡੇ ਬਣ ਬਣ ਅੱਕ ਗਏ ਹਾਂ
ਰੋਜ਼ ਸਵੇਰੇ ਭੱਜ ਤੁਰਦੇ ਹਾਂ, ਦਿਲ ਤੋਂ ਉਲਟ ਦਿਸ਼ਾਵਾਂ ਨੂੰ

ਬਿਲਡਿੰਗ ਜੇਹੇ ਮਕਾਨਾਂ ਅੰਦਰ, ਚੁੱਪ ਜੇਹੇ ਸ਼ਮਸ਼ਾਨਾਂ ਅੰਦਰ
ਕਿੰਨੇ ਚਾਅ ਨਾਲ ਭੋਗ ਰਹੇ ਹਾਂ, ਤਨ ਵਰਧਕ ਸੁਵਿਧਾਵਾਂ ਨੂੰ

ਥਾਂ ਥਾਂ ਉਗ ਆਏ ਨੇ ਡੇਰੇ, ਪੱਥਰ ਲਿਸ਼ਕੇ ਚਾਰ ਚੁਫ਼ੇਰੇ
ਬਿਜ਼ਨਿਸ ਵਾਂਗੂ ਢਾਲ ਲਿਆ ਹੈ, ਨਾਨਕ ਦੀਆਂ ਸਿੱਖਿਆਵਾਂ ਨੂੰ

ਅੰਤ ਸਮੇਂ ਜਦ ਤਰਸ ਜਾਵਾਂਗੇ, ਅੰਦਰੋਂ ਅੰਦਰੀ ਬਰਸ ਜਾਵਾਂਗੇ
ਫੇਰ ਕਰਾਂਗੇ ਚੇਤੇ ਅਕਸਰ, ਪੁਰਖਿਆਂ ਦੀਆਂ ਕਥਾਵਾਂ ਨੂੰ

ਮੁੱਲ ਖਰੀਦੀ ਵੋਟ ਜੇਹੇ ਹਾਂ, ਆਊਟ ਡੇਟਿਡ ਪਰਨੋਟ ਜੇਹੇ ਹਾਂ
ਖ਼ੁਦ ਹੀ ਕੁੱਖ ਵਿਚ ਮਾਰ ਦਿੰਦੇ ਹਾਂ, ਜੀਊਣ ਯੋਗ ਇੱਛਾਵਾਂ ਨੂੰ

ਗ਼ੈਰਤ ਨੇ ਇੰਜ ਮਰ ਜਾਣਾ ਸੀ, ਸੀਨਿਆਂ ਦੇ ਇੰਜ ਠਰ ਜਾਣਾ ਸੀ
ਖ਼ਬਰ ਸਮਝ ਕੇ ਭੁੱਲ ਜਾਂਦੇ ਹਾਂ, ਰੇਪ ਜੇਹੀਆਂ ਘਟਨਾਵਾਂ ਨੂੰ

ਕਰਜ਼ੇ ਦੇ ਵਿਚ ਖੁੱਭ ਗਏ ਹਾਂ, ਨਸ਼ਿਆਂ ਦੇ ਵਿਚ ਡੁੱਬ ਗਏ ਹਾਂ
ਤ੍ਰਿਸ਼ਨਾ ਦਾ ਬਾਜ਼ਾਰ ਚੂਸ ਗਿਆ, ਧੜਕਦੀਆਂ ਕਵਿਤਾਵਾਂ ਨੂੰ

ਅੱਖਰਾਂ ਦੀ ਸੁੱਖ ਖ਼ੈਰ ਮਨਾਈਏ, ਰੂਹਾਂ ਅੰਦਰ ਖ਼ਾਬਾਂ ਜਗਾਈਏ
ਦਿਲ ਦੀ ਭਾਸ਼ਾ ਕਰ ਸਕਦੀ ਹੈ, ਮੁੜ ਸੁਰਜੀਤ ਹਵਾਵਾਂ ਨੂੰ

## ਦਿਲ ਵਰਗੀਆਂ ਕਵਿਤਾਵਾਂ

ਰਾਹਵਾਂ ਵਿਚ ਗਵਾਚ ਗਈਆਂ ਨੇ ਦਿਲ ਵਰਗੀਆਂ ਕਵਿਤਾਵਾਂ
ਇੰਟਰਨੈੱਟ 'ਚੋਂ ਢੂੰਡ ਰਹੇ ਹਾਂ ਬਿੰਬ ਰੂਪਕ ਉਪਮਾਵਾਂ

ਖ਼ੌਰੇ ਕੀ ਕੀ ਕਰਨਾ ਏਹਨਾਂ ਤੱਤੀਆਂ ਤਲਖ਼ ਹਵਾਵਾਂ
ਇਕ ਵਿਉਪਾਰ ਜੇਹਾ ਬਣ ਗਈਆਂ ਪਾਕ ਪਵਿਤਰ ਲਾਵਾਂ

ਦੇਸ਼ ਭਗਤ ਅਖਵਾਉਣ ਤੋਂ ਚੰਗਾ ਰਿਸ਼ਵਤਖ਼ੋਰ ਅਖਵਾਵਾਂ
ਪਾਣੀ, ਬਿਜਲੀ, ਕਣਕ, ਕਿਤਾਬਾਂ ਜੋ ਚਿੱਤ ਆਵੇ ਖਾਵਾਂ

ਲੋੜ ਜੋਗੀਆਂ ਬੈਡਰੂਮਾਂ ਵਿਚ ਸਿਰਜ ਲਈਆਂ ਸੁਵਿਧਾਵਾਂ
ਹੁਣ ਨਾ ਮਨ ਨੂੰ ਰਾਹਤ ਦਿੰਦੀਆਂ ਬੋਹੜ ਪਿੱਪਲ ਦੀਆਂ ਛਾਵਾਂ

ਸੌਣ ਨਾ ਦਿੰਦੀਆਂ ਜਿਸ ਬੰਦੇ ਨੂੰ ਖ਼ਾਹਸ਼ਾਂ ਤੇ ਤ੍ਰਿਸ਼ਨਾਵਾਂ
ਫਿਰੇ ਵੇਚਦਾ ਟੀ. ਵੀ. ਉੱਤੇ ਦੁੱਖ ਭੰਜਕ ਸਿੱਖਿਆਵਾਂ

ਕਿਲਿਆਂ ਜੇਹੇ ਮਕਾਨਾਂ ਦੇ ਵਿਚ ਮੌਜਾਂ ਕਰੇ ਇਕੱਲਾ
ਸੰਜਮੀ ਤੇ ਸੰਖੇਪ ਜੀਊਣ ਦੀਆਂ ਭੋਗਣ ਲੋਕ ਸਜ਼ਾਵਾਂ

ਬੱਚੇ ਆਉਣ ਤਾਂ ਖ਼ੂਬ ਧੜਕਦਾ ਘਰ ਅੰਦਰ ਇਕ ਘਰ
ਲਗਰਾਂ ਬਣ ਬਣ ਫੁੱਟਦੀਆਂ ਨੇ ਧੁਰ ਅੰਦਰੋਂ ਇੱਛਾਵਾਂ

ਹੱਸਣਾ ਰੋਣਾ ਸਿੱਖਣ ਦੇ ਲਈ ਖੁੱਲ੍ਹ ਗਏ ਸਿਖਲਾਈ ਕੇਂਦਰ
ਆਖ਼ਰ ਇੰਜ ਵੀ ਰੇਤ ਹੋਣਾ ਸੀ ਡੂੰਘੇ ਦਿਲ ਦਰਿਆਵਾਂ

ਆਪਣੀ ਆਪਣੀ ਸੱਤਾ ਦੇ ਲਈ ਹੁੰਦਾ ਰੋਜ਼ ਗੁਰੀਲਾ ਯੁੱਧ
ਹਰ ਕੋਈ ਚਾਹੁੰਦਾ ਮੈਂ ਦੂਜੇ ਨੂੰ ਸਿਵਿਆਂ ਤੀਕ ਪੁਚਾਵਾਂ
ਅੱਜ ਕੱਲ੍ਹ ਜਿਸਦੀਆਂ ਟਾਹਣੀਆਂ 'ਤੇ ਹੈ ਪੱਤਾ ਵਿਰਲਾ ਟਾਵਾਂ
ਕਦੇ ਹੁੰਦਾ ਸੀ ਇਹ ਕੁਲਵੰਤ ਵੀ ਸੰਘਣਾ ਤੇ ਘਣਛਾਵਾਂ।

੬੭, ਮਾਡਲ ਟਾਊਨ, ਕਪੂਰਥਲਾ
ਫੋਨ-੦੧੮੨੨-੨੩੫੩੪੩, ੫੦੨੫੬


NamdhariElibrary NamdhariElibrary@gmail.com

ਕਾਵਿ-ਵਿਅੰਗ

## ਅਧਿਆਪਕਾਂ ਨੂੰ

—ਰਮੇਸ਼ ਬੱਗਾ ਚੋਹਲਾ

ਨੌਂਵੇਂ ਮਹੀਨੇ ਦੀ ਪੰਜ ਤਰੀਕ ਆਉਂਦੀ,
ਕੀਤਾ ਜਾਂਦਾ ਹੈ ਯਾਦ ਅਧਿਆਪਕਾਂ ਨ
ਲਿਹਾਜ਼ ਪਾਲਦੇ ਮਾਨ-ਸਨਮਾਨ ਦੇ ਕੇ,
ਦਿੱਤੀ ਜਾਂਦੀ ਹੈ ਦਾਦ ਅਧਿਆਪਕਾਂ ਨੂੰ
ਸ਼ਬਦ ਸੁਣ ਕੇ ਆਲਾ ਅਧਿਕਾਰੀਆਂ ਦੇ,
ਹੁੰਦਾ ਬਹੁਤ ਵਿਸਮਾਦ ਅਧਿਆਪਕਾਂ ਨੂੰ
ਇੱਕ ਦਿਨ ਦੀ ਸਿਰ/ ਹੈ ਬਾਤ 'ਚੋਹਲਾ',
ਕਿਸ ਪੁੱਛਣਾ ਬਾਅਦ ਅਧਿਆਪਕਾਂ ਨੂੰ

# ੧੩੪੮.੧੭.੧ ਗਲੀ ਨੰ: ੮,
ਹੈਬੋਵਾਲ ਖੁਰਦ (ਲੁਧਿਆਣਾ)
ਮੋ:੯੪੬੩੧੩੨੭੧੯

## "ਭੂਆ-ਭਤੀਜੀ"

—ਗੁਰਪ੍ਰੀਤ ਕੌਰ ਢਿਲੋਂ

ਮੇਰੀ ਭੂਆ ਸੀ ਸਭ ਤੋਂ ਪਿਆਰੀ,
ਉਹ ਮੇਰੀ ਜਾਨ ਸੀ, ਤੇ ਮੈਂ ਉਸਦੀ ਲਾਡ ਦੁਲਾਰੀ,
ਉਹ ਮਾਂ ਜਿਨਾਂ ਮੈਨੂੰ ਪਿਆਰ ਕਰਦੀ ਸੀ
ਮੇਰੀ ਫਿਕਰ 'ਚ ਪਲ-ਪਲ ਮਰਦੀ ਸੀ,
ਉਹ ਹਰ ਵੇਲੇ ਸੁੱਖ ਸਾਡੀ ਮੰਗਦੀ ਸੀ,
ਰੱਬ ਨੂੰ ਚੇਤੇ ਕਰਦੀ ਸੀ,
ਉਹ ਬਹੁਤੀਆਂ ਰੀਝਾਂ ਕਰਦੀ ਸੀ,
ਰਹਿੰਦੀ ਹਰ ਪਲ ਹੱਸਦੀ ਸੀ,
ਪਰ ਹੁਣ ਕੋਈ ਨਹੀਂ ਮੈਨੂੰ ਗਲ ਨਾਲ ਲਾਉਂਦਾ,
ਨਾਂ ਹੀ ਤੇਰੇ ਵਾਂਗ ਪਿਆਰ ਨਾਲ
ਮੱਥਾ ਚੁੰਮਦਾ ਏ,
ਤੂੰ ਖੋ ਗਈ ਅੰਬਰਾਂ ਦੇ ਵਿੱਚ,
ਆਪਣੇ ਛੋਟੇ-੨ ਬੱਚਿਆਂ ਨੂੰ ਵੀ ਇੱਕਲਾ ਛੱਡ ਗਈ,
ਹੁਣ ਤੇਰੇ ਬਿਨਾਂ ਸਭ ਕੁੱਝ ਖਾਲੀ ਲੱਗਦਾ ਏ,
ਤੇਰੀਆਂ ਯਾਂਦਾਂ ਰੋਜ਼ ਮੇਰੇ ਸਿਰਹਾਂਣੇ ਆ ਬਹਿੰਦੀਆਂ ਨੇ,
ਤੈਨੂੰ ਇਕ ਵਾਰ ਫਿਰ ਘੁੱਟ ਕੇ ਗਲ ਨਾਲ ਲਗਾਉਣਾਂ ਚਾਹੁੰਦੀ ਹਾਂ,
ਮੈਂ ਤੈਨੂੰ ਦੱਸਣਾਂ ਏ ਕਿ ਤੈਨੂੰ ਬਹੁਤ ਪਿਆਰ ਕਰਦੀ ਹਾਂ,
ਮੈਂ ਇੱਕ ਵਾਰ ਫਿਰ ਤੈਨੂੰ ਵੇਖ ਕੇ ਮੁਸਕੁਰਾਉਣਾ ਚਾਹੁੰਦੀ ਹਾਂ
ਮੈਂ ਇੱਕ ਵਾਰ ਫਿਰ ਤੈਨੂੰ ਛੂਹਣਾਂ ਚਾਹੁੰਦੀ ਹਾਂ

ਮੋਬ—੯੭੮੦੧੫੪੭੭੩

## "ਕੀ ਏ ਕਸੂਰ ਮੇਰਾ"

—ਗੁਰਪ੍ਰੀਤ ਕੌਰ ਢਿਲੋਂ

ਕਿਉਂ ਮੈਨੂੰ ਕਮਜ਼ੋਰ ਹੋ ਕਹਿੰਦੇ
ਕਿਉਂ ਮਾਂਏਂ ਮੈਨੂੰ ਮਰਵਾਇਓਆ ਸੀ,
ਕਦੇ ਬਣ ਕੇ ਤੇਰੀ ਧੀ ਮਾਂਏਂ
ਤੇਰਾ ਵਿਹੜਾ ਰੁਸ਼ਨਾਇਆ ਸੀ,
ਇਕ ਵਾਰ ਬਣ ਕੇ ਝਾਂਸੀ ਦੀ ਰਾਣੀ
ਦੁਸ਼ਮਣ ਨੂੰ ਠਲ ਪਾਇਆ ਸੀ,
ਬਣ ਕੇ ਮਾਈ ਭਾਗੋ ਕਦੇ ਮੈਂ
ਜੰਗ ਦਾ ਮੈਦਾਨ ਹਿਲਾਇਆ ਸੀ,
ਕਿਉਂ ਮੈਨੂੰ ਹੋ ਬੋਝ ਸਮਝਦੇ
ਕਿਉਂ ਮੈਨੂੰ ਇੰਜ ਰਵਾਇਆ ਸੀ,
ਕਦੇ ਬਣ ਕੇ ਬੇਟੀ,ਬਣ ਕੇ ਨੂੰਹ ਮੈਂ
ਤੇਰਾ ਵਿਹੜਾ ਮਹਿਕਾਇਆ ਸੀ,
ਕਦੇ ਬਣ ਕੇ ਜਨਣੀ, ਸੂਰਵੀਰਾਂ ਨੂੰ ਜਗਤ ਦਿਖਾਇਆ ਸੀ,
ਕਦੇ ਬਣ ਕੇ ਭੈਣ
ਕਦੇ ਬਣ ਕੇ ਪਤਨੀ,
ਹਰ ਵਾਰ ਮੈਂ ਪਿਆਰ ਜਤਾਇਆ ਸੀ,
ਕੀ ਏ ਦੱਸ ਕਸੂਰ ਮੇਰਾ
ਫਿਰ ਵੀ ਮੈਨੂੰ ਤੜਫਾਇਆ ਸੀ,
ਕਦੇ ਫੋਕੀ ਸ਼ਾਨ ਖਾਤਿਰ
ਤੇ ਕਦੇ ਦਾਜ ਕਰਕੇ ਮੈਨੂੰ ਤੁਸੀਂ ਜਲਾਇਆ ਸੀ,
ਸੁਣੋ ਲੋਕੋ, ਹੁਣ ਮੈਂ ਕੁੱਝ ਨਹੀਂ ਸਹਿਣਾਂ,
ਮੈਂ ਆਪਣੇ ਲਈ ਆਪ ਹੀ ਲੜਾਂਗੀ,
ਮੈਂ ਫਿਰ ਤੋਂ ਬਣਾਂਗੀ ਝਾਂਸੀ ਦੀ ਰਾਣੀ,
ਤੇ ਜ਼ੁਲਮ ਨੂੰ ਪਿਛੇ ਕਰਾਗੀਂ।


NamdhariElibrary NamdhariElibrary@gmail.com

# ਪੁਸਤਕ 'ਕੁਦਰਤ ਦੇ ਸਭ ਰੰਗ' ਦਾ ਲੋਕ ਅਰਪਣ




ਪੁਸਤਕ 'ਕੁਦਰਤ ਦੇ ਸਭ ਰੰਗ' ਦਾ ਲੋਕ ਅਰਪਣ ਕਰਦੇ ਹੋਏ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ, ਪ੍ਰੋ. ਕੁਲਵੰਤ ਸਿੰਘ ਗਰੇਵਾਲ, ਗਿੱਲ ਸੁਰਜੀਤ, ਅਸ਼ੋਕ ਗੁਪਤਾ, ਡਾ. ਹਰਜੀਤ ਸਿੰਘ ਸੱਧਰ, ਅਜੀਤ ਸਿੰਘ ਰਾਹੀ, ਕਹਾਣੀਕਾਰ ਬਾਬੂ ਸਿੰਘ ਰੈਹਲ, ਆਸ਼ਾ ਰਾਣੀ, ਸੁਖਦੇਵ ਸਿੰਘ ਚਹਿਲ, ਦਵਿੰਦਰ ਪਟਿਆਲਵੀ।

ਅੱਜ ਮਿਤੀ 8 ਸਤੰਬਰ, 2013 ਨੂੰ ਪੰਜਾਬੀ ਸਾਹਿਤ ਸਭਾ ਰਜਿ. ਪਟਿਆਲਾ ਵੱਲੋਂ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੇ ਲੈਕਚਰ ਹਾਲ ਵਿਖੇ ਪੰਜਾਬੀ ਲੇਖਕ ਸ੍ਰੀ ਅਸ਼ੋਕ ਗੁਪਤਾ ਰਚਿਤ ਪੁਸਤਕ 'ਕੁਦਰਤ ਦੇ ਸਭ ਰੰਗ' ਦਾ ਲੋਕ ਅਰਪਣ ਕੀਤਾ ਗਿਆ। ਇਸ ਸਮਾਰੋਹ ਦੇ ਪ੍ਰਧਾਨਗੀ ਮੰਡਲ ਵਿਚ ਸਾਹਿਤ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ, ਲੋਕ ਸ਼ਾਇਰ ਪ੍ਰੋ. ਕੁਲਵੰਤ ਸਿੰਘ ਗਰੇਵਾਲ, ਉਘੇ ਗੀਤਕਾਰ ਗਿੱਲ ਸੁਰਜੀਤ, ਪ੍ਰਸਿੱਧ ਆਲੋਚਕ ਡਾ. ਹਰਜੀਤ ਸਿੰਘ ਸੱਧਰ, ਕਵੀ ਅਜੀਤ ਸਿੰਘ ਰਾਹੀ ਅਤੇ ਕਹਾਣੀਕਾਰ ਬਾਬੂ ਸਿੰਘ ਰੈਹਲ ਸ਼ਾਮਲ ਸਨ। ਪੁੱਜੇ ਲੇਖਕਾਂ ਦਾ ਸਵਾਗਤ ਕਰਦਿਆਂ ਡਾ. ਦਰਸ਼ਨ ਸਿੰਘ ਆਸ਼ਟ ਨੇ ਸਭਾ ਵੱਲੋਂ ਮੈਂਬਰਾਂ ਦੀ ਛਾਪੀ ਜਾ ਰਹੀ ਸਾਂਝੀ ਪੁਸਤਕ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਹਿਤ ਸਭਾ ਨੇ ਆਪਣੇ ਮੈਂਬਰਾਂ ਦੀਆਂ ਲਿਖਤਾਂ ਦੇ ਲੋਕ ਅਰਪਣ ਦੀ ਰਵਾਇਤ ਨੂੰ ਨਿਰੰਤਰ ਜਾਰੀ ਰੱਖਿਆ ਹੋਇਆ ਹੈ ਤਾਂ ਜੋ ਉਹਨਾਂ ਪੁਸਤਕਾਂ ਰਾਹੀਂ ਸਮਾਜ ਪਾਠਕ ਵਰਗ ਤੱਕ ਉਸਾਰੂ ਸਮਾਜਿਕ ਸੁਨੇਹੇ ਪੁੱਜਦੇ ਰਹਿਣ। ਡਾ. ਹਰਜੀਤ ਸਿੰਘ ਸੱਧਰ ਨੇ ਪੁਸਤਕ ਬਾਰੇ ਪਰਚਾ ਪੜ੍ਹਦਿਆਂ ਇਸ ਨੂੰ ਇਕ ਬਹੁਵਿਧਾਈ ਪੁਸਤਕ ਆਖਿਆ ਅਤੇ ਨਾਲ ਹੀ ਪੁਸਤਕ ਵਿਚਲੇ ਉਸਾਰੂ ਪੱਖ ਅਤੇ ਕਮੀਆਂ ਬਾਰੇ ਵੀ ਵਿਚਾਰ ਪ੍ਰਗਟ ਕੀਤੇ। ਪ੍ਰੋ. ਕੁਲਵੰਤ ਸਿੰਘ ਗਰੇਵਾਲ ਦਾ ਕਹਿਣਾ ਸੀ ਕਿ ਪੁਰਾਣੀ ਅਤੇ ਨਵੀਂ ਪੀੜ੍ਹੀ ਦੀ ਆਪਸੀ ਸਾਂਝ ਨੂੰ ਮਜ਼ਬੂਤ ਕਰਨ ਵਿਚ ਸਾਹਿਤ ਸਭਾਵਾਂ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਗੀਤਕਾਰ ਗਿੱਲ ਸੁਰਜੀਤ ਨੇ ਪੁਸਤਕ ਦੇ ਲੇਖਕ ਨੂੰ ਸੰਖੇਪ ਪਰ ਭਾਵਪੂਰਤ ਪੁਸਤਕ ਦੀ ਸਿਰਜਣਾ ਕਰਨ ਲਈ ਵਧਾਈ ਦਿੱਤੀ। ਇਸ ਮੌਕੇ ਅਸ਼ੋਕ ਗੁਪਤਾ ਨੇ ਪੁਸਤਕ ਵਿਚੋਂ ਕੁਝ ਲਿਖਤਾਂ ਵੀ ਸੁਣਾਈਆਂ। ਕਹਾਣੀਕਾਰ ਡਾ. ਸੁਖਮਿੰਦਰ ਸੇਖੋਂ ਨੇ ਪੁਸਤਕ ਵਿਚਲੇ ਕਈ ਮਹੱਤਵਪੂਰਨ ਪੱਖਾਂ ਬਾਰੇ ਚਾਨਣਾ ਪਾਇਆ।

ਸਮਾਗਮ ਦੇ ਅਗਲੇ ਦੌਰ ਵਿੱਚ ਸਾਬਕਾ ਮੈਂਬਰ ਪਾਰਲੀਮੈਂਟ ਸ. ਅਤਿੰਦਰਪਾਲ ਸਿੰਘ, ਜੰਗ ਸਿੰਘ ਫੱਟੜ, ਡਾ. ਜੀ.ਐਸ.ਆਨੰਦ, ਪ੍ਰੋ. ਮਨਜੀਤ ਸਿੰਘ ਬੱਲ, ਗੁਰਚਰਨ ਪੱਬਾਰਾਲੀ, ਕੁਲਵੰਤ ਸਿੰਘ, ਸੁਖਦੇਵ ਸਿੰਘ ਚਹਿਲ, ਮਨਜੀਤ ਪੱਟੀ, ਐਮ. ਰਮਜ਼ਾਨ ਕੰਗਣਵਾਲਵੀ, ਡਾ. ਇੰਦਰਪਾਲ ਕੌਰ, ਲੈਕਚਰਾਰ ਸੁਰਜੀਤ ਕੌਰ ਅਜਰਾਵਰ, ਐਮ.ਐਸ.ਜੱਗੀ, ਰੰਗਕਰਮੀ ਇਕਬਾਲ ਗੱਜਣ, ਬਲਵਿੰਦਰ ਸਿੰਘ ਭੱਟੀ, ਰਘਬੀਰ ਸਿੰਘ ਮਹਿਮੀ, ਹਰੀ ਸਿੰਘ ਚਮਕ, ਡਾ. ਰਵੀ ਭੂਸ਼ਣ, ਬਲਬੀਰ ਸਿੰਘ ਜਲਾਲਾਬਾਦੀ, ਗੁਸਈਆਂ ਦੇ ਸੰਪਾਦਕ ਕੁਲਵੰਤ ਸਿੰਘ ਨਾਰੀਕੇ, ਭਾਗਵਿੰਦਰ ਸਿੰਘ ਦੇਵਗਨ, ਅੰਗਰੇਜ਼ ਕਲੇਰ, ਗੁਰਚਰਨ ਚੌਹਾਨ, ਵਰਿੰਦਰ ਦਾਨੀ ਨਾਭਾ, ਹਰਪਾਲ ਤੁੱਲੇਵਾਲ, ਗੁਰਦਰਸ਼ਨ ਗੁਸੀਲ, ਪੰਮੀ ਫੱਗੂਵਾਲੀਆ, ਕੇ.ਸੀ.ਸੂਦ ਦਰਦ, ਸੁਰਿੰਦਰ ਕੌਰ ਬਾੜਾ ਸਰਹਿੰਦ, ਅਮਰਜੀਤ ਕੌਰ ਮਾਨ ਅਤੇ ਰਘਬੀਰ ਸਿੰਘ ਆਦਿ ਨੇ ਆਪੋ-ਆਪਣੀਆਂ ਭਾਵਪੂਰਤ ਰਚਨਾਵਾਂ ਪੜ੍ਹੀਆਂ। ਨਵੀਂ ਪੀੜ੍ਹੀ ਦੇ ਲੇਖਕਾਂ ਵਿਚੋਂ ਨਵਦੀਪ ਸਿੰਘ ਮੁੰਡੀ, ਅੰਮ੍ਰਿਤਪਾਲ ਸਿੰਘ ਮੰਗੂ, ਅਮਨਦੀਪ ਅਜਨੌਦਾ, ਅਸ਼ੋਕ ਬ੍ਰਾਹਮਣਮਾਜਰਾ, ਪਰਵੇਸ਼ ਕੁਮਾਰ ਸਮਾਣਾ, ਕਿਰਨਦੀਪ ਬੰਗੇ, ਗੁਰਿੰਦਰ ਪੰਜਾਬੀ, ਨਵਦੀਪ ਸਿੰਘ ਮੁੰਡੀ, ਜੰਟੀ ਬੇਤਾਬ ਬੀਂਬੜ ਅਤੇ ਗੁਰਵਿੰਦਰ ਕੌਰ ਨੇ ਸੰਭਾਵਨਾਵਾਂ ਭਰਪੂਰ ਲਿਖਤਾਂ ਪੜ੍ਹੀਆਂ। ਬਲਵਿੰਦਰ ਭੱਟੀ ਨੇ ਆਪਣੀ ਤਰੱਕੀ ਦੀ ਖੁਸ਼ੀ ਸਾਂਝੀ ਕੀਤੀ।

ਸਮਾਗਮ ਵਿਚ ਸ੍ਰੀਮਤੀ ਆਸ਼ਾ ਰਾਣੀ ਗੁਪਤਾ, ਚਿੱਤਰਕਾਰ ਗੋਬਿੰਦਰ ਸੋਹਲ, ਸੁਖਪਾਲ ਚਿੱਤਰਕਾਰ, ਡਾ.ਰਵੀ ਭੂਸ਼ਣ, ਸੁਖਜੀਤ ਕੌਰ, ਹਰਜਿੰਦਰ ਸਿੰਘ ਖਹਿਰਾ, ਆਰ.ਐਸ.ਸਾਜਨ, ਇੰਦਰਜੀਤ ਸ਼ਰਮਾ, ਚਮਕੌਰ ਸਿੰਘ, ਐਡਵੋਕੇਟ ਨਰਿੰਦਰ ਸ਼ਰਮਾ, ਵੇਦ ਪ੍ਰਕਾਸ਼ ਕੋਹਲੀ, ਜਰਨੈਲ ਸਿੰਘ, ਸੈਲਾਬ ਦੇ ਸੰਪਾਦਕ ਅੰਸ਼ੁਕ ਵਰਮਾ, ਦਲੀਪ ਸਿੰਘ ਨਿਰਮਾਣ, ਅਮਨਦੀਪ ਅਤੇ ਸ੍ਰੀ ਗੁਪਤਾ ਦੇ ਪਰਿਵਾਰ ਸਮੇਤ 75 ਤੋਂ ਵੱਧ ਸਾਹਿਤ ਪ੍ਰੇਮੀ ਹਾਜ਼ਰ ਸਨ। ਮੰਚ ਸੰਚਾਲਨ ਬਾਬੂ ਸਿੰਘ ਰੈਹਲ ਅਤੇ ਦਵਿੰਦਰ ਪਟਿਆਲਵੀ ਨੇ ਬਾਖ਼ੂਬੀ ਨਿਭਾਇਆ।

-ਦਵਿੰਦਰ ਪਟਿਆਲਵੀ, ਪ੍ਰਚਾਰ ਸਕੱਤਰ


Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

# ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ-੧੧੦੦੦੬

**Furshi Durries & Carpets**

in Bright & Fast Colours

**Manufacturers :**

# Namdhari Sales

**10240/54 Library Road, Azad Market, Delhi-110005**

**Phone Office : 011-23516689, 911-23614784**

**Mobile Phone :** S. Charanjit Singh 98105-56398
S. Satvinder Singh 98116-55210




Namdhari Elibrary NamdhariElibrary@gmail.com

## ਕਵਿਤਾ ਦੇ ਵਿਹੜੇ ਦਾ ਬਾਲਮ

# ਸੰਤ ਕਰਮ ਸਿੰਘ ਬਾਲਮ "ਬਾਲਮ ਰਚਨਾਵਲੀ" ਦੇ ਹਵਾਲੇ ਨਾਲ



—ਸੁਵਰਨ ਸਿੰਘ ਵਿਰਕ



ਸੰਤ ਕਰਮ ਸਿੰਘ ਜੀ ਬਾਲਮ

(1932 ਤੋਂ 29 ਅਪ੍ਰੈਲ, 1972)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਤਾ ਕਾਲ (੨੨ ਅਗਸਤ, ੧੯੫੯-੧੩ ਦਸੰਬਰ, ੨੦੧੨) ਸਮੇਂ ਨਾਮਧਾਰੀ ਇਤਿਹਾਸ ਅਤੇ ਸਾਹਿਤ ਦੀ ਸੰਭਾਲ ਵਾਸਤੇ ਵਿਸ਼ੇਸ਼ ਉਪਰਾਲੇ ਕੀਤੇ ਗਏ। ਸਤਿਗੁਰੂ ਸਾਹਿਬਾਨ ਅਤੇ ਪੁਰਾਤਨ ਨਾਮਧਾਰੀ ਲੇਖਕਾਂ ਕਵੀਆਂ ਦੀਆਂ ਰਚਨਾਵਾਂ ਆਦਿ ਨੇ ਵੱਡੀ ਗਿਣਤੀ ਵਿਚ, ਪਹਿਲੀ ਵੇਰ ਛਾਪੇ ਦਾ ਜਾਮਾ ਪਹਿਨਿਆ। ਇਸ ਸਮੇਂ ਵਿਚ ਯੂਨੀਵਰਸਿਟੀਆਂ ਵਿਚ ਵੀ ਨਾਮਧਾਰੀ ਇਤਿਹਾਸ ਅਤੇ ਸਾਹਿਤ ਬਾਰੇ ਖੋਜ ਕਾਰਜ ਅਰੰਭ ਹੋਏ। ਨਵੀਆਂ ਰਚਨਾਵਾਂ ਵੀ ਕਾਫੀ ਸੰਖਿਆ ਵਿਚ ਪ੍ਰਕਾਸ਼ਿਤ ਹੋਈਆਂ ਅਤੇ ਪੁਰਾਣੇ ਰਚਨਾਕਾਰ, ਜੋ ਚੇਤਿਆਂ ਵਿਚੋਂ ਵਿੱਸਰਦੇ ਜਾ ਰਹੇ ਸਨ, ਉਹਨਾਂ ਦੀਆਂ ਰਚਨਾਵਾਂ ਨੂੰ ਵੀ ਪੁਨਰ ਪ੍ਰਕਾਸ਼ਿਤ ਕੀਤਾ ਗਿਆ। ਇਸ ਤਰ੍ਹਾਂ ਦਾ ਹੀ ਇਕ ਨਿਵੇਕਲਾ ਪਰ ਗੌਰਵ ਭਰਪੂਰ ਕਾਰਜ ਹੈ, ਇਕ ੪੧ ਵਰ੍ਹੇ ਪਹਿਲਾਂ ੪੦ ਕੁ ਸਾਲਾਂ ਦੀ ਆਯੂ ਵਿਚ ਚਲਾਣਾ ਕਰ ਗਏ, ਸੰਤ ਕਰਮ ਸਿੰਘ 'ਬਾਲਮ' ਦੀਆਂ ਉਪਲਬਧ ਕਾਵਿ ਰਚਨਾਵਾਂ ਨੂੰ "ਬਾਲਮ ਰਚਨਾਵਲੀ" ਦੇ ਨਾਂ ਹੇਠ ਛਪਵਾਉਣਾ। ਨਾਮਧਾਰੀ ਦਰਬਾਰ ਦੁਆਰਾ ਇਹ ਰਚਨਾ ਬੇਸ਼ਕ ੨੦੧੩ ਦੇ ਹੋਲੇ ਮਹੱਲੇ ਸਮੇਂ, ਸਤਿਗੁਰੂ ਉਦੈ ਸਿੰਘ ਜੀ ਨੇ ਸੰਗਤ ਵਿਚ ਲੋਕ ਅਰਪਣ ਕੀਤੀ ਸੀ ਪਰੰਤੂ ਇਸਦੀ ਵਿਉਂਤ, ਤਿਆਰੀ ਪਿਛਲੇ ਕਈ ਸਾਲਾਂ ਤੋਂ ਪੁਸਤਕ ਦੇ ਸੁਯੋਗ ਸੰਪਾਦਕ, ਸੰਤ ਨਿਸ਼ਾਨ ਸਿੰਘ ਜੀ ਨਾਮਧਾਰੀ, ਸ੍ਰੀ ਭੈਣੀ ਸਾਹਿਬ ਦੇ ਜ਼ਿੰਮੇ, ਹੁਕਮ ਮੁਤਾਬਕ ਲੱਗੀ ਹੋਈ ਸੀ। ਚਾਰ ਸੌ ਚਾਰ ਸਫਿਆਂ ਦੀ ਇਹ ਪੁਸਤਕ, ਭੂਮਿਕਾ ਦੇ ੧੬ ਸਫਿਆਂ ਤੋਂ ਅਲੱਗ ਹੈ। ਇਸਦੀ ਤਿਆਰੀ ਵਿਚ ਇਸਦੇ ਸੰਪਾਦਕ ਦੀ ਸੁਹਿਰਦਤਾ, ਹਿੰਮਤ, ਲਗਨ, ਕਾਵਿ ਰਚੀ, ਵਿੱਦਵਤਾ, ਬਾਲਮ ਜੀ ਪ੍ਰਤੀ ਸ਼ਰਧਾ ਭਾਵ ਉਸਦਾ ਸਿੱਖ ਸਾਹਿਤ ਵਿਸ਼ੇਸ਼ਕਰ ਨਾਮਧਾਰੀ ਸੰਪ੍ਰਦਾਇ ਨਾਲ ਸਬੰਧਿਤ ਨੂੰ, ਸੰਭਾਲਣ ਦੀ ਇੱਛਾ, ਦੇ ਪਰਤੱਖ ਦਰਸ਼ਨ ਹੁੰਦੇ ਹਨ। ਸਾਹਿਤ ਸੇਵਾ ਵਿਚ ਉੱਤਰਨ ਵਾਲੀ ਯੁਵਾ ਪੀੜ੍ਹੀ ਲਈ, ਸੰਤ ਨਿਸ਼ਾਨ ਸਿੰਘ ਜੀ ਦਾ ਇਹ ਸੇਵਾ ਕਾਰਜ ਪਥ ਪਰਦਰਸ਼ਕ ਬਣੇਗਾ। ਵੇਲੇ ਦੀ ਧੂੜ ਵਿਚ ਗੁਆਚ ਚੁੱਕੇ ਜਾਂ ਗੁਆਚਣ ਦੇ ਕਰੀਬ ਕੂਕੇ ਕਲਮਕਾਰਾਂ ਨੂੰ, ਉਹਨਾਂ ਦੀ ਕੀਰਤੀ ਨੂੰ ਸੁਰੱਖਿਅਤ ਰੱਖਣ ਲਈ, ਨਵੇਂ ਲੇਖਕਾਂ ਦੇ ਉੱਦਮ ਦੀ ਲੋੜ ਹੈ।

ਗੁਰਦਾਸਪੁਰ ਜ਼ਿਲ੍ਹੇ ਦੇ ਇਕ ਪਿੰਡ ਤਲਵੰਡੀ ਗੁਰਾਇਆ ਨਾਲ ਸਬੰਧਿਤ, ਉਮਰ ਦੇ ਪੰਜਵੇਂ ਦਹਾਕੇ ਦੇ ਅੱਧ ਵਿਚ ਵਿਚਰ ਰਹੇ ਸੰਤ ਨਿਸ਼ਾਨ ਸਿੰਘ ਜੀ ਇਕ ਵਿਦਵਾਨ ਨਾਮਧਾਰੀ ਸਾਧੂ ਪੰਡਿਤ ਗੁਰਚਰਨ ਸਿੰਘ ਜੀ ਤੋਂ ਵਰੋਸਾਏ ਹਨ। ਗਿਆਨ ਪ੍ਰਾਪਤੀ ਦੀ ਚੇਟਕ ਉਹਨਾਂ ਤੋਂ ਲੱਗੀ। ਬਹੁਤ ਕੁਝ ਸਿਖਿਆ ਅਤੇ ਰਹਿੰਦੀ ਕਸਰ ਸ੍ਰੀ ਭੈਣੀ ਸਾਹਿਬ ਦੀ ਦੇਵ-ਭੂਮੀ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪੂਰੀ ਹੋ ਗਈ, ਜਿੱਥੇ ਪੰਡਿਤ ਗੋਪਾਲ ਸਿੰਘ ਜੀ, ਮਾਸਟਰ ਨਿਹਾਲ ਸਿੰਘ ਜੀ, ਸੰਤ ਗਿਆਨੀ ਬਲਵੰਤ ਸਿੰਘ ਅਤੇ ਜਥੇਦਾਰ ਗਿਆਨ ਸਿੰਘ ਵੀਰੋਕੇ ਜਿਹੇ ਗੁਣੀਜਨਾਂ ਦੀ ਸੰਗਤ ਕਾਰਗਰ ਸਿੱਧ ਹੋਈ। ਸ੍ਰੀ ਭੈਣੀ ਸਾਹਿਬ ਵਿਚ ਉਹਨਾਂ ਨੇ ਆਪਣੇ ਗੁਰਮਤਿ ਗਿਆਨ ਨੂੰ ਨਾਂ ਕੇਵਲ ਕਥਾ ਵਾਰਤਾ ਦੁਆਰਾ ਸੰਗਤ ਵਿਚ ਵਰਤਾਇਆ ਸਗੋਂ ਨਵੀਂ ਪੌਦ ਨੂੰ ਵੀ ਇਸ ਵਿਚ ਪਾਰੰਗਤ ਕਰ ਰਹੇ ਹਨ। ਉਹਨਾਂ ਦੀਆਂ ਲਾਈਆਂ ਕਲਮਾਂ ਘਣਛਾਵੇਂ ਬਿਰਖ ਬੂਟੇ ਬਨਣ ਵਲ ਵਧ ਰਹੀਆਂ ਹਨ। "ਬਾਲਮ ਰਚਨਾਵਲੀ" ਨਾਲ ਉਹਨਾਂ ਦੀ ਸੰਪਾਦਨ ਕਲਾ ਵੀ ਨਿੱਖਰ ਕੇ ਸਾਹਮਣੇ ਆਈ ਹੈ। ਸਤਿਗੁਰੂ


NamdhariElibrary NamdhariElibrary@gmail.com

ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਿਆਰ ਪਾਤਰ ਇਕ ਨਾਮਧਾਰੀ ਕਲਮਕਾਰ, ਕੀਰਤਨੀਏ ਦੀ ਭੁੱਲ ਚੁੱਕੀ ਰਚਨਾ ਨੂੰ, ਥਾਉਂ ਥਾਈਂ ਤੁਰ ਫਿਰ ਕੇ, ਇਕੱਤਰ ਕਰਨਾ, ਵਾਰ ਵਾਰ ਲਿਖਣਾ, ਛਪਵਾਉਣਾ, ਇਕ ਵੱਡਾ ਕੰਮ ਸੀ। ਇਤਨਾ ਹੀ ਜ਼ਰੂਰੀ ਕੰਮ ਸੀ ਬਾਲਮ ਜੀ ਸਬੰਧੀ ਜਾਣਕਾਰੀ ਨੂੰ ਸੰਭਾਲਣਾ।




ਸੰਤ ਕਰਮ ਸਿੰਘ ਬਾਲਮ ਦੀ ਪੁੱਤਰੀ ਬੀਬੀ ਹਰਜੀਤ ਕੌਰ ਦੇ ਲਿਖਣ ਮੁਤਾਬਿਕ, ਬਾਲਮ ਜੀ ਦਾ ਜਨਮ ਪਿੰਡ ਮੌਜੋਕੇ ਜ਼ਿਲ੍ਹਾ ਲਾਹੌਰ ਦੇ ਇਕ ਜ਼ਿਮੀਦਾਰ, ਸ. ਚੰਦਾ ਸਿੰਘ ਅਤੇ ਮਾਤਾ ਕਰਮ ਕੌਰ ਦੇ ਘਰ ੧੯੩੨ ਈ. ਵਿਚ ਹੋਇਆ। ਪਿਤਾ ਦਾ ਸਾਇਆ ਸਿਰ ਤੋਂ, ਮਿਡਲ ਪਾਸ ਕਰਦੇ ਸਮੇਂ ਹੀ ਉੱਠ ਗਿਆ। ਪਿਤਾ ਫੌਜ ਵਿਚ ਚੰਗੇ ਅਹੁਦੇ ਤੇ ਸਨ ਘਰ ਦੀ ਜ਼ਮੀਨ ਜਾਇਦਾਦ ਕਾਫੀ ਸੀ ਸੋ ਇਕੋ ਵਾਰਿਸ ਹੋਣ ਕਾਰਨ, ਸ਼ਰੀਕਾਂ ਨੇ ਕਪਟ ਧਾਰ ਲਿਆ। ਮਾਤਾ ਦੀ ਹਦਾਇਤ ਤੇ ਕਿਸੇ ਨਾਮਧਾਰੀ ਬਜ਼ੁਰਗ ਨਾਲ, ਭੈਣੀ ਸਾਹਿਬ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਰਨ ਵਿਚ ਆ ਗਏ। ਇੱਥੇ ਹੀ ਸੰਗੀਤ ਕਥਾ ਅਤੇ ਕਵਿਤਾ ਦੀ ਦਾਤ ਮਿਲੀ। ਉਰਦੂ, ਫਾਰਸੀ, ਹਿੰਦੀ, ਪੰਜਾਬੀ ਪਹਿਲਾਂ ਪੜ੍ਹੇ ਹੋਏ ਸਨ। ਇੱਥੇ ਆਉਣ ਬਾਅਦ ਗਿਆਨੀ ਪਾਸ ਕਰ ਲਈ। ਸਾਹਿਤ ਦੀ ਸਮਝ ਹਾਸਲ ਹੋਣ ਲੱਗੀ। ਸਤਿਗੁਰੂ ਪ੍ਰਤਾਪ ਸਿੰਘ ਤੋਂ ਸੇਵਾ ਭਾਵ ਨਾਲ ਬਿਅੰਤ ਖੁਸ਼ੀਆਂ ਅਤੇ ਬਾਲਮ ਉਪਨਾਮ ਗ੍ਰਹਿਣ ਕੀਤਾ। ਤਰਨਤਾਰਨ ਦੀ ਬੀਬੀ ਸੁਰਜੀਤ ਕੌਰ ਨਾਲ ਸ਼ਾਦੀ ਹੋਈ। ੧੯੭੧ ਈ. ਵਿਚ ਥਾਈਲੈਂਡ, ਸਿੰਘਾਪੁਰ, ਮਲੇਸ਼ੀਆ ਆਦਿ ਮੁਲਕਾਂ ਦੇ ਦੌਰੇ ਵਿਚ, ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਦਾ ਡੰਕਾ ਵਜਾਉਂਦਿਆਂ ਵਖਿਆਨ ਕੀਰਤਨ ਕੀਤਾ। ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਦੇ ਕਥਨ ਅਨੁਸਾਰ ਬਾਲਮ ਜੀ ਨੇ ਸੰਤ ਨਿਧਾਨ ਸਿੰਘ "ਆਲਿਮ" ਜੀ ਦੇ ਚਲਾਣੇ ਬਾਅਦ, ਉਸ ਖਾਲੀ ਥਾਂ ਨੂੰ ਪੂਰਾ ਕੀਤਾ ਸੀ ਅਤੇ ਉਹਨਾਂ ਗਿਣੇ ਚੁਣੇ ਵਿਅਕਤੀਆਂ ਵਿਚੋਂ ਸਨ ਬਾਲਮ ਜੀ, ਜੋ ਇਕ ਪਰਕਰਣ ਤੇ ਮਜ਼ਮੂਨ ਤੇ, ਅਧਿਕਾਰ ਪੂਰਵਕ ਬੋਲ ਸੱਕਦੇ ਸਨ। ਬਾਲਮ ਜੀ ਦਾ ਅੰਤ ਸਮਾਂ ਵੀ ਇਕ ਹੋਰ ਪ੍ਰਸਿੱਧ ਨਾਮਧਾਰੀ ਜਥੇਦਾਰ ਅਤਰ ਸਿੰਘ ਜੀ ਜਿਉਂ, ਕੀਰਤਨ ਕਰਦਿਆਂ ਹੀ ੨੯ ਅਪ੍ਰੈਲ ੧੯੭੨ ਈ. ਨੂੰ ਕਾਨਪੁਰ ਵਿਖੇ ਆਇਆ।

ਸੰਤ ਕਰਮ ਸਿੰਘ ਬਾਲਮ ਹੋਰਾਂ ਦੀ ਪਹਿਲੀ ਪੁਸਤਕ 'ਪ੍ਰਚਾਰਕ' ਸੀ। 'ਪਾਹੁਲ-ਪਿਆਸੇ' ਅਤੇ "ਨਾਮਧਾਰੀ ਸ਼ਹੀਦ" ਵੀ ਛਪੀਆਂ। ਪਰ ਇਹ ਕਿਤਾਬਾਂ ਸੰਪਾਦਕ ਨੂੰ ਮਿਲੀਆਂ ਨਹੀਂ। ਉਸਦੀ ਪਹੁੰਚ ਵਿਚ "ਪਿਆਰ ਕੁਰਬਾਨੀਆਂ" ਅਤੇ "ਨੂਰੀ ਬਾਲਮ" ਆਈਆਂ ਜਾਂ ਫਿਰ ਅਣਛਪੀਆਂ ਕਵਿਤਾਵਾਂ ਪਰਿਵਾਰ ਤੋਂ ਜਥੇਦਾਰ ਸੇਵਾ ਸਿੰਘ ਦਿੱਲੀ ਦੇ ਸਹਿਯੋਗ ਨਾਲ ਮਿਲੀਆਂ। ਜੇ ਬਾਲਮ ਜੀ ਦੀਆਂ ਸਾਰੀਆਂ ਕਿਤਾਬਾਂ ਲੱਭ ਜਾਂਦੀਆਂ ਤਾਂ ਰਚਨਾਵਲੀ ਦੇ ਪੰਨੇ ਦੂਣੇ ਨਹੀਂ ਤਾਂ ਡਿਓੜੇ ਜ਼ਰੂਰ ਹੁੰਦੇ। ਖ਼ੈਰ...

ਬਾਲਮ ਜੀ ਨੇ ਪੁਰਾਣੇ ਸਿੱਖ ਸਾਹਿਤ ਜਿਉਂ ਆਪਣੀ ਕਾਫੀ ਰਚਨਾ ਬੱਰਜ ਭਾਸ਼ਾ ਵਿਚ ਵੀ ਕੀਤੀ ਹੈ ਜੋ ਕਾਵਿ ਗੁਣਾਂ ਤੇ ਪੂਰੀ ਉੱਤਰਦੀ ਹੈ। ਕਿਉਂਕਿ ਵੰਡ ਤੋਂ ਬਾਅਦ ਨਾਮਧਾਰੀ ਸੰਗਤ ਪੰਜਾਬ ਦੀਆਂ ਹੱਦਾਂ ਤੱਕ ਸੀਮਿਤ ਨਹੀਂ ਸੀ ਰਹੀ। ਇਸ ਲਈ ਦੇਸ਼ ਦੇ ਹਿੰਦੀ ਭਾਸ਼ੀ ਖੇਤਰਾਂ ਵਿਚ ਬਾਲਮ ਜੀ ਦੀ ਬਰੱਜ ਰਚਨਾ ਗੈਰ ਪੰਜਾਬੀ ਭਾਸ਼ੀ ਸੰਗਤ ਨਾਲ ਰਾਬਤਾ ਜੋੜਨ ਵਿਚ ਸਹਾਈ ਹੁੰਦੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਸਤਰਾਂ ਦੀ ਸੇਵਾ ਕਰਨ ਵਾਲੇ, ਸੰਤ ਮੋਹਕਮ ਸਿੰਘ ਜੀ ਜਮਸ਼ੇਰ (ਲਾਹੌਰ) ਪਿੰਡ ਦੇ ਸਿੱਧੂ ਜੱਟ ਭਾਈਚਾਰੇ ਵਿਚੋਂ ਸਨ। ਉਹਨਾਂ ਦੀ ਸਤਿਗੁਰੂ ਜੀ ਨਾਲ ਪ੍ਰੀਤੀ ਨੂੰ ਬਾਲਮ ਜੀ ਕ੍ਰਿਸ਼ਨ ਜੀ ਅਤੇ ਊਧੋ ਜੀ ਦੀ ਪ੍ਰੀਤੀ ਨਾਲ ਜੋੜਦੇ ਹਨ ("ਊਧੋ/ਕਾਹਨ ਦੀ ਗੱਲ ਸੁਣਾ ਸਾਨੂੰ," ਧਨੀ ਰਾਮ ਚਾਤ੍ਰਿਕ ਜੀ ਦੀ ਕਵਿਤਾ ਰਾਧਾ-ਸੰਦੇਸ਼ ਵਿਚਲਾ ਊਧੋ)। ਇਹ


Namdhari Elibrary NamdhariElibrary@gmail.com

ਨਮੂਨਾ ਹੈ, ਬਾਲਮ ਜੀ ਦੀ ਬਰੱਜ ਰਚਨਾ ਦਾ, ਜੋ ਸਵੈਯਾ ਛੰਦ ਵਿਚ ਹੈ—

"ਪੁਰ ਜਮਸ਼ੇਰ ਮੇਂ ਸ਼ੇਰ ਭਇਓ,
ਸਿੰਘ ਮੋਹਕਮ ਮਸਤ ਮਹਾਂ ਬਲਕਾਰੀ।
ਜਤੀ-ਸਤੀ, ਸਤਿਵਾਨ, ਹਿਤੂ ਸਭ,
ਸ਼ਾਂਤ ਸਰੂਪ ਬਡੋ ਬ੍ਰਹਮਚਾਰੀ।
ਪ੍ਰਤਾਪ ਕੋ ਪਾਏ ਕਹਾ ਪ੍ਰਭ ਪਾਇਆ,
ਪਾਇ ਪਰੇ ਪੈ ਔਧ ਗੁਜ਼ਾਰੀ।
ਪ੍ਰਤਾਪ ਕੇ ਸੰਗ ਪ੍ਰੀਤ ਨਿਭੀ,
ਜਿਉਂ 'ਬਾਲਮ' ਊਧਵ ਸੰਗ ਮੁਰਾਰੀ।(ਪੰਨਾ ੬੬)

ਅੱਧੀ ਸਦੀ ਦਾ ਸਾਥ ਸਤਿਗੁਰੂ ਜੀ ਨਾਲ ਨਿਭਾਹੁਣ ਵਾਲਾ ਹੀ ਸੀ ਭਾਈ ਵਜ਼ੀਰ ਸਿੰਘ, ਪਿੰਡ 'ਚੱਕ ਕੂਕਿਆ' ਦੀ। ਉਹਨਾਂ ਦੇ ਉੱਚ ਗੁਣਾਂ ਦਾ ਮੁਲੰਕਣ ਬਾਲਮ ਜੀ ਦੀ ਕਾਵਿ-ਕਲਾ ਦੁਆਰਾ ਇਉਂ ਹੁੰਦਾ ਹੈ—

"ਇਹੁ ਗੁਰੂ ਪ੍ਰਤਾਪ ਦੇ ਦਿਲ ਅੰਦਰ,
ਦੱਬਿਆ ਹੋਇਆ ਇਕ ਕੀਮਤੀ ਧਨ ਹੈ ਸੀ।
ਪਿਆਰੇ ਪ੍ਰੀਤਮ ਦੇ ਪਿਆਰ ਆਕਾਸ਼ ਉਤੇ,
ਚਮਕਾਂ ਮਾਰਦਾ ਚਮਕਦਾ ਚੰਨ ਹੈ ਸੀ।
ਬਾਲੇ ਵਾਂਗਰਾਂ ਰਹਿ ਕੇ ਉਮਰ ਸਾਰੀ,
ਇਸਨੇ ਮੋਹਿਆ ਮਹਿਬੂਬ ਦਾ ਮਨ ਹੈ ਸੀ।
ਉਸਦੀ ਰਜ਼ਾ ਅੰਦਰ ਰਾਜ਼ੀ ਰਹਿਣ ਵਾਲਾ,
ਨਾਮ ਬਾਣੀ ਦੇ ਵਿਚ ਪ੍ਰਸੰਨ ਹੈ ਸੀ।
ਜਦ ਤੱਕ ਜ਼ਿਮੀਂ ਆਕਾਸ਼ ਤੇ ਚੰਨ ਤਾਰੇ,
ਤਦ ਤੱਕ ਕਾਇਮ ਇਹ ਸਦਾ ਨਿਸ਼ਾਨ ਰਹਿਸੀ।
ਜਦ ਜੱਸ ਪ੍ਰਤਾਪ ਦਾ ਗਾਉ ਦੁਨੀਆਂ,
ਨਾਲ ਨਾਲ 'ਵਜ਼ੀਰ' ਪਰਵਾਨ ਰਹਿ ਸੀ।" (ਪੰਨਾ ੬੫)

ਬਾਲਮ ਜੀ ਦੀਆਂ ਕਵਿਤਾਵਾਂ, ਗੀਤਾਂ, ਕਵਾਲੀਆਂ ਆਦਿ ਦਾ ਵਿਸ਼ਾ-ਵਸਤੂ ਕਾਫੀ ਸਮਰਿੱਧ ਹੈ। ਇਸ ਵਿਚ ਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ, ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਿਮਾ ਦਾ ਬਖਾਨ ਹੈ। ਸਿੱਖ ਸ਼ਹੀਦਾਂ, ਸੂਰਬੀਰਾਂ ਯੋਧਿਆਂ, ਦੇਸ਼ ਭਗਤਾਂ ਦੀ ਬਹਾਦਰੀ ਦਾ ਪਰਸੰਸਾਮਈ ਸੁਰ ਵਿਚ ਇਜ਼ਹਾਰ ਹੈ। ਹਿੰਦੂ ਪੌਰਾਣਿਕ ਸਾਹਿਤ ਵਿਚੋਂ ਪ੍ਰੇਮਾ ਭਗਤੀ ਵਾਲੇ ਪਰਸੰਗ ਹਨ। ਸੰਸਾਰ ਵਿਚ ਜੀਵਨ ਅਤੇ ਮੌਤ, ਨੇਕੀ ਅਤੇ ਬਦੀ ਦੀਆਂ ਤਾਕਤਾਂ ਵਿਚਾਲੇ ਜੋ ਅਮੁੱਕ ਸੰਗਰਾਮ ਹਰ ਪਲ ਚੱਲ ਰਿਹਾ ਹੈ, ਉਸ ਦਾ ਮਨਮੋਹਕ ਸ਼ੈਲੀ ਵਿਚ ਵਰਣਨ ਹੈ। ਅੰਮ੍ਰਿਤ ਦੀ ਸ਼ਕਤੀ ਦਾ ਪ੍ਰਦਰਸ਼ਨ ਹੈ। ਗੁਰੂ ਕੇ ਸਿੱਖਾਂ ਦੇ ਤਪ ਤਿਆਗ ਅਤੇ ਬੇਜੋੜ ਕੁਰਬਾਨੀਆਂ ਦਾ ਸਜੀਵ ਚਿਤਰਣ ਹੈ। ਦੇਸ਼ ਬਟਵਾਰੇ ਦਾ ਦੁਖਾਂਤ ਹੈ। ਕਵੀ ਦਾ ਦ੍ਰਿਸ਼ਟੀਕੋਣ ਮਾਨਵਵਾਦੀ ਅਤੇ ਗੈਰ ਫਿਰਕੂ ਹੈ। ਉਹ ਗੁਰੂਆਂ ਦੀ ਸਿੱਖਿਆ ਦੇ ਸਾਰ ਤੱਤ ਨੂੰ ਸਮਝਦਾ ਹੈ ਜਿਸ ਦੇ ਮੁਤਾਬਿਕ, ਮਜ਼ਬਾਂ, ਕੌਮਾਂ, ਭਾਸ਼ਾਵਾਂ ਜਾਂ ਇਲਾਕਾਈ ਵੰਡੀਆਂ ਨਾਲ ਇਨਸਾਨ ਵੰਡੇ ਨਹੀਂ ਜਾਂਦੇ। ਜਦੋਂ ਪਹਾੜੀ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਕਿ ਕਥਿਤ ਨੀਵੀਆਂ ਜਾਤਾਂ ਨੂੰ ਅੰਮ੍ਰਿਤ ਛਕਾਉਣ ਦੀ ਬਜਾਏ ਸਾਨੂੰ ਛਕਾਉ। ਸਾਡੇ ਗੁਰੂ ਬਣੋ ਅਤੇ ਅਨੰਦ ਮਾਣੋ। ਗੁਰੂ ਸਾਹਿਬ ਦਾ ਜੁਆਬ, ਬਾਲਮ ਜੀ ਦੇ ਸ਼ਬਦਾਂ ਵਿਚ, ਨਵੇਂ ਜਮਹੂਰੀ ਤੇ ਅੱਗੇ ਵਧੂ ਯੁੱਗ ਦੀ, ਬਾਤ ਪਾਉਣ ਵਾਲਾ ਸੀ-

"ਤਾਜ ਵਾ ਤਖ਼ਤ ਸਭ ਮੇਰੇ ਦਰਕਾਰ ਨਹੀਂ,
ਮੈਂ ਤੋ ਖ਼ੁਸ਼ ਹੂੰ ਘਰ ਆਪਣਾ ਲੁਟਾਇਕੇ।
ਸੋਨੇ ਨਹੀਂ ਆਇਆ ਮੈਂ ਫੂਲਨ ਕੀ ਸੇਜਾ ਪਰ,
ਮੈਂ ਨੇ ਸੋਨਾ ਬਨ ਸੇਜਾ ਕਾਂਟੋਂ ਕੀ ਬਿਛਾਇ ਕੇ।
ਨੀਚ ਊਚ ਛੂਤ-ਛਾਤ ਸਭ ਹੀ ਦੀਵਾਰੇ ਫੋੜ,
ਪਾਹੁਲ ਪਿਲਾਊਂ ਏਕ ਬਾਟੇ ਸੇ ਬਿਠਾਇਕੇ।
ਰੰਕਨ ਕੋ ਪਾਹੁਲ ਦੇ ਰਾਓਂ ਸੇ ਲੜਾਊਂ ਅਬ,
ਸਵਾ ਲਾਖ ਸੇ ਮੈਂ ਏਕ ਏਕ ਕੋ ਲੜਾਇਕੇ।" (ਪੰਨਾ ੩੪੭)

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪੰਜਾਬ ਵਿਚ ਇਕ ਤਾਰੀਖੀ ਮੋੜ ਸੀ। ਇਹ ਜ਼ੁਲਮ ਜਬਰ ਅੱਗੇ ਗੁਰੂ ਸਾਹਿਬ ਦਾ ਸ਼ਾਂਤਮਈ ਪ੍ਰਤੀਰੋਧ ਸੀ। ਮੁਕਾਬਲਾ ਹਿੰਦ ਦੀ ਹਕੂਮਤ ਨਾਲ ਸੀ। ਸੁਆਲ ਜੇ ਹਿੰਦੂ ਮੁਸਲਮਾਨ ਦਾ ਹੁੰਦਾ ਤਾਂ ਮੀਆਂ ਮੀਰ ਹਾਅ ਦਾ ਨਾਅਰਾ ਕਿਉਂ ਮਾਰਦਾ? ਬਾਲਮ ਜੀ ਸ਼ਹੀਦੀਆਂ ਦੇ ਵਰਣਨ ਵਿਚ ਬੇਜੋੜ ਹਨ। ਕਵਿਤਾ ਅਨੁਪਰਾਸ ਅਲੰਕਾਰ ਨਾਲ ਭਰਪੂਰ ਹੈ। ਕਾਵਿ ਬਿੰਬ ਅਨੂਠੇ ਹਨ। ਕਵਿਤਾ "ਤਵੀ ਤੇ ਤੱਪ" ਉਚ ਕੋਟੀ ਦੀ ਰਚਨਾ ਹੋ ਨਿਬੜੀ ਹੈ—

"ਲਾਲ ਲੋਹ ਸੀ ਅੰਗਿਆਰ ਹੋਈ,
ਭੜਕ ਭੜਕ ਕੇ ਭੱਠੀ ਭੜਕਦੀ ਸੀ।
ਲਾ ਕੇ ਚੌਂਕੜਾ ਭਾਨੀ ਦਾ ਬੰਨ ਬੈਠਾ,


Namdhari Elibrary NamdhariElibrary@gmail.com

ਚਿਰੜ ਚਿਰੜ ਕਰਕੇ ਚਰਬੀ ਚੜਕਦੀ ਸੀ।
ਕੜਛੇ ਰੇਤ ਦੇ ਪੈਂਦੇ ਸੀ ਸੀਸ ਉਤੇ,
ਤਿਰੜ ਤਿਰੜ ਕਰਕੇ ਰੇਤ ਤੜਕਦੀ ਸੀ।
ਦੋਜ਼ਕ ਵਾਂਗ ਸੀ ਉਸ ਦਿਨ ਲਾਹੌਰ ਬਣਿਆ,
ਚੱਪੇ ਚੱਪੇ ਉਤੇ ਹੋਣੀ ਕੜਕਦੀ ਸੀ।"
"ਤੜਪ ਤੜਪ ਕੇ ਪੀਰ ਜੀ ਕਹਿਣ ਲੱਗੇ,
ਨਜ਼ਰ ਕਰੋ ਤਾਂ ਰੰਗ ਵਿਖਾ ਦੇਵਾਂ।
ਚੰਦ ਸੂਰਜ ਨੂੰ ਪਕੜ ਕੇ ਖਾ ਜਾਵਾਂ,
ਦਿੱਲੀ ਨਾਲ ਲਾਹੌਰ ਭਿੜਾ ਦੇਵਾਂ।"

..................................................

"ਕਿਹਾ ਹੱਸ ਕੇ ਸੱਚਿਆਂ ਸਤਿਗੁਰਾਂ ਨੇ,
ਹੁਕਮ ਪਿਆਰੇ ਦਾ ਪੀਰ ਪ੍ਰਤਾਈ ਦਾ ਨਹੀਂ।
ਰਹੀਏ ਸਦਾ ਪਿਆਰੇ ਦੀ ਖੁਸ਼ੀ ਅੰਦਰ,
ਵਿਚ ਭਾਣੇ ਦੇ ਮੀਆਂ ਘਬਰਾਈ ਦਾ ਨਹੀਂ।" (ਪੰਨਾ, ੨੨੨-੨੪)

ਗੁਰੂ ਤੇ ਸਿੱਖ ਦਾ ਰਿਸ਼ਤਾ ਕੈਸਾ ਹੈ? ਸਿੱਖ ਲਈ ਗੁਰੂ ਦੀ ਚਰਨ ਧੂੜ ਤੋਂ ਵੱਧ ਕੀਮਤੀ ਸ਼ੈ ਕੋਈ ਨਹੀਂ, ਕਵੀ ਬਾਲਮ ਦੇ ਸ਼ਬਦਾਂ ਵਿਚ—

"ਪਾਤਸ਼ਾਹੀ ਦੁਨੀਆ ਦੀ ਹੋਵੇ,
ਪਾਣੀ ਭਰੇ ਆ ਬਾਬਰ।
ਸ਼ਾਹ ਸਿਕੰਦਰ ਤੇ ਅਬਦਾਲੀ,
ਕਰਨ ਸਲਾਮਾਂ ਜਾਬਰ।
ਜੰਨਤ ਹੂਰਾਂ ਕੌਸਰ ਜ਼ਮਜ਼ਮ,
ਇਹ ਸੱਭੋ ਕੁਝ 'ਬਾਲਮ'
ਗੁਰ ਚਰਨਾਂ ਦੇ ਨਾਲ ਜੋ ਲੱਗੀ,
ਨਹੀਂ ਉਸ ਖ਼ਾਕ ਬਰਾਬਰ।" (ਪੰਨਾ, ੨੪੩)

ਮੁਰਦਾ ਕੌਮ ਵਿਚ ਜਾਨ ਪਾਉਣ ਲਈ ਕੁਝਨਾ ਸੂਰਮਿਆਂ ਨੂੰ ਆਪਣੀਆਂ ਜਾਨਾਂ ਵਾਰਨੀਆਂ ਪੈਂਦੀਆਂ ਹਨ। ਪੰਜਾਬ ਵਿਚ ਬਰਤਾਨਵੀ ਬਸਤੀਵਾਦੀਆਂ ਨੇ ਆਪਣਾ ਤਹਿਤ ਬੈਠਾਉਣ ਲਈ ਹਿੰਦੂ ਸਿੱਖਾਂ ਦੇ ਧਰਮ ਅਸਥਾਨਾਂ ਕੋਲ ਗਊ ਬੱਧ ਕਰਨ ਲਈ ਬੁੱਚੜਖਾਨੇ ਖੋਹਲਣ ਦੇ ਲਾਇਸੈਂਸ ਦੇ ਦਿੱਤੇ। ਨਾਮਧਾਰੀ ਸਿੰਘਾਂ ਨੇ ਸਰਕਾਰੀ ਕੁਟਲ ਨੀਤੀ ਨੂੰ ਵੰਗਾਰ ਵਜੋਂ ਲਿਆ। ਉਹਨਾਂ ਬੁੱਚੜਖਾਨਿਆਂ ਤੇ ਮਾਰੂ ਹਮਲੇ ਕੀਤੇ। ਨਤੀਜੇ ਵਜੋਂ ਫਾਂਸੀਆਂ ਤੇ ਲਟਕਾਏ ਗਏ। ਬਾਲਮ ਜੀ ਨਾਮਧਾਰੀ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ, ਨਤਮਸਤਕ ਹੁੰਦੇ ਹਨ—

"ਗਲ ਪਾ ਕੇ ਫਾਂਸੀਆਂ ਨੂੰ ਕਰਦੇ ਨੇ ਹਾਸੀਆਂ ਨੂੰ,
ਤਜ ਕੇ ਉਦਾਸੀਆਂ ਨੂੰ ਸਿੰਘ ਭਬਕਾਰੇ ਨੇ।
ਦਾਰ ਉਤੇ ਚੜ੍ਹ ਚੜ੍ਹ ਫਾਂਸੀ ਉਤੇ ਖੜ੍ਹ ਖੜ੍ਹ,
ਸ਼ਬਦਾਂ ਨੂੰ ਪੜ੍ਹ ਪੜ੍ਹ ਛੱਡਦੇ ਜੈਕਾਰੇ ਨੇ।
ਘੂਰ ਘੂਰ ਬੋਲਦੇ ਨੇ ਸਿਦਕੋਂ ਨਾ ਡੋਲਦੇ ਨੇ,
ਆਪੇ ਰੱਸੇ ਖੋਲ੍ਹ ਗਲ ਆਪਣੇ 'ਚ ਡਾਰੇ ਨੇ।
ਮੌਤ ਨੂੰ ਸਮਝ ਦਾਸੀ ਹੋਣੀ ਨੂੰ ਕਰਨ ਹਾਸੀ,
ਫਾਂਸੀ ਨੂੰ ਪਿਆਸੀ ਜਾਣ ਕਰਦੇ ਇਸ਼ਾਰੇ ਨੇ।
ਧੰਨ ਗੁਰੂ ਰਾਮ ਸਿੰਘ, ਧੰਨ ਗੁਰੂ ਰਾਮ ਸਿੰਘ,
ਫਾਂਸੀ ਗਲ ਪਾ ਕੇ ਧੁਨ ਲਾਈ ਸੀ ਦੀਵਾਨਿਆਂ।
ਮੌਤ ਨੂੰ ਨਚਾਇਆ ਤੇ ਸ਼ਹੀਦੀ ਨੂੰ ਹਸਾਇਆ ਝੱਟ,
ਸਤਿਗੁਰੂ ਰਾਮ ਸਿੰਘ ਤੇਰੇ ਮਸਤਾਨਿਆਂ।"(ਪੰਨਾ ੧੧੦)

ਬਾਲਮ ਜੀ ਦੀ ਕਵਿਤਾ ਵਿਚ ਸ਼ਿੰਗਾਰ ਰਸ ਅਤੇ ਕਰੁਣਾ ਰਸ ਤੋਂ ਲੈ ਕੇ ਵੀਰ ਰਸ, ਅਦਭੁਤ ਰਸ, ਬੀਭਤਸ ਰਸ ਅਤੇ ਹਾਸ ਰਸ ਆਦਿ ਵੀ ਚੋਖੀ ਮਾਤਰਾ ਵਿਚ ਮਿਲਦੇ ਹਨ। ਉਹਨਾਂ ਦੀ ਬਚਪਨ ਵਿਚ ਸੁਣੀ ਕਵਿਤਾ, "ਮੈਂ ਇਕ ਡਿਠਾ ਦੁਧਾਧਾਰੀ। ਸਿਰ ਵਿਚ ਉਸਨੇ ਸੁਆਹ ਖਿਲਾਰੀ।" ਸੌਖਿਆ ਹੀ ਮੂੰਹ ਤੇ ਚੜ੍ਹਣ ਵਾਲੀ ਹੈ। ਉਹਨਾਂ ਦੀਆਂ ਕਵਿਤਾਵਾਂ ਦੇ ਵਿਸ਼ੇ ਵਿਵਿਧ ਰੰਗਾਂ ਨਾਲ ਭਰਪੂਰ ਹਨ ਇਸ ਵਿਚ "ਕੀ ਛੱਡਾਂ ਤੇ ਕੀ ਫੜਾਂ ਮੈਨੂੰ ਸੱਭੇ ਰੰਗ ਪਸੰਦ" ਹਨ ਵਾਲੀ ਗੱਲ ਹੈ। ਆਪਣੀ ਪੰਜਾਬੀ ਭਾਸ਼ਾ ਦਾ ਗੌਰਵ ਬਿਆਨ ਦੀ ਹੈ ਇਹ ਕਵਿਤਾ। ਮਾਨਸ ਦੀ ਇਕੋ ਜਾਤ ਪਹਿਚਾਣ ਵਾਲੀ ਹੈ ਇਹ ਕਵਿਤਾ ਇਸ ਵਿਚ ਪਿੰਗਲ ਵਿਚ ਵਰਣਿਤ ਛੰਦਾਂ ਤੋਂ ਇਲਾਵਾ ਗੀਤ, ਰੁਬਾਈਆਂ ਕਵਾਲੀਆਂ, ਕਾਫੀਆਂ ਦੀ ਭਰਮਾਰ ਹੈ। ਇਸਨੂੰ ਸ਼ਾਹ ਮੁਹੰਮਦ ਅਤੇ ਧਨੀ ਰਾਮ ਚਾਤ੍ਰਿਕ ਦੇ ਹਵਾਲੇ ਨਾਲ ਕਹਿਣਾ ਹੋਵੇ ਤਾਂ ਇਹ ਪੰਜਾਬ ਦੀ ਕਵਿਤਾ ਹੈ। ਇਸਦੀਆਂ ਬਰੱਜ ਕਵਿਤਾਵਾਂ ਵਿਚ ਵੀ ਪੰਜਾਬ ਧੜਕਦਾ ਹੈ। ਕਰਮ ਸਿੰਘ ਬਾਲਮ ਕਵਿਤਾ ਦੇ ਵਿਹੜੇ ਦਾ ਬਾਲਮ ਬਣ ਗਿਆ ਹੈ।

"ਬਾਲਮ ਰਚਨਾਵਲੀ" ਅਤੇ ਇਸਦਾ ਸੰਪਾਦਕ ਚੇਤਿਆਂ ਵਿਚ ਵੱਸਦੇ ਰਹਿਣਗੇ।

*ਪਿੰਡ ਤੇ ਡਾਕ ਕਰੀਵਾਲਾ, ਜ਼ਿਲ੍ਹਾ ਸਿਰਸਾ*
*ਹਰਿਆਣਾ, ਫੋਨ-੦੯੯੯੬੩-੭੧੭੧੬*


Namdhari Elibrary NamdhariElibrary@gmail.com

# ਸ਼ਹੀਦਾਂ ਦੇ ਪਰਿਵਾਰਾਂ ਨਾਲ ਮੇਲ ਜੋਲ



—ਡਾ. ਲਖਵੀਰ ਸਿੰਘ

ਸਤਿਗੁਰੂ ਉਦੈ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸਦਕਾ ਸੂਬਾ ਸੁਰਿੰਦਰ ਕੌਰ ਖਰਲ ਨੇ ਪੰਜਾਬ ਦੇ ਬਠਿੰਡਾ ਅਤੇ ਬਰਨਾਲਾ ਜ਼ਿਲ੍ਹੇ ਦੇ ਸ਼ਹੀਦਾਂ ਦੇ ਘਰਾਂ ਵਿਚ ਜਾ ਕੇ ਪਰਿਵਾਰਾਂ ਦਾ ਹਾਲ ਚਾਲ ਪੁੱਛਿਆ, ਨਵੀਂ ਪੀੜ੍ਹੀ ਦੇ ਬੱਚਿਆਂ ਨਾਲ ਜਾਣ-ਪਛਾਣ ਕੀਤੀ ਅਤੇ ਉਹਨਾਂ ਦੇ ਨਾਂਅ ਸ਼ਹੀਦ ਪਰਿਵਾਰਾਂ ਪ੍ਰਤੀ ਤਿਆਰ ਹੋ ਚੁੱਕੇ ਬੰਸਾਵਲੀ ਦੇ ਖਰੜੇ ਵਿਚ ਦਰਜ ਕੀਤੇ। ਇਸ ਸਫਰ ਦੌਰਾਨ ਸੂਬਾ ਜੀ ਉਹਨੇ ਦੇ ਪਤੀ ਸੰਤ ਭਗਵਾਨ ਸਿੰਘ, ਭੈਣੀ ਸਾਹਿਬ ਤੋਂ ਸੰਤ ਸ਼ਾਮ ਸਿੰਘ (ਡਰਾਈਵਰ) ਅਤੇ ਮਾਲਵੇ ਵਿਚੋਂ ਸੰਤ ਰਣਜੀਤ ਸਿੰਘ "ਮੰਨਣ" ਐਕਸ਼ਨ ਪਾਵਰਕੌਮ ਅਤੇ ਡਾ. ਲਖਵੀਰ ਸਿੰਘ ਨੇ ਉਹਨਾਂ ਦਾ ਸਹਿਯੋਗ ਦਿੱਤਾ।

ਸ਼ਹੀਦਾਂ ਦੇ ਪਰਿਵਾਰਾਂ ਦੀ ਬੰਨਸਾਵਲੀ ਦੀ ਖੋਖ ਦੀ ਪ੍ਰਵਾਨਗੀ— ਬੰਲਗੌਰ ਦੇ ਸੰਮੇਲਨ ਸਮੇਂ ੧੯੯੩ ਈਸਵੀ ਵਿਚ ਸੂਬਾ ਸੁਰਿੰਦਰ ਕੌਰ ਖਰਲ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁੱਖ ਹੋ ਕੇ ਸ਼ਹੀਦਾਂ ਦੇ ਪਰਿਵਾਰਾਂ ਪ੍ਰਤੀ ਅਰਜ਼ ਕੀਤੀ ਸੀ ਤਾਂ ਸਤਿਗੁਰੂ ਜੀ ਨੇ ਸੂਬਾ ਖਰਲ ਨੂੰ ਸ਼ਹੀਦਾਂ ਦੇ ਪਰਿਵਾਰਾਂ ਪ੍ਰਤੀ ਖੋਜ ਕਰਨ ਦੀ ਪ੍ਰਵਾਨਗੀ ਦਿੱਤੀ ਸੀ। ੨੪ ਜੂਨ ੧੯੯੩ ਈਸਵੀਂ ਨੂੰ ਸ਼ਹੀਦਾਂ ਦੀ ਯਾਦ ਵਿਚ ਇਕ ਬਹੁਤ ਵਿਸ਼ਾਲ ਸਮਾਗਮ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਹੋਇਆ ਸੀ ਇਸ ਸਮੇਂ ਪਹਿਲੀ ਵਾਰ ਸ਼ਹੀਦਾਂ ਦੇ ਪਰਿਵਾਰਾਂ ਨੂੰ ਬੁਲਾਇਆ ਗਿਆ ਸੀ। ਉਦੋਂ ਤੋਂ ਲੈ ਕੇ ਦਿਨ ਰਾਤ ਇਕ ਕਰਕੇ ਸੂਬਾ ਜੀ ਨੇ ਸ਼ਹੀਦਾਂ ਦੇ ੧੧੦ ਪਰਿਵਾਰਾਂ ਨਾਲ ਰਾਬਤਾ ਰੱਖਿਆ ਹੋਇਆ ਹੈ। ਖੋਜ ਦੌਰਾਨ ਪਤਾ ਲੱਗਿਆ ਕਿ ਕਈ ਸ਼ਹੀਦ ਪਰਿਵਾਰ ਆਪਣੇ ਸ਼ਹੀਦ ਨੂੰ ਭੁੱਲ ਬੈਠੇ ਸਨ, ਕਈਆਂ ਨੂੰ ਇਹ ਤਾਂ ਪਤਾ ਸੀ ਕਿ ਸਾਡਾ ਸ਼ਹੀਦ ਹੋਇਆ ਹੈ ਪਰ ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਅਜ਼ਾਦੀ ਦੇ ਕਿਸ ਸੰਗਰਾਮ ਵਿਚ ਉਹਨਾਂ ਦਾ ਸ਼ਹੀਦ ਹੋਇਆ ਹੈ, ਕਈ ਪਰਿਵਾਰਾਂ ਨੇ ਸ਼ਹੀਦਾਂ ਦੀ ਯਾਦ ਵਿਚ ਮਟੀਆਂ ਬਣਾਈਆਂ ਹੋਈਆਂ ਸਨ ਉਹਨਾਂ ਨੂੰ ਪਤਾ ਹੀ ਨਹੀਂ ਸੀ ਕਿ ਸਾਡੇ ਸ਼ਹੀਦਾਂ ਦੀ ਕਿੰਨੀ ਵੱਡੀ ਮਹੱਤਤਾ ਹੈ। ਸ਼ਹੀਦੀਆਂ ਤੋਂ ਬਾਅਦ ਸਮੇਂ ਦੇ ਤਬਦੀਲੀ ਨਾਲ ਬਹੁਤ ਸਾਰੇ ਪਰਿਵਾਰ ਨਾਮਧਾਰੀ ਮਰਿਯਾਦਾ ਤੋਂ ਦੂਰ ਜਾ ਚੁੱਕੇ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਸਦਕਾ ਸੂਬਾ ਸੁਰਿੰਦਰ ਕੌਰ ਖਰਲ ਉਦੋਂ ਤੋਂ ਲੈ ਕੇ ਅੱਜ ਤੱਕ ਨਾਮਧਾਰੀ ਸ਼ਹੀਦਾਂ ਦੀ ਵੰਨਸ਼ਜ਼ ਨਾਲ ਪਰਿਵਾਰ ਵਾਂਗ ਜੁੜੇ ਹੋਏ। ਹੁਣ ਲਗਭਗ ਸਮੁੱਚੇ ਸ਼ਹੀਦਾਂ ਦੇ ਪਰਿਵਾਰ ਭੈਣੀ ਸਾਹਿਬ ਅਤੇ ਨਾਮਧਾਰੀ ਮੇਲਿਆਂ ਤੇ ਆਉਂਦੇ ਹਨ ਅਤੇ ਸਤਿਗੁਰੂ ਜੀ ਨੂੰ ਨਤਮਸਤਕ ਹੁੰਦੇ ਹਨ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਨਾਮਧਾਰੀ ਸ਼ਹੀਦ ਪਰਿਵਾਰਾਂ ਦੇ ਖੋਖ ਕਾਰਨ ਹੀ ਸੂਬਾ ਜੀ ਨੇ ਅਹਿਮ ਦਸਤਾਵੇਜ਼ ਇਕੱਠੇ ਕਰਕੇ ਨਾਮਧਾਰੀ ਇਤਿਹਾਸ ਦੀ ਝੋਲੀ ਵਿਚ "ਨਾਮਧਾਰੀ ਸ਼ਹੀਦ" ਅਤੇ "ਕੂਕਾ ਅੰਦੋਲਨ ਦੇ ਸਰਕਾਰੀ ਦਸਤਾਵੇਜ਼" ਵਰਗੀਆਂ ਪੁਸਤਕਾਂ ਪਾਈਆਂ ਹਨ।

ਹੁਣ ਸਤਿਗੁਰੂ ਉਦੈ ਸਿੰਘ ਜੀ ਦੀ ਕ੍ਰਿਪਾ ਸਦਕਾ ਸੂਬਾ ਸੁਰਿੰਦਰ ਕੌਰ ਖਰਲ ਨੇ ੨੪ ਜੁਲਾਈ ਤੋਂ ੨੭ ਜੁਲਾਈ ਤੱਕ ਭੈਣੀ ਸਾਹਿਬ ਦੀ ਗੱਡੀ ਤੇ ਬਠਿੰਡਾ ਅਤੇ ਬਰਨਾਲਾ ਜ਼ਿਲ੍ਹਿਆਂ ਦਾ ਸਫਰ ਕੀਤਾ। ਸ਼ਹੀਦ ਪਰਿਵਾਰਾਂ ਦੇ ਇਸ ਮੇਲ-ਜੋਲ ਦੌਰਾਨ ਉਹ ਗੁੰਮਟੀ, ਧਨੌਲਾ (ਜਵੰਦਾ ਪਿੰਡੀ), ਬਰਨਾਲਾ, ਨਾਈਵਾਲਾ, ਮੰਡੀ ਕਲਾਂ, ਚੌਕੇ, ਪੀਰ ਕੋਟ, ਰਾਮਨਗਰ, ਮਹਿਰਾਜ, ਗਿੱਲ ਕਲਾਂ, ਰਾਮਪੁਰਾ ਫੂਲ, ਪਿੱਥੋ ਅਤੇ ਅਬਲੂ ਦੇ ਪਰਿਵਾਰਾਂ ਨੂੰ ਅਤੇ ਕੇਂਦਰੀ ਯੂਨੀਵਰਸਿਟੀ ਬਠਿੰਡਾ ਵਿਖੇ ਵੀ ਗਏ।

* ਅਬਲੂ (ਬਠਿੰਡਾ)— ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੂਬਾ ਸੁਰਿੰਦਰ ਕੌਰ ਨੂੰ ਕਾਫੀ ਸਮਾਂ ਪਹਿਲਾਂ ਹੁਕਮ ਕੀਤਾ ਸੀ ਕਿ ਅਬਲੂ ਪਿੰਡ ਜਾ ਕੇ ਆਵੇ। ਕਿਸੇ ਨਾ ਕਿਸੇ ਕਾਰਨ ਸਮਾਂ ਬੀਤਦਾ ਗਿਆ ਪਰ ਉਹ ਅਬਲੂ ਨਾ ਜਾ ਸਕੇ। ਪਰ ਹੁਣ ਸਤਿਗੁਰੂ ਉਦੈ ਸਿੰਘ ਜੀ ਦੀ ਕ੍ਰਿਪਾ ਸਦਕਾ ਸੂਬਾ ਜੀ ਅਬਲੂ ਪਿੰਡ ਗਏ ਇਸ ਸਮੇਂ ਉਹਨਾਂ ਦੇ ਨਾਲ ਬਠਿੰਡੇ ਤੋਂ ਇੰਜ. ਰਣਜੀਤ ਸਿੰਘ ਮੰਨਣ ਵੀ ਗਏ। ਇਸ ਪਿੰਡ ਵਿਚ ਸਤਿਗੁਰੂ ਹਰੀ ਸਿੰਘ ਜੀ ਨੇ ਚਰਨ ਪਾ ਕੇ ਧਰਤੀ ਨੂੰ ਭਾਗ ਲਾਏ ਹਨ। ਉਸ ਵਕਤ ਅਬਲੂ ਦੀ ਸੰਗਤ ਨੇ ਸਤਿਗੁਰੂ ਹਰੀ ਸਿੰਘ ਜੀ ਅੱਗੇ ਅਰਜੋਈ ਕੀਤੀ ਕਿ "ਪਾਣੀ ਦੀ ਬਹੁਤ ਸਮੱਸਿਆ ਹੈ, ਸਾਡੇ ਖੂਹ ਦਾ ਪਾਣੀ ਕੌੜਾ ਹੈ।" ਸਤਿਗੁਰੂ ਹਰੀ ਸਿੰਘ ਜੀ ਦੀ ਕ੍ਰਿਪਾ ਸਦਕਾ ਉਸ ਖੂਹ ਤੋਂ ਇਲਾਵਾ ਪਿੰਡ ਦੇ ਸਾਰੇ ਖੂਹਾਂ ਦਾ ਪਾਣੀ ਮਿੱਠਾ ਹੋ ਗਿਆ ਜੋ ਉਦੋਂ ਤੋਂ ਹੁਣ ਤੱਕ ਵੀ ਬਹੁਤ ਸਵਾਦਲਾ ਹੈ।


Namdhari Elibrary NamdhariElibrary@gmail.com

ਇਸ ਖੂਹ ਦੇ ਦੁਆਲੇ ੬ ਵਿਸਵੇ ਥਾਂ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮ ਕੀਤਾ ਸੀ ਕਿ ਇਸ ਖੂਹ ਤੇ ਕੋਈ ਜੋੜੇ ਲੈ ਕੇ ਨਾ ਜਾਵੇ ਅਤੇ ਇਸ ਖੂਹ ਕੋਲ ਬੈਠ ਕੇ ਸੰਗਤ ਨਾਮ ਸਿਮਰਨ ਕਰਿਆ ਕਰੇ। ਸਤਿਗੁਰੂ ਜੀ ਦੇ ਹੁਕਮ ਸਦਕਾ ਹੁਣ ਸੂਬਾ ਜੀ ਅਬਲੂ ਵਿਖੇ ਆਤਮਾ ਸਿੰਘ ਦੇ ਘਰ ਗਏ ਅਤੇ ਬਿਕਰ ਸਿੰਘ, ਕਰਮ ਸਿੰਘ ਅਤੇ ਹਾਕਮ ਸਿੰਘ ਦੇ ਪਰਿਵਾਰਾਂ ਨੂੰ ਮਿਲੇ। ਉਹਨਾਂ ਖੂਹ ਦੀ ਸਾਂਭ ਸੰਭਾਲ ਕੀਤੀ ਹੋਈ ਹੈ। ਅਬਲੂ ਵਾਸੀ ਸੰਗਤ ਇਸ ਗੱਲ ਦਾ ਮਾਣ ਮਹਿਸੂਸ ਕਰਦੀ ਹੈ ਕਿ ਉਹਨਾਂ ਕੋਲ ਸਤਿਗੁਰੂ ਹਰੀ ਸਿੰਘ ਜੀ ਦੀ ਯਾਦਗਾਰ ਵਿਰਾਸਤ ਹੈ।

*ਰਾਮਨਗਰ— ਪਿੰਡ ਰਾਮਨਗਰ ਵਿਚ ਸ਼ਹੀਦ ਰਤਨ ਸਿੰਘ ਨਾਈਵਾਲਾ (ਸਾਕਾ ਲੁਧਿਆਣਾ) ਦਾ ਪਰਿਵਾਰ ਰਹਿੰਦਾ ਹੈ। ਇਸ ਸ਼ਹੀਦ ਦਾ ਬਹੁਤ ਵੱਡਾ ਪਰਿਵਾਰ ਹੈ। ਇਹਨਾਂ ਦੀ ਵੰਨਸ਼ ਪੰਜਾਬ ਵਿਚ ਹੀ ਨਹੀਂ ਸਗੋਂ ਦੇਸ਼ਾਂ ਵਿਦੇਸ਼ਾਂ ਵਿਚ ਉੱਚ ਅਹੁਦਿਆਂ ਤੇ ਬਿਰਾਜਮਾਨ ਹੈ। ਇਸ ਪਰਿਵਾਰ ਵਿਚੋਂ ਰਾਮਨਗਰ ਵਿਖੇ ਸ. ਕੀਰਤਨ ਸਿੰਘ ਇਕ ਗੁਰਮੁਖ ਇਨਸਾਨ ਹਨ। ਉਹਨਾਂ ੨੦ ਸਾਲ ਪਿੰਡ ਦੀ ਸਰਪੰਚੀ ਕੀਤੀ ਹੈ ਹੁਣ ਉਹਨਾਂ ਦੇ ਸਪੁੱਤਰ ਸਰਪੰਚ ਹਨ। ਉਹਨਾਂ ਕੋਲ ਚੋਖੀ ਜਾਇਦਾਦ ਹੈ ਅਤੇ ਰਾਜਨੀਤਕ ਪਹੁੰਚ ਵੀ। ਉਹ ਬਹੁਤ ਸਮੇਂ ਤੋਂ ਚਾਹੁੰਦੇ ਹਨ ਕਿ ਪਿੰਡ ਵਿਚ ਸ਼ਹੀਦਾਂ ਦੀ ਯਾਦ ਵਿਚ ਇਕ ਵੱਡਾ ਕਾਲਜ ਬਣੇ ਜ਼ਮੀਨ ਸਾਡੇ ਕੋਲ ਵਾਧੂ ਹੈ। ਉਹ ਇਲਾਕੇ ਦੀਆਂ ਉਘੀਆਂ ਧਾਰਮਿਕ ਅਤੇ ਰਾਜਨੀਤਿਕ ਸ਼ਖਸੀਅਤਾਂ ਨੂੰ ਬੁਲਾ ਕੇ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਇਕ ਵਿਸ਼ਾਲ ਸਮਾਗਮ ਕਰਾਉਣ ਲਈ ਵੀ ਉਤਸਕ ਹਨ। ਉਹਨਾਂ ਸੂਬਾ ਸੁਰਿੰਦਰ ਕੌਰ ਖਰਲ ਨੂੰ ਆਖਿਆ ਕਿ ਜਦੋਂ ਤੁਸੀਂ ਅਖੋਂ ਮੈਂ ਭੈਣੀ ਸਾਹਿਬ ਆ ਜਾਵਾਂਗਾ ਆਪਾਂ ਇਕ ਵੱਡਾ ਸਮਾਗਮ ਕਰੀਏ।

* ਪੀਰਕੋਟ — ਪਿੰਡ ਪੀਰਕੋਟ ਦੇ ਸ਼ਹੀਦ ਖਜ਼ਾਨ ਸਿੰਘ (ਮਜ਼ਬੀ ਸਿੱਖ) ਦੇ ਪਰਿਵਾਰ ਦੀ ਸੂਬਾ ਖਰਲ ਕਾਫੀ ਸਮੇਂ ਤੋਂ ਖੋਜ ਵਿਚ ਲੱਗੇ ਹੋਏ ਹਨ ਪਰ ਇਸ ਪਰਿਵਾਰ ਦੀ ਸਨਾਖ਼ਤ ਨਹੀਂ ਹੋ ਰਹੀ। ਅਨੇਕਾਂ ਗੇੜਿਆਂ ਬਾਅਦ ਪੀਰਕੋਟ ਵਿਚੋਂ ਕੁਝ ਪਿੜ ਪੱਲੇ ਨਹੀਂ ਪਿਆ। ਹੁਣ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਬਾਬਾ ਬਲਜੀਤ ਸਿੰਘ ਉਦਮ ਕੀਤਾ ਹੈ। ਇਸ ਗੇੜੇ ਦੌਰਾਨ ਪਿੰਡ ਦੇ ਸਮੁੱਚੇ ਲੋਕਾਂ ਦਾ ਇਕੱਠ ਕਰਕੇ ਉਹਨਾਂ ਨੂੰ ਸ਼ਹੀਦ ਖਜ਼ਾਨ ਸਿੰਘ ਦੀ ਯਾਦ ਵਿਚ ਕੋਈ ਯਾਦਗਾਰ ਕਮੇਟੀ ਜਾਂ ਕਲੱਬ ਸਥਾਪਤ ਕਰਨ ਲਈ ਬੇਨਤੀ ਕੀਤੀ ਗਈ ਸੀ। ੧੫ ਅਗਸਤ ਵਾਲੇ ਦਿਨ ਪਿੰਡ ਵਿਚ ਸ਼ਹੀਦ ਖਜ਼ਾਨ ਸਿੰਘ ਯਾਦਗਾਰ ਕਮੇਟੀ ਦੀ ਸਥਾਪਨਾ ਹੋ ਗਈ ਹੈ। ਕਮੇਟੀ ਦੇ ੧੫ ਮੈਂਬਰ ਹਨ। ਕਮੇਟੀ ਦੇ ਪ੍ਰਧਾਨ ਸਿਕੰਦਰ ਸਿੰਘ, ਸੈਕਟਰੀ ਹਰਦੀਪ ਸ਼ਰਮਾ ਅਤੇ ਖਜ਼ਾਨਚੀ ਸ. ਸਾਹਿਬ ਸਿੰਘ ਵਰਗੇ ਨੌਜਵਾਨਾਂ ਨੂੰ ਚੁਣਿਆ ਗਿਆ ਹੈ।

* ਪਿੱਥੋ — ਲਗਭਗ ੧੯੯੪ ਈਸਵੀ ਵਿਚ ਮੈਂ ਪਹਿਲੀ ਵਾਰ ਸੂਬਾ ਸੁਰਿੰਦਰ ਕੌਰ ਖਰਲ ਨਾਲ ਸ਼ਹੀਦ ਪਰਿਵਾਰਾਂ ਵਿਚ ਗਿਆ ਸਾਂ। ਉਸ ਸਮੇਂ ਪਿੰਡ ਪਿੱਥੋ ਦੇ ਸ਼ਹੀਦਾਂ ਦੇ ਸਸਕਾਰ ਵਾਲੇ ਥਾਂ ਤੇ ਮਟੀ ਬਣੀ ਹੋਈ ਸੀ ਜਿੱਥੇ ਲੋਕ ਲੱਸੀ ਪਾਉਂਦੇ ਸਨ। ਲਗਭਗ ਇਕ ਏਕੜ ਇਸ ਥਾਂ ਵਿਚ ਘਾਹ ਹੀ ਘਾਹ ਉਗਿਆ ਹੋਇਆ ਸੀ। ਸਿਰਫ ਬਜ਼ੁਰਗਾਂ ਨੂੰ ਹੀ ਆਪਣੇ ਸ਼ਹੀਦਾਂ ਸਬੰਧੀ ਕੁਝ ਜਾਣਕਾਰੀ ਸੀ ਪਰ ਅੱਜ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਸਦਕਾ ਇਸ ਸਥਾਨ ਤੇ ਸ਼ਹੀਦੀ ਮੇਲਾ ਲੱਗਦਾ ਹੈ, ਥਾਂ ਸਾਫ ਸੁਥਰੀ ਹੋ ਗਈ ਹੈ ਕੁਝ ਇਮਾਰਤ ਵੀ ਬਣ ਗਈ ਹੈ। ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਭੈਣੀ ਸਾਹਿਬ ਵਿਖੇ ਇਹਨਾਂ ਸ਼ਹੀਦਾਂ ਦੀ ਯਾਦ ਵਿਚ ੧੦ ਲੱਖ ਰੁਪਏ ਦੀ ਲਾਗਤ ਨਾਲ ਇਸ ਸਥਾਨ ਤੇ ਬੈਂਕ ਵੀ ਬਣ ਗਈ ਹੈ ਜਿਸਦੀ ਇਮਾਰਤ ਦੇ ਕਿਰਾਏ ਨਾਲ ਕਮੇਟੀ ਨੂੰ ਆਰਥਿਕ ਸਹਾਰਾ ਮਿਲਦਾ ਹੈ। ਸ਼ਹੀਦਾਂ ਦੀ ਯਾਦ ਵਿਚ ਟੂਰਨਾਮੈਂਟ ਵੀ ਹੁੰਦਾ ਹੈ। ਇਸ ਫੇਰੀ ਦੌਰਾਨ ਸ. ਰਣਜੀਤ ਸਿੰਘ ਨੇ ਪਿੰਡ ਦੀ ਸ਼ਹੀਦ ਕਮੇਟੀ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਨਾਮਧਾਰੀ ਮਰਿਯਾਦਾ ਦੇ ਧਾਰਨੀ ਬਨਣ ਅਤੇ ਨਾਮਧਾਰੀ ਮਰਿਯਾਦਾ ਮੁਤਾਬਕ ਨਾਮਧਾਰੀ ਵਕਤਾ ਮੰਗਵਾ ਕੇ ਮੇਲੇ ਕਰਿਆ ਕਰਨ।

* ਮੰਡੀ ਕਲਾਂ * ਚੌਕੇ * ਮਹਿਰਾਜ — ਮੰਡੀ ਕਲਾਂ ਸੂਬਾ ਗਿਆਨੀ ਰਤਨ ਸਿੰਘ ਜੀ ਦੀ ਯਾਦ ਵਿਚ ਸਰਕਾਰੀ ਸਕੂਲ ਵਿਚ ਵੱਡਾ ਹਾਲ ਬਣਿਆ ਹੋਇਆ ਹੈ। ਇਕ ਸ਼ਹੀਦ ਰਤਨ ਸਿੰਘ ਯਾਦਗਾਰੀ ਸਟੇਡੀਅਮ ਵੀ ਹੈ। ੧੭ ਫਰਵਰੀ ੧੯੯੭ ਨੂੰ ਸਤਿਗੁਰੂ ਜੀ ਨੇ ਇਸਦਾ ਉਤਪਾਦਨ ਕੀਤਾ ਅਤੇ ਇਕ ਵੱਡਾ ਮੇਲਾ ਹੋਇਆ। ਛੋਟੇ ਕੱਦ ਵਾਲੇ ਸ਼ਹੀਦ ਵਰਿਆਮ ਸਿੰਘ ਜੀ ਦੀ ਯਾਦ ਵਿਚ ਰਾਮਪੁਰਾ ਫੂਲ ਵਿਖੇ ਸ਼ਹੀਦ ਵਰਿਆਮ ਸਿੰਘ ਯਾਦਗਾਰ ਕਮੇਟੀ ਤਾਂ ਬਣੀ ਹੋਈ ਹੈ ਪਰ ਪਿੰਡ ਵਿਚ ਕੋਈ ਯਾਦਗਾਰ ਨਹੀਂ। ਇਕ ਮਟੀ ਹੀ ਸੀ ਜਿਸ ਤੇ ਲੋਕ ਲੱਸੀ ਪਾਉਂਦੇ ਸਨ ਪਰ ਸੂਬਾ ਸੁਰਿੰਦਰ ਕੌਰ ਖਰਲ ਦੇ ਕਹਿਣ ਸਦਕਾ ਉਥੇ ਸ਼ਹੀਦ ਵਰਿਆਮ ਸਿੰਘ ਜੀ ਦੀ ਤਸਵੀਰ ਲੱਗੀ ਹੋਈ ਹੈ। ਚੋਕੇ ਵਿਖੇ ਸ਼ਹੀਦ ਮਹਾਂ ਸਿੰਘ ਢਿੱਲੋਂ ਯਾਦਗਾਰੀ ਸਪੋਰਟਸ ਕਲੱਬ ਬਣਿਆ ਹੋਇਆ ਹੈ। ਜਿਥੇ ਹਰ ਸਾਲ ਇਕ ਭਾਰੀ ਟੂਰਨਾਮੈਂਟ ਹੁੰਦਾ ਹੈ। ਸੂਬਾ ਖਰਲ ਜੀ ਸਾਰੇ ਪਰਿਵਾਰਾਂ ਨਾਲ ਲੰਮੇ ਸਮੇਂ ਤੋਂ ਜੁੜੇ ਹੋਏ ਹਨ ਅਤੇ ਅੱਗੋਂ ਸਤਿਗੁਰੂ ਉਦੇ ਸਿੰਘ ਜੀ ਦੀ ਕ੍ਰਿਪਾ ਸਦਕਾ ਰਾਬਤਾ ਜਾਰੀ ਹੈ।


Namdhari Elibrary NamdhariElibrary@gmail.com

ਪੁਸਤਕ ਰੀਵੀਊ

# 'ਜਸਜੀਤ'

ਪੁਸਤਕ – ਜਸਜੀਤ (ਨਾਵਲ)
ਲੇਖਕ – ਤਾਰਾ ਸਿੰਘ ਅਨਜਾਣ
ਪ੍ਰਕਾਸ਼ਕ – ਮਨਪ੍ਰੀਤ ਪ੍ਰਕਾਸ਼ਨ, ਦਿੱਲੀ
ਪੰਨੇ – ੯੬, ਮੁੱਲ – ੧੯੦ ਰੁਪਏ

ਪੰਜਾਬੀ ਅਧਿਆਪਨ ਕਾਰਜ ਤੋਂ ਸੇਵਾ ਮੁਕਤ ਹੋਇਆ, ਤਾਰਾ ਸਿੰਘ ਅਨਜਾਣ, ਦੇਸ਼ ਦੀ ਰਾਜਧਾਨੀ ਵਿਚ ਰਹਿਣ ਵਾਲੇ ਪੰਜਾਬੀ ਪ੍ਰੇਮੀਆਂ ਵਿਚ ਜਾਣਿਆ ਪਛਾਣਿਆ ਨਾਂ ਹੈ। ਵੰਡ ਤੋਂ ਪਹਿਲਾਂ ਉਸ ਦਾ ਕਿਰਤੀ-ਦਸਤਕਾਰ ਪਰਿਵਾਰ, ਲਾਹੌਰ ਜ਼ਿਲ੍ਹੇ ਦੇ ਇਕ ਉੱਘੇ ਕਸਬੇ ਤੋਂ, ਸਿਰਸੇ ਆ ਗਿਆ ਸੀ ਅਤੇ ਫਿਰ ਉਹ ਪੜ੍ਹ ਲਿਖ ਕੇ ਦਿੱਲੀ ਟਿਕ ਗਿਆ। ਪੰਜਾਬੀ ਵਿਚ ਉਸ ਨੇ ਜ਼ਿਆਦਾ ਤਰ ਸਮਾਜਿਕ, ਧਾਰਮਿਕ, ਸੱਭਿਆਚਾਰਕ ਅਤੇ ਸਦਾਚਾਰਕ ਵਿਸ਼ਿਆਂ ਬਾਰੇ ਨਿਬੰਧ ਰਚਨਾ ਕੀਤੀ ਹੈ। ਦਿੱਲੀ ਦੇ ਇਕ ਪੰਜਾਬੀ ਹਫਤਾਵਾਰੀ ਦਾ ਸੰਪਾਦਨ ਕਾਰਜ ਵੀ ਵੀਹਾਂ ਸਾਲਾਂ ਤੋਂ ਵੱਧ ਸਮੇਂ ਤੋਂ ਕਰ ਰਿਹਾ ਹੈ। "ਟਕਸਾਲੀ ਪੰਜਾਬੀ ਵਿਆਕਰਨ" ਉਸਦੇ ਅਧਿਆਪਨ ਕਾਰਜ ਦੀ ਲੋੜ ਵਿਚੋਂ ਲਿਖੀ ਗਈ। ਜੀਵਨੀ, ਇਤਿਹਾਸ ਅਤੇ ਨਿਬੰਧ ਦੀਆਂ ੧੬ ਕਿਤਾਬਾਂ ਤੋਂ ਬਾਅਦ ਤਾਰਾ ਸਿੰਘ ਅਨਜਾਣ ਨੇ ਨਾਵਲ 'ਜਗਜੀਤ' ਦੁਆਰਾ, ਸਾਹਿਤ ਦੀ ਨਵੀਂ ਵਿਧਾ ਨਾਲ ਦਸਤਪੰਜਾ ਲਿਆ ਹੈ। ਬੇਸ਼ਕ ਉਹ ਕਵਿਤਾਵਾਂ, ਕਹਾਣੀਆਂ ਤਾਂ ਪਹਿਲਾਂ ਵੀ ਲਿਖਦਾ ਆ ਰਿਹਾ ਹੈ।

ਇਸ ਨਾਵਲ ਦਾ ਕਥਾਨਕ ਦੇਸ਼ ਵੰਡ ਤੋਂ ਤੁਰੰਤ ਬਾਅਦ ਤੋਂ ਆਰੰਭ ਹੋ ਕੇ ਵਰਤਮਾਨ ਸਦੀ ਦੇ ਪਹਿਲੇ ਦਹਾਕੇ ਤੱਕ ਫੈਲਿਆ ਹੈ। ਇਸ ਸਮੇਂ ਵਿਚ ਹੀ ਦੇਸ਼ ਦਾ ਬਟਵਾਰਾ ਜਾਂ ਪੰਜਾਬ ਦਾ ਉਜਾੜਾ ਵਾਪਰਦਾ ਹੈ। ਜੜ੍ਹਾਂ ਤੋਂ ਉੱਖੜੇ ਲੋਕ, ਕਿੰਨੀ ਛੇਤੀ ਓਪਰੀ ਧਰਤੀ ਵਿਚ ਰਚ ਮਿਚ ਜਾਣ ਦੀ ਸਮਰੱਥਾ ਰੱਖਦੇ ਹਨ, ਪੰਜਾਬੀ ਸੁਭਾਉ ਨੂੰ ਲੇਖਕ ਨੇ ਬਖੂਬੀ ਚਿਤਰਿਆ ਹੈ। ਜੈਮਲ ਸਿੰਘ ਅਤੇ ਬੰਤੋ ਦਾ ਪਰਿਵਾਰ ਜਿਵੇਂ ਹਿਸਾਰ ਵਿਚ ਨਾ ਸਿਰਫ ਗੁਜ਼ਾਰਾ ਹੀ ਵਧੀਆ ਤੋਰ ਲੈਂਦੇ ਹਨ ਸਗੋਂ ਆਪਣੀਆਂ ਪੁੱਤਰੀਆਂ ਦੇ ਪਰਿਵਾਰਾਂ ਦੀ ਮੱਦਦ ਕਰਦਿਆਂ ਦੋਹਾਂ ਪੁੱਤਰਾਂ ਕੁਲਤਾਰ ਅਤੇ ਸਰਦਾਰ ਨੂੰ ਪੜ੍ਹਾ ਲਿਖਾ ਕੇ ਜੀਵਨ ਵਿਚ ਕਾਮਯਾਬ ਕਰ ਦਿੰਦੇ ਹਨ। ਇਸ ਦਾ ਸਿਹਰਾ ਬਜ਼ੁਰਗ ਜੋੜੀ ਨੂੰ ਜਾਂਦਾ ਹੈ ਜੋ ਮਿਹਨਤੀ ਤਾਂ ਹਨ ਹੀ ਨਾਮਧਾਰੀ ਹੋਣ ਕਾਰਨ, ਨਸ਼ਿਆਂ ਅਤੇ ਹੋਰ




ਸਮਾਜਿਕ ਕੁਰੀਤੀਆਂ ਤੋਂ ਵੀ ਬਚੇ ਹਨ। ਉਹ ਦਸਾਂ ਨਹੁੰਆਂ ਦੀ ਸੁੱਚੀ ਕਿਰਤ ਕਰਦੇ, ਘਰ ਆਏ ਲੋੜਵੰਦ ਦੀ ਸੇਵਾ ਕਰਦੇ, ਨਾਮ ਬਾਣੀ ਨੂੰ ਜੀਵਨ ਦਾ ਧੁਰਾ ਬਣਾਈ ਰੱਖਦੇ ਹਨ।

ਇਸ ਨਾਵਲ ਦਾ ਕੇਂਦਰੀ ਪਾਤਰ ਕੁਲਤਾਰ ਹੈ ਜਾਂ ਉਸਦੀ ਪਤਨੀ ਜਸਜੀਤ ਇਸ ਦਾ ਫੈਸਲਾ ਪਾਠਕ ਨੂੰ ਕਾਫੀ ਮਿਹਨਤ ਨਾਲ ਕਰਨਾ ਪਵੇਗਾ। ਜਸਜੀਤ ਪੜ੍ਹੀ ਲਿਖੀ ਅਤੇ ਸਰਕਾਰੀ ਨੌਕਰੀ ਕਰਨ ਵਾਲੀ ਖ਼ੁਦਦਾਰ ਔਰਤ ਹੈ। ਅਰੰਭ ਵਿਚ ਉਸਦੇ ਮੋਟੇ ਠੁੱਲ੍ਹੇ ਨੈਣ ਨਕਸ਼, ਕੁਲਤਾਰ ਨੂੰ ਆਪਣੇ ਆਕਰਸ਼ਣ ਵਿਚ ਲੈਣ ਲਈ, ਰੁਕਾਵਟ ਜਾਪਦੇ ਹਨ। ਪਰ ਉਹ ਸੂਰਤ ਨਾਲੋਂ ਆਪਣੀ ਸੀਰਤ ਦੇ ਜ਼ਰੀਏ, ਇਸ ਕਾਰਜ ਵਿਚ ਸਫਲ ਹੁੰਦੀ ਹੈ। ਉਹ ਮੁੱਢੋਂ ਹੀ ਦਿੱਲੀ ਦੀ ਹੈ ਅਤੇ ਕੁਲਤਾਰ ਵੀ ਹਿਸਾਰ ਤੋਂ ਦਿੱਲੀ ਹੀ ਆ ਟਿਕਦਾ ਹੈ। ਜਸਜੀਤ ਦੇ ਭਰਾ ਪਤਾ ਨਹੀਂ ਕਿਸ ਖੋਰ ਕਾਰਨ, ਆਪਣੀਆਂ ਦੋਹਾਂ ਭੈਣਾਂ ਦੇ ਘਰ ਵੱਸਦੇ ਵੇਖ ਕੇ ਪਰੇਸ਼ਾਨ ਹੁੰਦੇ ਹਨ। ਪਰ ਇੱਥੇ ਆ ਕੇ ਜਸਜੀਤ ਕੁਲਤਾਰ ਤੋਂ ਅੱਗੇ ਨਿਕਲ ਜਾਂਦੀ ਹੈ, ਜਦੋਂ ਉਹ ਵਿਪਰੀਤ ਹਾਲਾਤ ਵਿਚ ਵੀ ਹੌਂਸਲਾ ਨਾ ਛੱਡ ਕੇ ਜੂਝਦੀ ਹੈ ਅਤੇ ਪਰਿਵਾਰਿਕ ਮੋਰਚੇ ਤੇ ਫਤੇਹ ਹਾਸਲ



ਕਰਦੀ ਹੈ। ਕੁਲਤਾਰ ਦੇ ਛੋਟੇ ਭਰਾ, ਭੈਣਾਂ, ਮਾਤਾ ਪਿਤਾ ਅਤੇ ਬਾਕੀ ਸਬੰਧੀਆਂ ਨਾਲ ਵੀ ਉਹ ਇਕ ਸੁਘੜ ਸੁਆਣੀ, ਆਗਿਆਕਾਰ ਨੂੰਹ ਧੀ ਜਿਹਾ ਵਿਹਾਰ ਕਰਦੀ ਹੈ। ਉਹ ਆਪਣੇ ਸਰੀਰਕ ਰੂਪ ਦੀ ਸੀਮਾ ਸਮਝਦੀ ਹੈ ਇਸੇ ਕਾਰਣ ਪਾਠਕ ਮਹਿਸੂਸ ਕਰਦਾ ਹੈ ਕਿ ਉਹ ਕੁਲਤਾਰ ਨੂੰ, ਉਸਦੀ ਛੋਟੀ ਭੈਣ ਜਸਬੀਰ ਜਾਂ ਸਹਿ ਕਰਮੀ ਕਾਂਤਾ ਨਾਲ, ਕੁਝ ਖੁੱਲ੍ਹਾ ਲੈਣ ਦੇ ਮੌਕੇ ਪ੍ਰਦਾਨ ਕਰਦੀ ਹੈ। ਉਸਨੇ ਅਜਿਹੀ ਕਿਸੇ ਵੀ ਸਥਿਤੀ ਤੇ ਨੱਕ ਮੂੰਹ ਵੱਟਣ ਦੀ ਬਜਾਏ, ਆਪਣੇ ਬੱਚਿਆਂ ਦੀ ਪਰਵਰਿਸ਼ ਤੇ ਜ਼ਿਆਦਾ ਧਿਆਨ ਦਿੱਤਾ ਹੈ। ਇਸੇ ਲਈ ਦੋਵੇਂ ਲੜਕੇ ਅਤੇ ਇਕ ਲੜਕੀ ਚੰਗਾ ਪੜ੍ਹ ਲਿਖ ਕੇ ਮਾਂ ਬਾਪ ਜਿਉਂ ਸਫਲ ਵਿਅਕਤੀਆਂ ਦੀ ਕਤਾਰ ਵਿਚ ਖੜ੍ਹੇ ਹਨ।

ਇਸ ਨਾਵਲ ਵਿਚ ਸਾਕਾ ਨੀਲਾ ਤਾਰਾ, ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਅਤੇ ਦਿੱਲੀ ਵਿਚ ਘੱਟ ਗਿਣਤੀ ਫਿਰਕੇ ਦੇ ਲੋਕਾਂ ਦੇ ਜਾਨੀ ਮਾਲੀ ਨੁਕਸਾਨ ਦੇ ਵੇਰਵੇ ਹਨ। ਪਿਤਾ ਦੀ ਸਿੱਖਿਆ ਮੁਤਾਬਿਕ ਕੁਲਤਾਰ, ਇਕ ਉਸ ਆਬਾਦੀ ਵਿਚ ਘਰ ਬਣਾਉਂਦਾ ਹੈ ਜਿੱਥੇ ਉਹਨਾਂ ਦਾ ਭਾਈਚਾਰਾ, ਕਾਫੀ ਗਿਣਤੀ ਵਿਚ ਹੈ ਅਤੇ ਇਸੇ ਲਈ ਸੁਰੱਖਿਅਤ ਰਹਿੰਦਾ ਹੈ। ਉਂਝ ਅਜਿਹੇ ਸਮੇਂ ਵੀ ਬਹੁਤ ਸਾਰੇ ਐਸੇ ਲੋਕ ਮਿਲਦੇ ਹਨ ਜਿਹਨਾਂ ਦੇ ਅੰਦਰੋਂ ਮਨੁੱਖਤਾ ਮਰਦੀ ਨਹੀਂ। ਉਮਰ ਦੇ ਆਖਰੀ ਪੜਾਅ ਵਿਚ ਜਦੋਂ ਕੁਲਤਾਰ ਅਤੇ ਜਸਜੀਤ, ਸੇਵਾ ਮੁਕਤ ਜੀਵਨ ਵੱਲ ਵੱਧ ਰਹੇ ਹਨ, ਬੱਚੇ ਆਪੋ ਆਪਣੇ ਟਿਕਾਣਿਆਂ ਤੇ ਹਨ, ਜਸਜੀਤ ਦਾ ਰੋਗ ਗ੍ਰਸਤ ਹੋਣਾ ਪਰਿਵਾਰ ਤੇ ਅਸਮਾਨੋਂ ਟੁੱਟੀ ਬਿੱਜ ਜਿਉਂ ਆਉਂਦਾ ਹੈ। ਕੁਲਤਾਰ ਸਮੇਤ ਸਮੁੱਚਾ ਪਰਿਵਾਰ, ਉਸਦੀ ਤੀਮਾਰਦਾਰੀ ਵਿਚ ਰੁੱਝ ਜਾਂਦਾ ਹੈ ਪਰ ਉਸ ਨੂੰ ਬਚਾਅ ਨਹੀਂ ਸੱਕਦੇ। ਕੁਲਤਾਰ ਨੂੰ ਜਦੋਂ ਉਸਦੇ ਸਾਥ ਦੀ ਪਹਿਲਾਂ ਤੋਂ ਵੱਧ ਲੋੜ ਸੀ, ਉਹ ਕੰਨੀ ਛੁਡਾ ਜਾਂਦੀ ਹੈ। ਉਸਨੂੰ ਸਹਿਜ ਹੁੰਦਿਆਂ, ਭੈਣਾਂ ਭਰਾਵਾਂ ਅਤੇ ਬੱਚਿਆਂ, ਸੱਜਣਾਂ ਮਿੱਤਰਾਂ ਦੀ ਮੱਦਦ ਨਾਲ, ਕਾਫੀ ਸਮਾਂ ਲੱਗਦਾ ਹੈ।

ਇਸ ਛੋਟੇ ਅਕਾਰ ਦੇ ਨਾਵਲ ਦਾ ਸੁਨੇਹਾ, ਮੈਨੂੰ ਮਿਹਨਤ ਕਰਨ ਦੇ ਰੂਪ ਵਿਚ ਹੀ ਨਜ਼ਰ ਆਉਂਦਾ ਹੈ। ਕੁਲਤਾਰ ਦੇ ਮਾਪੇ ਅਤੇ ਉਸਦੇ ਬੱਚੇ, ਸਮੇਤ ਉਸਦੇ, ਆਪੋ ਆਪਣੇ ਖੇਤਰਾਂ ਵਿਚ ਜੇ ਇਉਂ ਸਫਲਤਾ ਦੀ ਚੋਟੀ ਨੂੰ ਹੱਥ ਲਾਉਂਦੇ ਹਨ ਤਾਂ ਮਨ ਮਾਰ ਕੇ ਕੀਤੀ ਪੜ੍ਹਾਈ ਅਤੇ ਹੋਰ ਫੋਲਸੂਫੀਆਂ, ਨਸ਼ੇ ਪੱਤੇ ਤੋਂ ਬਚ ਕੇ। ਉਸਦਾ ਭਰਾ ਭਤੀਜੇ ਵੀ ਠੀਕ ਲੀਹ ਤੇ ਚੱਲ ਰਹੇ ਹਨ। ਪੰਜਾਬ ਵਿਚ ਕਿਸਾਨ ਸ਼੍ਰੇਣੀ ਨਾਲੋਂ ਦਸਤਕਾਰੀ ਕਿੱਤਿਆਂ ਵਾਲੇ ਲੋਕਾਂ, ਵਿਸ਼ੇਸ਼ ਕਰਕੇ ਰਾਮਗੜ੍ਹੀਏ ਭਾਈਚਾਰੇ ਨੇ ਜੋ ਵੱਧ ਉੱਨਤੀ ਕੀਤੀ ਹੈ ਤਾਂ ਇਸ ਸਫਲਤਾ ਦਾ ਰਾਜ਼ ਵੀ ਇਸ ਰਚਨਾ ਵਿਚ ਹੀ ਲੁਕਿਆ ਹੈ ਭਾਵੇਂ ਉਹ ਕਿਰਤੀ ਕਿਸਾਨ ਦਵੰਦ ਵੱਲ, ਕਿਤੇ ਵੀ ਕੋਈ ਸੰਕੇਤ ਨਹੀਂ ਕਰਦਾ। ਕਿਸਾਨ ਸੁਭਾਅ ਕਰਕੇ ਪਿਛਲਖੁਰੀ ਹੈ ਉਹ ਪਿੰਡ ਨਾਲ ਬੱਝਾ ਹੈ, ਕਿਉਂਕਿ ਪਿੰਡ ਵਿਚ ਉਸਦੀ ਭੂੰਇ ਮਰਲਾ ਹੈ। ਦਸਤਕਾਰ ਲਈ ਕਿਰਤ ਦੇ ਸੰਦ ਝੋਲੇ ਵਿਚ ਪਾ ਕੇ, ਸ਼ਹਿਰ ਆਉਣਾ ਸੌਖਾ ਹੈ। ਇਉਂ ਉਹ ਥੋਹੜਾ ਮੁਕਤ ਜੀਵਨ ਦਾ ਆਭਾਸ ਵੀ ਕਰਦਾ ਹੈ ਅਤੇ ਤਰੱਕੀ ਦੇ ਨਵੇਂ ਆਯਾਮ ਵੀ ਉਸਦੀ ਉਡੀਕ ਵਿਚ ਹਨ।

ਨਾਵਲ ਦੀ ਭਾਸ਼ਾ ਟਕਸਾਲੀ ਪੰਜਾਬੀ ਹੈ। ਮੁਹਾਵਰੇਦਾਰ ਹੈ। ਵਾਕ ਬਣਤਰ ਸੁਚੱਜੀ ਤੇ ਸਪੱਸ਼ਟ ਹੈ। ਵੱਖ ਵੱਖ ਸੁਭਾਉ ਦੇ ਮਰਦ ਔਰਤਾਂ ਮਿਲਦੇ ਹਨ, ਕੁਝ ਵੱਸਦੇ ਘਰ ਵੇਖਣ ਅਤੇ ਕੁਝ ਉੱਜੜੇ ਵੇਖਣ ਦੇ ਖਾਹਿਸ਼ਮੰਦ ਹਨ। ਲੂਤੀਬਾਜ਼ ਔਰਤਾਂ ਵੀ ਹਨ। ਵਿਅੰਗ ਦੀ ਚਾਸ਼ਨੀ ਵਿਚ ਵਾਰਤਾਲਾਪ ਨੂੰ ਡੁਬੋਣਾ, ਲੇਖਕ ਦਾ ਕਲਾਤਮਕ ਹੁਨਰ ਹੈ।

ਤਾਰਾ ਸਿੰਘ ਅਨਜਾਣ ਦੇ ਜਾਣਕਾਰ, ਕੁਲਤਾਰ ਅਤੇ ਨਾਵਲ ਦੇ ਹੋਰ ਪਾਤਰਾਂ ਵਿਚੋਂ, ਸਬੰਧਿਤ ਧਿਰਾਂ ਦੇ ਦਰਸ ਦੀਦਾਰ ਕਰ ਸੱਕਣਗੇ। ਮੋਟੇ ਤੌਰ ਤੇ ਲੇਖਕ ਆਪਣੀ ਦਿਵੰਗਤ ਜੀਵਨ ਸਾਥਣ 'ਜਸਪਾਲ' (ਜਿਸ ਨੂੰ ਇਹ ਨਾਵਲ ਸਮਰਪਿਤ ਹੈ) ਦੀ ਯਾਦ ਚਿਤਰਣ ਵਿਚ, ਸਫਲ ਹੋਇਆ ਹੈ।

ਪਿੰਡ ਤੇ ਡਾਕ ਕਰੀਵਾਲਾ, ਜ਼ਿਲ੍ਹਾ ਸਿਰਸਾ
ਹਰਿਆਣਾ, ਫੋਨ-੦੯੯੯੬੩-੭੧੭੧੬


NamdhariElibrary NamdhariElibrary@gmail.com

# ਮਠਾੜੂ ਪਰਿਵਾਰ ਵਲੋਂ ਅਖੰਡ ਪਾਠ 'ਤੇ ਸ਼ਬਦ ਕੀਰਤਨ



ਸਰ੍ਹੀ-੨੫ ਅਗਸਤ ਐਤਵਾਰ- ਅੱਜ ਕਨੇਡਾ ਦੇ ਇਸ ਸ਼ਹਿਰ ਦੀ ਨਾਮਧਾਰੀ ਧਰਮਸ਼ਾਲਾ ਵਿਚ ਸੰਤ ਨਿਰੰਜਨ ਸਿੰਘ ਮਠਾੜੂ ਤੇ ਉਸ ਦੇ ਪਰਿਵਾਰ ਵਲੋਂ ਅਖੰਡ ਪਾਠ ਦਾ ਭੋਗ ਪੁਆਇਆ ਗਿਆ। ਉਸਤਾਦ ਹਰਭਜਨ ਸਿੰਘ ਦੇ ਜਥੇ ਨੇ ਰਾਗ ਭੈਰਵੀ ਵਿਚ "ਭਵਨੁ ਸੁਹਾਵੜਾ ਧਰਤਿ ਸੁਭਾਗੀ ਰਾਮ" ਸ਼ਬਦ ਗਾਇਨ ਕੀਤਾ।

ਮਠਾੜੂ ਪਰਿਵਾਰ ਨੇ ਇਹ ਸਮਾਗਮ ਨਵਾਂ ਘਰ ਬਣਾਉਣ ਦੀ ਖ਼ੁਸ਼ੀ ਵਿਚ ਸਤਿਗੁਰੂ ਦੇ ਸ਼ੁਕਰਾਨੇ ਵਜੋਂ ਕੀਤਾ ਸੀ। ਇਸ ਵਿਚ ਹਿੱਸਾ ਲੈਣ ਲਈ ਕੀਰਤਨੀਏ ਗੁਣੀ ਗਿਆਨੀ ਦੇਸ਼ ਵਿਦੇਸ਼ ਵਿਚੋਂ ਆਏ।

ਸੂਬਾ ਬਲਬੀਰ ਸਿੰਘ ਦੀ ਦੇਖ ਰੇਖ ਹੇਠ, ਨਾਮਧਾਰੀ ਮਰਯਾਦਾ ਅਨੁਸਾਰ ੨੩ ਅਗਸਤ ਸ਼ੁਕਰਵਾਰ ਅਖੰਡ ਪਾਠ ਰੱਖਿਆ ਗਿਆ। ਉਸ ਤੋਂ ਪਹਿਲੇ ਦਿਨ ਵੀਰਵਾਰ, ਮਠਾੜੂ ਹੁਰਾਂ ਦੇ ਨਵੇਂ ਬਣੇ ਗ੍ਰਹਿ ਵਿਖੇ ਬੀਬੀਆਂ ਨੇ ਸ੍ਰੀ ਸਤਿਗੁਰੂ ਜੀ ਦਾ ਆਸਣ ਵਿਛਾ ਕੇ, ਸ੍ਰੀ ਸਤਿਗੁਰੂ ਉਦੈ ਸਿੰਘ ਦੀ ਵੱਡੀ ਤਸਵੀਰ ਰੱਖ ਕੇ, ਮੱਥਾ ਟੇਕ ਕੇ ਕੀਰਤਨ ਕੀਤਾ।

ਸ਼ੁੱਕਰਵਾਰ ਨਾਮਧਾਰੀ ਧਰਮਸ਼ਾਲਾ ਸਰ੍ਹੀ ਵਿਖੇ ਸ਼ਾਮ ਨੂੰ ਇਕ ਘੰਟਾ ਨਾਮ ਸਿਮਰਨ ਉਪਰੰਤ ਰਾਗ ਤਿਲੰਗ ਤਿੰਨ ਤਾਲ ਵਿਚ-

'ਤਉ ਦਰਸ਼ਨ ਕੀ ਕਰਉ ਸਮਾਇ।' ਅਤੇ ਰਾਗ ਪੀਲੂ, ਤਾਲ ਦਾਦਰਾ ਵਿਚ 'ਮੈਂ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ' ਦੇ ਸ਼ਬਦ ਗਾਇਨ ਕੀਤੇ। ਕੀਰਤਨੀ ਜਥੇ ਵਿਚ ਉਸਤਾਦ ਸੰਗੀਤਕਾਰ, ਹਰਭਜਨ ਸਿੰਘ, ਸੁਰਜੀਤ ਸਿੰਘ, ਕਿਰਨਪਾਲ ਸਿੰਘ ਅਤੇ ਦਵਿੰਦਰ ਸਿੰਘ, ਦਰਸ਼ਨ ਸਿੰਘ, ਸਰਬਜੀਤ ਸਿੰਘ, ਬਲਦੇਵ ਸਿੰਘ ਆਦਿ ਨੇ ਸੰਗਤ ਨੂੰ ਪ੍ਰਭਾਵਿਤ ਕੀਤਾ।

੨੪ ਅਗਸਤ ਨੂੰ ਸ਼ਾਮ ਨੂੰ ਨਿਤਨੇਮ ਹੋਇਆ। ਪ੍ਰੋ. ਤਾਰਾ ਸਿੰਘ ਅਨਜਾਣ ਨੇ ਕਥਾ ਕਰਦਿਆਂ ਸਿਖੀ, ਗੁਰਬਾਣੀ, ਮਰਿਯਾਦਾ ਬਾਰੇ ਦੱਸਿਆ। ਉਸ ਨੇ ਕਿਹਾ ਕਿ ਸਤਿਗੁਰੂ ਉਦੈ ਸਿੰਘ ਨੂੰ ਜਦ ਇੰਗਲੈਂਡ ਨੌਜਵਾਨਾਂ ਨੇ ਅਰਜ਼ ਕੀਤੀ ਕਿ ਪਾਠ ਕਰਨ ਦਾ ਕੀ ਲਾਭ ਹੈ ਤੇ ਨਾਮ ਸਿਮਰਨ ਕਿਉਂ ਜ਼ਰੂਰੀ ਹੈ ਤੇ ਆਪਣੇ ਫ਼ੁਰਮਾਇਆ, 'ਬਾਣੀ ਦਾ ਪਾਠ ਇਹ ਸਮਝਣ ਲਈ ਜ਼ਰੂਰੀ ਹੈ ਕਿ ਸਹੀ ਕੀ ਹੈ ਤੇ ਗ਼ਲਤ ਕੀ ਹੈ। ਨਾਮ ਸਿਮਰਨ ਆਤਮਾ ਦੀ ਸੁੱਧੀ ਲਈ ਜ਼ਰੂਰੀ ਹੈ। ਅਨਜਾਣ ਜੀਨੇ ਇਹ ਵੀ ਕਿਹਾ ਕਿ ਘਰ ਅਕਾਲ ਪੁਰਖ ਦੀ ਕਿਰਪਾ ਨਾਲ ਬਣਦੇ ਹਨ ਸੋ ਉਸਦਾ ਸ਼ੁਕਰਾਨਾ ਕਰਨਾ ਚੰਗੀ ਗੱਲ ਹੈ। ਸਿੱਖੀ ਰਹਿਤ ਮਰਿਯਾਦਾ ਸਤਿਗੁਰੂ ਦੇ ਹੁਕਮ ਵਿਚ ਰਹਿਣਾ ਹੈ।

ਰਾਗੀ ਦਵਿੰਦਰ ਸਿੰਘ ਦੇ ਸਿਖਾਏ ਬੱਚਿਆਂ ਨੇ ਰਾਗ ਆਸਾਵਰੀ ਵਿਚ ਸਤਿਗੁਰੂ ਜੀ ਦੀ ਬਣਾਈ ਗੀਤ-

ਨਾ ਭੰਜੇ ਰਾਗੀ ਨਾਦੀ ਬੇਦਿ

ਬੜੇ ਮਿੱਠੇ ਪਿਆਰੇ ਤਰੀਕੇ ਨਾਲ ਗਾਇਨ ਕੀਤੀ। ਬੱਚੇ ਸਨ-ਦਰਸ਼ਨ ਸਿੰਘ, ਸੰਤ ਕੌਰ, ਜਯਾ ਕੌਰ, ਸਤਿਵੰਤ ਕੌਰ, ਆਸ਼ਾ ਸਿੰਘ, ਗਿਆਨ ਸਿੰਘ, ਅਰਜਨ ਸਿੰਘ, ਹਰਕੀਰਤ ਸਿੰਘ, ਸੁਖਲੀਨ ਕੌਰ ਉਸਤਾਦ ਹਰਭਜਨ ਸਿੰਘ ਦੇ ਸਾਥੀਆਂ ਨਾਲ ਕੀਰਤਨ ਸ਼ੁਰੂ ਕਰਨ ਸਮੇਂ ਹੀ ਨੈਣਾਂ ਦੀਆਂ ਗੰਗਾ ਜਮਨਾ ਵਿਚ ਉਛਾਲ ਆ ਗਿਆ। ਅਸਲ ਵਿਚ ਬੱਚਿਆਂ ਦੀ ਗਾਈ ਗੀਤ ਸਤਿਗੁਰੂ ਜਗਜੀਤ ਸਿੰਘ ਦੀ ਬਣਾਈ ਤੇ ਸਿਖਾਈ ਹੋਈ ਸੀ। ਸੋ ਉਸਤਾਦ ਜੀ ਸਤਿਗੁਰੂ ਜੀ ਦੇ ਚਰਨਾਂ ਨਾਲ ਜੁੜ ਗਏ ਸਨ ਜਿਨ੍ਹਾਂ ਸਭ ਤੇ ਕਿਰਪਾ ਕੀਤੀ।

ਉਹਨਾਂ ਨੇ ਸ੍ਰੀ ਹਰਮੰਦਰ ਸਾਹਿਬ ਦੇ ਰਬਾਬੀਆਂ ਭਾਈ ਤਾਬਾ ਤੇ ਭਾਈ ਨਸੀਰ ਨੂੰ ਯਾਦ ਕਰਦਿਆਂ ਧਰੁਪਦ, ਧਮਾਰ, ਪੜਤਾਲਾਂ ਦੇ ਸੰਦਰਭ ਵਿਚ ਰਾਗ ਭੀਮ ਪਲਾਸੀ ਵਿਚ ਗਾਇਨ ਕੀਤਾ-

ਸਖੀ ਨਾਲਿ ਵਸਾ ਆਪੁਨੇ ਨਾਹ ਪਿਆਰੇ।

ਅਤੇ ਧਨਾਸਰੀ ਵਿਚ ਹਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ।

ਦੇ ਨਾਲ ਨਾਲ

-ਡਗ ਮਗ ਛਾਡਿ ਰੇ ਮਨ ਬਉਰਾ ਰਾਮ ਭੀਮ ਪਲਾਸੀ

- ਮਨ ਮੇਰੇ ਹਰਿ ਕੇ ਚਰਨ ਰਵੀਜੈ ਰਾਮ ਮਲਾਰ

ਗਾਇਨ ਕੀਤਾ। ਸਾਧ ਸੰਗਤ ਗੁਰਬਾਣੀ ਦੇ ਰਸ ਰੰਗ ਨੂੰ

ਪਲੇ ਬੰਨ ਕੇ ਲੈ ਗਈ। ਉਸਤਾਦ ਸੁਰਜੀਤ ਸਿੰਘ ਦੀ ਸਰੰਗੀ ਅਤੇ ਉਸਤਾਦ ਕਿਰਨਪਾਲ ਸਿੰਘ ਦਾ ਸੰਤੂਰ ਵਾਦਨ ਵੀ ਕੰਨਾਂ ਵਿਚ ਰਸ ਘੋਲਦੇ ਰਹੇ।

ਅਖੰਡ ਪਾਠ ਦੇ ਭੋਗ ਤੋਂ ਪਹਿਲਾਂ ੨੫ ਅਗਸਤ ੨੦੧੩ ਐਤਵਾਰ ਨੂੰ ਉਸਤਾਦ ਜੀ ਦੇ ਜਥੇ ਨੇ ਆਸਾ ਦੀ ਵਾਰ ਦਾ ਰਸ ਭਿੰਨਾ ਕੀਰਤਨ ਕੀਤਾ। ਕੀਰਤਨ ਸੁਣ ਰਹੀ ਸੰਗਤ ਨੂੰ ਕੋਈ ਭੁਲੇਖਾ ਨਹੀਂ ਸੀ ਰਹਿ ਰਿਹਾ-

ਜਿਨ ਮਸਤਨਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ।

ਸ੍ਰੀ ਆਦਿ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਦੇ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਸਧਾਰਨ ਪਾਠ ਦਾ ਭੋਗ ਪਾ ਕੇ ਪਰਿਵਾਰ ਵਲੋਂ ਸਤਿਗੁਰੂ ਜੀ ਤੋਂ ਬਖਸ਼ਸ਼ਾਂ ਮੰਗੀਆਂ ਗਈਆਂ।

ਇਸ ਸਮੇਂ ਆਪਣੇ ਵਿਚਾਰ ਪੇਸ਼ ਕਰਦਿਆਂ ਅਜੀਤ ਸਿੰਘ ਸੱਗੂ ਨੇ ਸਿਖ ਇਤਿਹਾਸ ਸੰਬੰਧੀ ਪ੍ਰਮਾਣੀਕ ਪੁਸਤਕਾਂ ਦਾ ਹਵਾਲਾ ਦੇਂਦਿਆਂ, ਨਮੂਨੇ ਵਜੋਂ ਪ੍ਰੋ. ਤਾਰਾ ਸਿੰਘ ਅਨਜਾਣ ਅੰਗਰੇਜ਼ੀ ਦੀਆਂ ਪੁਸਤਕਾਂ-Namdhari Sikhs a Brief History, Satguru Ram Singh and Kuku Movement ਤੇ ਪੰਜਾਬੀ ਦੀ ਪੁਸਤਕ-ਹੁਕਮਨਾਮੇ ਸਤਿਗੁਰੂ ਰਾਮ ਸਿੰਘ ਜੀ- ਇਕ ਅਧਿਐਨ ਦਾ ਵਿਸ਼ੇਸ਼ ਜ਼ਿਕਰ ਕੀਤਾ।

ਪ੍ਰੋ. ਤਾਰਾ ਸਿੰਘ ਅਨਜਾਣ ਨੇ ਬੋਲਦਿਆਂ ਕਿਹਾ ਸਿੱਖ ਪੰਥ ਵਿਚ ਅੰਮ੍ਰਿਤ ਦੀ ਮਹਾਨਤਾ ਹੈ। ਅੰਮ੍ਰਿਤ ਤਿਆਰ ਕਰਨ ਸਮੇਂ ਸ੍ਰੀ ਆਦਿ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੋਹਾਂ ਦੀਆਂ ਬਾਣੀ ਪੜ੍ਹੀਆਂ ਜਾਂਦੀਆਂ ਹਨ। ਉਹਨਾਂ ਸਤਿਗੁਰੂ ਜੀ ਮਹਿਮਾਂ ਕਰਦਿਆਂ। ਉਸ ਦੇ ਇਤਿਹਾਸ, ਹੁਕਮ, ਉਸਦੀ ਦਸੀ ਮਰਯਾਦਾ ਦੇ ਪ੍ਰਚਾਰ ਪ੍ਰਸਾਰ ਲਈ ਸਤਿਜੁਗ ਸਪਤਾਹਿਕ ਬਾਰੇ ਦੱਸਿਆ। ਇਸ ਸਾਲ ਦਾ ਸਤਿਗੁਰੂ ਜਗਜੀਤ ਸਿੰਘ ਸ਼ਰਧਾਂਜਲੀ ਅੰਕ ਬਹੁਤ ਮਹੱਤਵਪੂਰਨ ਹੈ ਬਾਰੇ ਵੀ ਵੇਰਵੇ ਦਿੱਤੇ ਗਏ। ਸੂਬਾ ਕਰਤਾਰ ਸਿੰਘ ਹੇਠੀਆਂ ਦੀ ਪੋਤਰੀ ਉਤੇ ਇਸਦੇ ਪ੍ਰਭਾਵ ਬਾਰੇ ਪਤਾ ਲੱਗਾ ਕਿ ਉਹ ਅੰਕ ਪੜ੍ਹਦੀ ਪੜ੍ਹਦੀ ਸਤਿਗੁਰੂ ਦੀ ਯਾਦ ਵਿਚ ਰੋਂਦੀ ਰਹੀ।



ਉਸਤਾਦ ਹਰਭਜਨ ਸਿੰਘ ਨੇ, ਕ੍ਰਿਸ਼ਨ ਮਹਾਰਾਜ ਤੇ ਪਵਾਰ ਬੰਧੂਆਂ ਦੇ ਹਵਾਲੇ ਨਾਲ ਦੱਸਿਆ ਕਿ ਕਿਵੇਂ ਸਤਿਗੁਰੂ ਜਗਜੀਤ ਸਿੰਘ ਜੀ ਸੰਗੀਤ ਦੀਆਂ ਬੈਠਕਾਂ ਵਿਚ ਸਾਰੀ ਸਾਰੀ ਰਾਤ ਜਾਗਦੇ ਇਕਾਗਰਚਿਤ ਹੋਏ ਸੁਣਦੇ, ਗਾਉਂਦੇ, ਸਿਖਾਉਂਦੇ ਰਹਿਣ ਦੇ ਨਾਲ ਨਾਲ ਨਾਮ ਸਿਮਰਨ ਕਰਨ, ਸਾਧ ਸੰਗਤ ਨੂੰ ਦਰਸ਼ਨ ਦੇਣੇ ਦੀ ਕਿਰਪਾ ਕਰਦੇ ਬਚਨ ਕਰਦੇ ਹੁੰਦੇ ਸਨ, 'ਮੈਨੂੰ ਏਥੇ ਹੀ ਅਰਾਮ ਮਿਲਦਾ ਹੈ!' ਉਹਨਾਂ ਨੂੰ ਨਾ ਨੀਂਦ ਪੋਹਦੀ ਸੀ ਨਾ ਥਕਾਵਟ! ਉਸਤਾਦ ਜੀ ਦੇ ਸਾਥੀਆਂ ਨਾਲ ਗਾਏ ਸ਼ਬਦ ਹਨ—

- ਪਰਮੇਸ਼ਰ ਪਰਬ੍ਰਹਮ ਬੇਅੰਤੁ

  ਅਪੁਨੇ ਠਾਕਰ ਕੀ ਹਉ ਚੇਰੀ। ਰਾਮ ਬਿਲਾਵਲ ਰਾਗ ਮਿਸਰ ਸਾਰੰਗ

- ਭਵਨ ਸੁਹਾਵੜਾ ਧਰਤਿ ਸੁਭਾਗੀ ਰਾਮ।

  ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ।

ਅਰਦਾਸ ਉਪਰੰਤ ਸੂਬਾ ਬਲਬੀਰ ਸਿੰਘ, ਬੀਬੀ ਕਿਰਪਾਲ ਕੌਰ ਹਥੀਂ ਪਹਿਲੀ ਵਾਰ ਦੂਸਰੇ ਦੇਸ਼ਾਂ ਤੋਂ ਆਏ ਰਾਗੀਆਂ, ਵਿਦਵਾਨਾਂ, ਬੀਬੀਆਂ ਬੱਚਿਆਂ ਦਾ ਮਾਣ-ਸਨਮਾਨ ਕੀਤਾ ਗਿਆ।

ਸੂਬਾ ਜੀ ਨੇ ਦੱਸਿਆ, "ਇਹ ਅਖੰਡ ਪਾਠ ਕਰਵਾਉਣ ਦਾ ਯਗ ਸਤਿਗੁਰੂ ਜੀ ਦੀ ਬਖਸ਼ਸ਼ ਨਾਲ ਸੰਪੂਰਨ ਹੋਇਆ। ਇਸ ਬਾਰੇ ਟੈਲੀਫੋਨ ਉਤੇ ਸਤਿਗੁਰੂ ਉਦੇ ਸਿੰਘ ਨੂੰ ਅਰਜ਼ ਕਰ ਲਈ ਸੀ। ਆਪ ਜੀ ਦੀ ਸਿਹਤ ਵੀ ਠੀਕ ਹੈ।"

ਸੂਬਾ ਜੀ ਨੇ ਸੰਤ ਨਿਰੰਜਨ ਸਿੰਘ ਮਠਾੜੂ ਉਹਨਾਂ ਦੇ ਸਪੁੱਤਰ ਸੰਤ ਦਲਜੀਤ ਸਿੰਘ ਮਠਾੜੂ ਤੇ ਸਾਰੇ ਪਰਿਵਾਰ ਨੂੰ ਸਤਿਗੁਰੂ ਜੀ ਦਾ ਅਸ਼ੀਰਵਾਦ ਦਿੱਤਾ। ਉਹਨਾਂ ਅਖੰਡ ਪਾਠ, ਲੰਗਰ ਜਾਂ ਹੋਰ ਕਿਸੇ ਪ੍ਰਕਾਰ ਦੀ ਸੇਵਾ ਕਰਨ ਵਾਲੇ ਵਿਅਕਤੀਆਂ ਦਾ ਧੰਨਵਾਦ ਕੀਤਾ।

ਸਟੇਜ ਸਕੱਤਰ ਗੁਰਨਾਮ ਸਿੰਘ ਬੜੇ ਸੁਚਜੇ ਢੰਗ ਨਾਲ ਥਾਂ ਪਰ ਥਾਂ ਹਰ ਇਕ ਬਾਰੇ ਬੜੀ ਲੋੜੀਂਦੀ ਤੇ ਢੁਕਵੀਂ ਜਾਣਕਾਰੀ ਦਿੱਤੀ। ਇੰਜ ਇਹ ਸਾਰਾ ਸਮਾਗਮ ਮਠਾੜੂ ਪਰਿਵਾਰ ਦੀ ਸੇਵਾ ਭਾਵਨ, ਰੀਝ ਕਾਰਨ, ਸਤਿਗੁਰੂ ਦੀ ਸਭਾ ਦਾ ਸਮਾਗਮ ਬਣਿਆ।

—ਅਜੀਤ ਸਿੰਘ

## ਸ੍ਰੀ ਸਤਿਗੁਰੂ ਜੀ ਅਤੇ ਮਾਤਾ ਜੀ ਦੀਆਂ ਬਖਸ਼ਿਸ਼ਾਂ ਦਾ ਰਾਮਪੁਰਾ ਫੂਲ ਵਿੱਚ ਵਗਿਆ ਦਰਿਆ

੩੧ ਅਗਸਤ ਦਾ ਉਹ ਦਿਨ ਰਾਮਪੁਰਾ ਫੂਲ ਨਿਵਾਸੀਆਂ ਲਈ ਬਹੁਤ ਹੀ ਵਡਭਾਗਾ ਸੀ ਜਦੋਂ ਹਾਜ਼ਰਾ ਹਜ਼ੂਰ ਸਤਿਗੁਰੂ ਉਦੈ ਸਿੰਘ ਜੀ ਅਤੇ ਮਾਤਾ ਚੰਦ ਕੌਰ ਜੀ ਨੇ ਰਾਮਪੁਰਾ ਫੂਲ ਦੀ ਧਰਤੀ ਨੂੰ ਭਾਗ ਲਾਏ। ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਸਾਮ ਦੇ ੫.੩੦ ਵਜੇ ਕਲਸੀ ਇੰਡਸਟਰੀਜ਼ ਬਠਿੰਡਾ ਰੋਡ ਰਾਮਪੁਰਾ ਫੂਲ ਵਿਖੇ ਪਧਾਰਿਆ। ਸਰੀ ਸਤਿਗੁਰੂ ਜੀ ਅਤੇ ਮਾਤਾ ਜੀ ਦੇ ਦਰਸ਼ਨ ਕਰਕੇ ਸੰਗਤ ਦੇ ਚਿਹਰੇ ਫੁੱਲਾਂ ਵਾਂਗ ਖਿੜ ਗਏ। ਸੰਗਤ ਵੱਲੋਂ ਸ੍ਰੀ ਸਤਿਗੁਰੂ ਜੀ ਅਤੇ ਮਾਤਾ ਜੀ ਨੂੰ ਨਮਸਕਾਰ ਕਰਦਿਆਂ ਸਤਿਗੁਰੂ ਜੀ ਨੇ ਵੱਖ-ਵੱਖ ਪਰਿਵਾਰਾਂ ਬਾਰੇ ਜਾਣਕਾਰੀ ਲਈ। ਕਲਸੀ ਇੰਡਸਟਰੀਜ਼ ਦੇ ਵਿਹੜੇ ਨੂੰ ਪਵਿੱਤਰ ਕਰਦਿਆਂ ਸਤਿਗੁਰੂ ਜੀ ਨੇ ਸੰਤ ਮੇਜਰ ਸਿੰਘ ਅਤੇ ਉਹਨਾਂ ਦੇ ਪਰਿਵਾਰ ਤੇ ਬਖਸ਼ਿਸ਼ਾਂ ਕੀਤੀਆਂ। ਕਲਸੀ ਇੰਡਸਟਰੀਜ਼ ਦਾ ਪ੍ਰੋਪਰਾਈਟਰ ਮਨਪ੍ਰੀਤ ਸਿੰਘ ਜੋ ਫਾਈਰਬਰਗੇਡ ਤਿਆਰ ਕਰਦਾ ਹੈ ਉਸਤੋਂ ਸਤਿਗੁਰੂ ਜੀ ਨੇ ਫਾਈਰਬਰਗੇਡ ਬਾਰੇ ਕੁਝ ਸਵਾਲ ਪੁੱਛੇ। ਇਸ ਸਮੇਂ ਸਤਿਗੁਰੂ ਜੀ ਨੇ ਆਪਣੇ ਸ਼ਰਧਾਵਾਨ ਸੇਵਕ ਸੰਤ ਗੁਰਭਗਤ ਸਿੰਘ ਅਤੇ ਸੰਤ ਮਨਪ੍ਰੀਤ ਸਿੰਘ ਦੇ ਮਨ ਦੀਆਂ ਭਾਵਨਾਵਾਂ ਨੂੰ ਪੂਰੀਆਂ ਕਰਦੇ ਹੋਏ ਸਤਿਗੁਰੂ ਜੀ ਨੇ ਉਹਨਾਂ ਨਾਲ ਗਲਵੱਕੜੀ ਪਾਕੇ ਸੇਵਕਾਂ ਦੀਆਂ ਦਿਲ ਦੀਆਂ ਰੀਝਾਂ ਨੂੰ ਪੂਰਾ ਕੀਤਾ। ਇਸ ਸਮੇਂ ਲਖਵੀਰ ਕੌਰ ਅਤੇ ਉਹਨਾਂ ਦੇ ਪਤੀ ਦਾਰਾ ਸਿੰਘ ਭਦੌੜ ਨੇ ਸਤਿਗੁਰੂ ਜੀ ਨੂੰ ਅਰਜ ਕੀਤੀ ਉਹਨਾਂ ਨੇ ਹੁਕਮ ਅਨੁਸਾਰ ਅਰਦਾਸ ਕੀਤੀ ਜਿਸ ਨਾਲ ਪੇਟ ਦੀਆਂ ਰਸੌਲੀਆਂ ਅਤੇ ਪੱਥਰੀਆਂ ਅਲਟਰਾਸਾਊਂਡ ਰਿਪੋਰਟ ਵਿੱਚ ਖ਼ਤਮ ਹੋ ਗਈਆਂ ਅਤੇ ਕਿਵੇਂ ਪਿਤਾ ਜੀ ਮੀਤ ਹਰਦੇਵ ਸਿੰਘ ਰਾਮਪੁਰਾ ਫੂਲ ਦੇ ਅਕਾਲ ਬੁੰਗੇ ਵਿਖੇ ਅਰਦਾਸ ਕਰਨ ਨਾਲ ਜਮੀਨ ਦਾ ਪਿਛਲੀ ਪੀੜ੍ਹੀ ਦਾ ਲਟਕਦਾ ਕੇਸ ਪਟਵਾਰੀ ਘਰ ਆਕੇ ਸਭ ਕੁਝ ਠੀਕ ਕਰ ਗਿਆ। ਲਖਵੀਰ ਕੌਰ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੁਪਨੇ ਵਿੱਚ ਦਰਸ਼ਨ ਦੇ ਕੇ ਅਖਿਆ ਕਿ "ਪੁੱਤਰੀ ਤੇਰੇ ਸਾਰੇ ਕੰਮ ਹੋ ਗਏ ਹਨ ਮੇਰਾ 2300 ਰੁਪਿਆ ਭੈਣੀ ਸਾਹਿਬ ਭੇਜ ਦਿਉ" ਇਸ ਸਮੇਂ ਲਖਵੀਰ ਕੌਰ ਅਤੇ ਦਾਰਾ ਸਿੰਘ ਨੇ ਸਤਿਗੁਰੂ ਜੀ ਨੂੰ ਸੁਪਨਾ ਦੱਸਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਮੁਤਾਬਕ ਸਤਿਗੁਰੂ ਉਦੈ ਸਿੰਘ ਜੀ ਨੂੰ ਮੱਥਾ ਟੇਕਿਆ।

ਮਾਤਾ ਜੀ ਆਪਣੇ ਸਿੱਖ ਸੇਵਕਾਂ ਨਾਲ ਗੱਲਬਾਤ ਕਰਦੇ ਅਤੇ ਕਮਰੇ ਤੋਂ ਬਾਹਰ ਨਹੀਂ ਆਏ ਸਨ ਤਾਂ ਸਤਿਗੁਰੂ ਜੀ ਮਾਤਾ ਜੀ ਦੀ ਉਡੀਕ ਕਰਦੇ ਹੋਏ। ਇੰਡਸਟਰੀ ਦੇ ਬਾਹਰ ਕੱਚੇ ਰਸਤੇ ਵਿੱਚ ਆ ਗਏ। ਮਿਹਰਾਂ ਦੇ ਸਾਈ ਨੇ ਰਸਤੇ ਵਿੱਚ ਤੁਰਿਆਂ ਜਾਂਦਿਆਂ ਨੇ ਸੰਗਤ ਦੀਆਂ ਅਰਜ਼ਾਂ ਸੁਣੀਆਂ, ਬਚਨ ਬਿਲਾਸ ਹੁੰਦੇ ਰਹੇ। ਅੱਜ ਗੁਰਬਾਣੀ ਦੇ ਇਸ ਸ਼ਬਦ ਮੁਤਾਬਕ ਆਪਣੇ ਧੰਨਭਾਗ ਸਮਝ ਰਹੀ ਸੀ–

ਜਿਨਾ ਸਤਿਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥
ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥

ਇਸ ਸਮੇਂ ਸਤਿਗੁਰੂ ਜੀ ਦੇ ਬਹੁਤ ਕ੍ਰਿਪਾ ਪਾਤਰ ਸੰਤ ਧਰਮ ਸਿੰਘ ਨੇ ਹਿੰਮਤਪੁਰੇ ਦੇ ਜੋੜ ਮੇਲੇ ਅਤੇ ਸੰਤ ਕਰਮ ਸਿੰਘ ਬਾਰੇ ਗੱਲਬਾਤ ਦਾ ਅਰੰਭ ਕੀਤਾ ਤਾਂ ਸਤਿਗੁਰੂ ਜੀ ਨੇ ਸੰਤ ਕਰਮ ਸਿੰਘ ਦੇ ਬ੍ਰਹਮ ਗਿਆਨੀ ਅਤੇ ਸੰਤ ਜ਼ੋਰਾ ਸਿੰਘ ਦੇ ਸਾਧੂ ਅਤੇ ਪੂਰਨ ਸੰਤ ਹੋਣ ਬਾਰੇ ਉਚਾਰਿਆ। ਮੈਂ ਵੀ ਸੰਤ ਕਰਮ ਸਿੰਘ ਅਤੇ ਸੂਬਾ ਬੋਆ ਸਿੰਘ ਮੇਰੇ ਦਾਦਾ ਜੀ ਸਬੰਧੀ ਕੁਝ ਅਰਜਾਂ ਕੀਤੀਆਂ ਅਤੇ ਆਪਣੇ ਸੁਪਨੀਆਂ ਸਬੰਧੀ ਬੇਨਤੀ ਕੀਤੀ ਸਤਿਗੁਰੂ ਜੀ ਸਭ ਦੀਆਂ ਝੋਲੀਆਂ ਖੁਸ਼ੀਆਂ ਨਾਲ ਭਰ ਰਹੇ ਸਨ। ਸਤਿਗੁਰੂ ਜੀ ਨਾਲ ਨੌਜਵਾਨ ਬੱਚੇ ਬੱਚੀਆਂ ਨੇ ਤਸਵੀਰਾਂ ਖਿਚਵਾਈਆਂ। ਸਤਿਗੁਰੂ ਜੀ ਨੇ ਬੱਚੀਆਂ ਦੇ ਸਿਰ ਤੇ ਮਿਹਰ ਭਰੇ ਹੱਥ ਰੱਖੇ ਅਤੇ ਨੌਜਵਾਨਾਂ ਨੂੰ ਥਾਪੜੇ ਦਿੱਤੇ।

ਫਿਰ ਲੰਗਰ ਪ੍ਰਥਾ ਦੀ ਗੱਲ ਛਿੜੀ ਤਾਂ ਸਤਿਗੁਰਾਂ ਗੁਰੂ ਨਾਨਕ ਦੇਵ ਜੀ ਦੀ ਚਲਾਈ ਲੰਗਰ ਪ੍ਰਥਾ ਦੀ ਵਡਿਆਈ ਕਰਦਿਆਂ ਆਖਿਆ ਕਿ ਸਿੱਖਾਂ ਵਰਗੀ ਸੇਵਾ ਦੀ ਭਾਵਨਾ ਦੁਨੀਆਂ ਵਿੱਚ ਹੋਰ ਕਿਥਰੇ ਨਹੀਂ ਮਿਲਦੀ ਇਸ ਸਮੇਂ ਲੰਗਰ ਸਬੰਧੀ ਸਤਿਗੁਰਾਂ ਆਪਣੇ ਨਾਲ ਵਾਪਰੀਆਂ ਕੁਝ ਯਾਦਾਂ ਦਾ ਵੀ ਜਿਕਰ ਕੀਤਾ। ਇਸ ਸਮੇਂ ਰਸਤੇ ਵਿੱਚ ਤੁਰੇ ਜਾਂਦਿਆਂ ਗਰਮੀ ਅਤੇ ਹੁੰਮਸ ਕਾਫੀ ਸੀ ਤਾਂ ਸੰਤ ਮੇਜਰ ਸਿੰਘ ਨੇ ਸਤਿਗੁਰੂ ਜੀ ਅੱਗੇ ਸਨਿਮਰ ਬੇਨਤੀ ਕੀਤੀ ਕਿ "ਪਾਤਸ਼ਾਹ ਜੀ ਬਾਹਰ ਗਰਮੀ ਬਹੁਤ ਹੈ ਕ੍ਰਿਪਾ ਹੋਵੇ ਤਾਂ ਏ ਸੀ. ਕਮਰੇ ਵਿੱਚ ਬੈਠੋ ਜਾਂਦੇ" ਤਾਂ ਸਤਿਗੁਰਾਂ ਬਖਸ਼ਿਸ਼ਾਂ ਕਰਦਿਆਂ ਆਖਿਆ–

"ਜੇਕਰ ਅੰਦਰ ਠੰਡ ਹੋਵੇ ਤਾਂ ਬਾਹਰੀ ਗਰਮੀ ਕੁਝ ਨਹੀਂ ਕਹਿੰਦੀ"

ਇਸੇ ਸਮੇਂ ਸਤਿਗੁਰੂ ਜੀ ਦਾ ਫੋਨ ਆਇਆ। ਫੋਨ ਤੇ ਸਤਿਗੁਰਾਂ ਅੰਮ੍ਰਿਤ ਵੇਲੇ ਉਠਕੇ ਸਣਕੇਸ਼ੀ ਇਸ਼ਨਾਨ ਕਰਨ ਦਾ, ਗੁਰਬਾਣੀ ਦਾ ਪਾਠ ਕਰਨਾ ਅਤੇ ਇਕ ਘੰਟਾ ਰੋਜ਼ਾਨਾ ਨਾਮ ਸਿਮਰਨ ਕਰਨ ਦਾ ਹੁਕਮ ਕੀਤਾ। ਮਰਯਾਦ ਸੰਬੰਧੀ ਸਤਿਗੁਰਾਂ


Namdhari Elibrary NamdhariElibrary@gmail.com

ਫੋਨ ਤੇ ਹੋਰ ਵੀ ਕਈ ਬਚਨ ਬਿਲਾਸ ਕੀਤੇ। ਫੋਨ ਕਰਦੇ-ਕਰਦੇ ਸਤਿਗੁਰੂ ਜੀ ਮਿਹਰਾਂ ਦਾ ਮੀਂਹ ਵਰਸਾਉਂਦੇ ਹੋਏ ਰਸਤੇ ਵਿੱਚ ਇੱਟਾਂ ਦੀ ਇੱਕ ਤਿੰਨ-ਚਾਰ ਫੁੱਟੀ ਕੰਧ ਤੇ ਬਿਰਾਜਮਾਨ ਹੋ ਗਏ। ਕੰਧ ਤੇ ਬੈਠਿਆਂ ਨਾਲ ਸਦਿਗੁਰਾਂ ਨਾਲ ਚਾਈਂ-ਚਾਈਂ ਤਸਵੀਰਾਂ ਖਿਚਵਾਈਆਂ। ਇਥੇ ਵੀ ਸਤਿਗੁਰਾਂ ਆਪਣੇ ਸੇਵਕਾਂ ਨੂੰ ਥਾਪੜੇ ਦੇ ਕੇ ਪਿਆਰ ਦੀਆਂ ਬਖਸ਼ਿਸ਼ਾਂ ਕੀਤੀਆਂ। ਸੰਤ ਰਣਜੀਤ ਸਿੰਘ ਮੰਨਣ ਐਕਸ਼ਨ ਬਿਜਲੀ ਬੋਰਡ ਲਈ ਸਤਿਗੁਰਾਂ ਹੁਕਮ ਕੀਤਾ "ਇਹ ਅੰਦਰੋਂ ਸਾਫ ਹਨ" ਪਰਮਜੀਤ ਸਿੰਘ ਨੂੰ ਹੁਕਮ ਕੀਤਾ ਕਿ "ਪਹਿਲਾਂ ਸ਼ਰਾਬ ਛੱਡ ਦੇ ਬਾਕੀ ਕੇਸ ਦਾੜੀ ਠੀਕ ਕਰ ਲਵਾਂਗੇ।"

ਫਿਰ ਪਿਛੋਂ ਗੱਡੀਆਂ ਆ ਗਈਆਂ ਸਤਿਗੁਰੂ ਜੀ ਅਤੇ ਮਾਤਾ ਜੀ ਨੇ ਸੰਤ ਜਸਪਾਲ ਸਿੰਘ ਮੈਂਬਰ ਐਡਵਾਈਜ਼ਰੀ ਕਮੇਟੀ ਸਿੰਚਾਈ ਵਿਭਾਗ ਦੀ ਕੋਠੀ ਵਿੱਚ ਚਰਨ ਪਾਏ ਅਤੇ 7.00 ਵਜੇ ਦੇ ਲਗਭਗ ਗੁਰਬਾਣੀ ਦੇ ਇਸ ਸ਼ਬਦ ਮੁਤਾਬਕ ਸੇਵਕਾਂ ਦੀਆਂ ਦਿਲੀ ਰੀਝਾਂ ਪੂਰੀਆਂ ਕਰਦੇ ਹੋਏ ਭੈਣੀ ਸਾਹਿਬ ਲਈ ਰਵਾਨਾ ਹੋ ਗਏ–

ਸਾਗਰ ਭਗਤਿ ਭੰਡਾਰ ਹਰਿ ਪੂਰੇ ਸਤਿਗੁਰੂ ਪਾਸਿ ॥
ਸਤਿਗੁਰ ਤੁਠਾ ਖੋਲਿ ਦੇਇ ਮੁਖਿ ਹਰਿ ਪਰਗਾਸਿ ॥(ਅੰਕ-996)

*-ਡਾ. ਲਖਵੀਰ ਸਿੰਘ*

*ਰਾਮਪੁਰਾ ਫੂਲ (ਬਠਿੰਡਾ), ਕਨਵੀਨਰ, ਵਿੱਦਿਅਕ ਜੱਥਾ*

## ਚੰਡੀਗੜ੍ਹ 'ਚ ਪੰਜਾਬੀ ਪ੍ਰਤੀ ਬੇਰੁਖੀ ਵਿਰੁੱਧ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਧਰਨਾ

੬ ਸਤੰਬਰ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਚੰਡੀਗੜ੍ਹ ਦੇ ਸੈਕਟਰ ੧੭ ਵਿਖੇ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਪੰਜਾਬੀ ਭਾਸ਼ਾ, ਪੰਜਾਬੀ ਮਾਂ ਬੋਲੀ ਨਾਲ ਕੀਤੇ ਜਾ ਰਹੇ ਮਾੜੇ ਵਰਤਾਓ ਪ੍ਰਤੀ ਇਕ ਜ਼ੋਰਦਾਰ ਧਰਨਾ ਦਿੱਤਾ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਸ. ਬਲਦੇਵ ਸਿੰਘ ਅਤੇ ਜਨਰਲ ਸਕੱਤਰ ਤਲਵਿੰਦਰ ਸਿੰਘ ਦੀ ਅਗਵਾਈ ਹੇਠ ਦਿੱਤੇ ਧਰਨੇ 'ਚ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੇ ਵੱਡੀ ਗਿਣਤੀ ਵਿਚ ਸਾਹਿਤਕਾਰਾਂ, ਬੁੱਧੀਜੀਵੀਆਂ, ਲੇਖਕਾਂ ਦੇ ਨਾਲ-ਨਾਲ ਪੰਜਾਬ ਤੇ ਚੰਡੀਗੜ੍ਹ ਦੀਆਂ ਸਾਰੀਆਂ ਲੇਖਕ ਸਭਾਵਾਂ ਤੋਂ ਇਲਾਵਾ ਪੰਜਾਬ ਆਰਟਸ ਕੌਂਸਲ, ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਆਦਿ ਸੰਸਥਾਵਾਂ ਵੱਲੋਂ ਵੀ ਇਸ ਵਿਚ ਜਿੱਥੇ ਹਿੱਸਾ ਲਿਆ ਗਿਆ ਉਥੇ ਪੰਜਾਬੀ ਮਾਂ ਬੋਲੀ ਤੇ ਪੰਜਾਬੀ ਭਾਸ਼ਾ ਦੇ ਹਿਤੈਸ਼ੀਆਂ ਵੱਲੋਂ ਵੀ ਇਸ ਰੋਸ ਧਰਨੇ ਵਿਚ ਭਰਵੀਂ ਸ਼ਿਰਕਤ ਕੀਤੀ ਗਈ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਪੰਜਾਬੀ ਭਾਸ਼ਾ ਦੀ ਕੀਤੀ ਜਾ ਰਹੀ ਬੇਕਦਰੀ ਅਤੇ ਪੰਜਾਬੀ ਭਾਸ਼ਾ ਨੂੰ ਜਾਣ ਬੁੱਝ ਕੇ ਅਣਗੌਲਿਆਂ ਕੀਤੇ ਜਾਣ ਵਿਰੁੱਧ ਬੁਲਾਰਿਆਂ ਨੇ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਪ੍ਰਸ਼ਾਸਕ ਸ੍ਰੀ ਸ਼ਿਵਰਾਜ ਪਾਟਿਲ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ। ਇਸ ਮੌਕੇ ਵਰਲਡ ਪੰਜਾਬੀ ਸੈਂਟਰ ਦੇ ਡਾ. ਦੀਪਕ ਮਨਮੋਹਨ ਸਿੰਘ, ਪਦਮਸ੍ਰੀ ਸੁਰਜੀਤ ਪਾਤਰ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਾਬਕਾ ਪ੍ਰਧਾਨ ਪ੍ਰੋ. ਅਨੂਪ ਵਿਰਕ, ਕੁਰੂਕਸ਼ੇਤਰ (ਹਰਿਆਣਾ) ਯੂਨੀਵਰਸਿਟੀ ਦੇ ਡਾ. ਕਰਮਜੀਤ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਾਬਕਾ ਜਨਰਲ ਸਕੱਤਰ ਡਾ. ਸਰਬਜੀਤ ਸਿੰਘ, ਤਰਲੋਚਨ ਸਿੰਘ ਚੰਡੀਗੜ੍ਹ, ਪੇਂਡੂ ਸੰਘਰਸ਼ ਕਮੇਟੀ ਚੰਡੀਗੜ੍ਹ ਦੇ ਸਰਪ੍ਰਸਤ ਸਾਧੂ ਸਿੰਘ, ਸਰਪੰਚ ਗੁਰਪ੍ਰੀਤ ਸਿੰਘ ਤੋਂ ਇਲਾਵਾ ਨਾਟਕਕਾਰ ਡਾ. ਆਤਮਜੀਤ ਸਿੰਘ ਸਵਰਨ ਸਿੰਘ ਵਿਰਕ (ਹਰਿਆਣਾ), ਡਾ. ਅਨੂਪ ਸਿੰਘ, ਕੇਂਦਰੀ ਪੰਜਾਬੀ ਲੇਖਕ ਦੇ ਪ੍ਰਧਾਨ ਬਲਦੇਵ ਸਿੰਘ ਆਦਿ ਨੇ ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਲੋਕਾਂ ਨੂੰ ਪੰਜਾਬੀ ਭਾਸ਼ਾ ਪ੍ਰਤੀ ਕੀਤੀ ਜਾ ਰਹੇ ਵਤੀਰੇ ਵਿਰੁੱਧ ਡੱਟਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਤੇ ਪੰਜਾਬੀ ਮਾਂ ਬੋਲੀ ਨੂੰ ਢੁੱਕਵਾਂ ਸਥਾਨ ਦਿਵਾਉਣ ਲਈ ਕੇਂਦਰੀ ਪੰਜਾਬੀ ਲੇਖਕ ਸਭਾ ਅਗਾਮੀ ਦਿਨਾਂ ਵਿਚ ਇਕ ਵੱਡਾ ਪ੍ਰੋਗਰਾਮ ਉਲੀਕਣ ਜਾ ਰਹੀ ਹੈ। ਇਸ ਮੌਕੇ ਸਿਆਸੀ ਆਗੂਆਂ ਵਿਚ ਕਾਮਰੇਡ ਚਰਨ ਸਿੰਘ ਵਿਰਦੀ, ਕਾਮਰੇਡ ਜੋਗਿੰਦਰ ਸਿੰਘ ਦਿਆਲ, ਕਾਮਰੇਡ ਮੰਗਤ ਰਾਮ ਪਾਸਲਾ ਨੇ ਸ਼ਿਰਕਤ ਕੀਤੀ।

## ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਪੰਜਾਬੀ ਚੇਤਨਾ ਮੁਹਿਮ ਚਲਾਏਗੀ

–ਪਵਨ ਹਰਚੰਦਪੁਰੀ
ਜਨਰਲ ਸਕੱਤਰ

ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਦੀ ਕਾਰਜਕਾਰਨੀ ਦੀ ਇਕੱਤਰਤਾ ਭਾਸ਼ਾ ਵਿਭਾਗ ਦੇ ਜ਼ਿਲ੍ਹਾ ਦਫਤਰ ਵਿਖੇ ਡਾ. ਤੇਜਵੰਤ ਮਾਨ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਦਾ ਆਰੰਭ ਕਰਦਿਆਂ ਸਭਾ ਦੇ ਜਨਰਲ ਸਕੱਤਰ ਪਵਨ ਹਰਚੰਦਪੁਰੀ ਨੇ ਸਭਾ ਵੱਲੋਂ ਕੀਤੀਆਂ ਸਰਗਰਮੀਆਂ ਦੀ ਸੰਖੇਪ ਰਿਪੋਰਟ ਕੀਤੀ। ਉਪਰੰਤ ਡਾ. ਤੇਜਵੰਤ ਮਾਨ ਨੇ ਪੰਜਾਬ,


NamdhariElibrary NamdhariElibrary@gmail.com

ਦਿੱਲੀ, ਚੰਡੀਗੜ੍ਹ, ਹਰਿਆਣਾ, ਹਿਮਾਚਲ ਅਤੇ ਰਾਜਸਥਾਨ ਵਿਚ ਪੰਜਾਬ ਭਾਸ਼ਾ ਦੀ ਸਥਿਤੀ ਬਾਰੇ ਵਿਸਥਾਰ ਨਾਲ ਦਸਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਨਾਲ ਪੰਜਾਬ, ਦਿੱਲੀ, ਚੰਡੀਗੜ੍ਹ, ਹਰਿਆਣਾ, ਹਿਮਾਚਲ ਅਤੇ ਰਾਜਸਥਾਨ ਵਿਚ ਹੀ ਧੱਕਾ ਨਹੀਂ ਹੋ ਰਿਹਾ ਸਗੋਂ ਆਪਣੇ ਘਰ ਪੰਜਾਬ ਵਿਚ ਵੀ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਉੱਤੇ ਧੱਕਾ ਹੋ ਰਿਹਾ ਹੈ। ਪੰਜਾਬ ਸਰਕਾਰ ਦੀ ਕੋਈ ਭਾਸ਼ਾ ਅਤੇ ਸੱਭਿਆਚਾਰ ਦੀ ਨੀਤੀ ਨਹੀਂ, ਨਤੀਜਾ ਇਹ ਕਿ ਪੰਜਾਬੀਆਂ ਦੇ ਸਿੱਖਿਆ, ਵਪਾਰ, ਸਮਾਜਿਕ ਸਮਾਗਮਾਂ ਵਿਚ ਅੰਗਰੇਜ਼ੀ ਦਾ ਬੋਲਬਾਲਾ ਹੈ। ਸਕੂਲਾਂ ਵਿਚ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਕੀਤਾ ਜਾ ਰਿਹਾ ਹੈ। ਬਹੁਤ ਸਾਰੇ ਸਕੂਲਾਂ ਨੂੰ ਸੈਂਟਰਲ ਵਿਦਿਅਕ ਬੋਰਡ ਨਾਲ ਜੋੜ ਦਿੱਤਾ ਗਿਆ ਹੈ। ਇਹਨਾਂ ਸਕੂਲਾਂ ਵਿਚ ਪੰਜਾਬੀ ਪੜ੍ਹਨੀ ਤਾਂ ਇਕ ਪਾਸੇ ਬੋਲਣ ਉੱਤੇ ਵੀ ਪਾਬੰਦੀ ਹੈ। ਡਾ. ਮਾਨ ਨੇ ਚੇਤਾਵਨੀ ਦਿੰਦਿਆਂ ਮੰਗ ਕੀਤੀ ਕਿ ਪੰਜਾਬ ਸਰਕਾਰ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਉੱਨਤੀ ਲਈ ਆਪਣੀ ਕੋਈ ਨੀਤੀ ਬਣਾਵੇ। ਪੰਜਾਬ ਰਾਜ ਭਾਸ਼ਾ ਐਕਟ ਨੂੰ ਸੋਧ ਕੇ ਉਸ ਵਿਚ ਸਜ਼ਾ ਦੇਣ ਲਈ ਪੰਜਾਬੀ ਟ੍ਰਿਬਿਊਨਲ ਬਣਾਉਣ ਦੀ ਧਾਰਾ ਜੋੜੀ ਜਾਵੇ। ਮੀਟਿੰਗ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਸੀਨੀਅਰ ਮੀਤ ਪ੍ਰਧਾਨ ਜਗੀਰ ਸਿੰਘ ਜਗਤਾਰ ਨੇ ਮੰਗ ਉਠਾਈ ਕਿ ਪੰਜਾਬ ਵਿਚ ਪ੍ਰਕਾਸ਼ਿਤ ਹੁੰਦੇ ਪੰਜਾਬੀ ਦੇ ਅਖਬਾਰ ਜੋ ਪੰਜਾਬੀ ਭਾਸ਼ਾ ਰਾਹੀਂ ਪੈਸਾ ਕਮਾਉਂਦੇ ਹਨ, ਪੰਜਾਬੀ ਸਾਹਿਤ ਸਭਾਵਾਂ ਦੀਆਂ ਸਰਗਰਮੀਆਂ ਦੀ ਰਿਪੋਰਟ ਸਥਾਨਕ ਅਡੀਸ਼ਨਾਂ ਵਿਚ ਛਾਪਣ ਦੀ ਥਾਂ ਪੰਜਾਬ ਅਡੀਸ਼ਨਾਂ ਵਿਚ ਛਾਪਣਾ ਆਰੰਭ ਕਰਨ। ਸਭਾ ਦੇ ਜਨਰਲ ਸਕੱਤਰ ਪਵਨ ਹਰਚੰਦਪੁਰੀ ਦਾ ਕਹਿਣਾ ਸੀ ਕਿ ਪੰਜਾਬ ਵਿਚ ਸਥਿਤ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਸਾਰੇ ਇਮਤਿਹਾਨ ਪੰਜਾਬੀ ਮਾਧਿਅਮ ਵਿਚ ਲਏ ਜਾਣ। ਡਾ. ਭਗਵੰਤ ਸਿੰਘ ਨੇ ਮੰਗ ਕੀਤੀ ਕਿ ਪੰਜਾਬੀ ਭਾਸ਼ਾ ਦੇ ਸ਼ਬਦ ਭੰਡਾਰ ਨੂੰ ਸੰਭਾਲਣ ਲਈ ਵੱਖ-ਵੱਖ ਖੇਤਰਾਂ ਨਾਲ ਸਬੰਧਿਤ ਪੰਜਾਬੀ ਸ਼ਬਦਾਵਲੀ ਨੂੰ ਇਕੱਠਾ ਕੀਤਾ ਜਾਵੇ। ਸਭਾ ਦੇ ਸਕੱਤਰ ਜਗਰਾਜ ਧੌਲਾ ਨੇ ਸਮੂਹ ਪੰਜਾਬੀਆਂ ਖਾਸ ਕਰਕੇ ਸਭਾਵਾਂ ਦੇ ਮੈਂਬਰਾਂ ਤੋਂ ਮੰਗ ਕੀਤੀ ਕਿ ਉਹ ਆਪਣੇ ਸਾਰੇ ਕਾਰੋਬਾਰਾਂ, ਰਸਮੋ-ਰਿਵਾਜਾਂ ਲਈ ਚਿੱਠੀ-ਪੱਤਰ ਪੰਜਾਬੀ ਵਿਚ ਕਰਨ। ਮੀਟਿੰਗ ਵਿਚ ਅਮਰੀਕ ਸਿੰਘ ਤਲਵੰਡੀ, ਬਾਜ ਸਿੰਘ ਮਹਿਲੀਆ, ਰਣਜੀਤ ਸਿੰਘ ਬਾਜ, ਬਿੱਕਰ ਸਿੰਘ ਸਿੱਧੂ, ਗੁਲਜਾਰ ਸਿੰਘ ਸ਼ੌਕੀ, ਮਿੱਠਾ ਸਿੰਘ ਸੇਖੋਂ, ਸੁਰਿਦਰ ਰਾਜਪੂਤ, ਹਾਕਮ ਸਿੰਘ ਰੂੜੇਕੇ, ਗੁਰਮੇਲ ਸਿੰਘ ਬੋਡੇ, ਕਰਤਾਰ ਠੁੱਲ੍ਹੀਵਾਲ, ਰਜਿੰਦਰ ਰਾਜਨ, ਕਰਮ ਸਿੰਘ ਜਖਮੀ ਅਤੇ ਹਰਦੀਪ ਸਿੰਘ ਸਿੱਧੂ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਡਾ. ਭਗਵੰਤ ਸਿੰਘ ਵੱਲੋਂ ਸੰਪਾਦਨ ਕੀਤੇ ਗਏ ਤ੍ਰੈ-ਮਾਸਿਕ 'ਜਾਗੋ ਇੰਟਰਨੈਸ਼ਨਲ' ਦਾ ਨਵਾਂ ਅੰਕ ਲੋਕ ਅਰਪਣ ਕੀਤਾ ਗਿਆ।

ਭਰਾਤਰੀ ਜੱਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ੬ ਸਤੰਬਰ, ੨੦੧੩ ਨੂੰ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਦੇ ਮਸਲੇ ਉੱਤੇ ਦਿੱਤੇ ਜਾ ਰਹੇ ਧਰਨੇ ਬਾਰੇ ਕਾਰਜਕਾਰਨੀ ਨੇ ਵਿਚਾਰ ਕੀਤੀ। ਕਾਰਜਕਾਰਨੀ ਨੇ ਪੰਜਾਬੀ ਭਾਸ਼ਾ ਦੇ ਹੱਕ ਵਿਚ ਕੀਤੀ ਜਾਣ ਵਾਲੀ ਕਿਸੇ ਜੱਥੇਬੰਦੀ ਦੀ ਕਾਰਵਾਈ ਦਾ ਸੁਆਗਤ ਕਰਦਿਆਂ ਅਸੂਲੀ ਤੌਰ ਤੇ ਇਸ ਧਰਨੇ ਦਾ ਸੁਆਗਤ ਕੀਤਾ।

ਕਾਰਜਕਾਰਨੀ ਨੇ ਪੰਜਾਬ ਸਰਕਾਰ ਦੀ ਪੰਜਾਬੀ ਸਾਹਿਤ ਅਕੈਡਮੀ ਨੇ ਨਵਗਠਣ ਸਮੇਂ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਨੂੰ ਅੱਖੋਂ ਪਰੋਖੇ ਕਰਨ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਪੰਜਾਬ ਵਿਚ ਕੰਮ ਕਰਦੀਆਂ ਸਾਹਿਤ ਸਭਾਵਾਂ, ਵੱਡੀ ਗਿਣਤੀ ਵਿਚ ਪ੍ਰਕਾਸ਼ਿਤ ਹੋ ਰਹੀਆਂ ਨਵੇਂ ਲੇਖਕਾਂ ਦੀਆਂ ਪੁਸਤਕਾਂ, ਪੰਜਾਬੀ ਭਾਸ਼ਾ ਲਈ ਚਿੰਤਾ ਅਤੇ ਫਿਕਰਮੰਦੀ ਕਰਦੇ ਪੰਜਾਬੀ ਲੇਖਕਾਂ ਬਾਰੇ ਨਿਖੇਧਆਤਮਿਕ ਟਿੱਪਣੀਆਂ ਅਤੇ ਪ੍ਰਚਾਰ ਕਰ ਰਹੇ ਅਖੌਤੀ ਵਿਦਵਾਨਾਂ ਦੀ ਪੁਰਜ਼ੋਰ ਸ਼ਬਦਾਂ ਵਿਚ ਨਿੰਦਾ ਕੀਤੀ। ਪੰਜਾਬੀ ਭਾਸ਼ਾ, ਸਾਹਿਤ ਸਭਾਵਾਂ ਅਤੇ ਨਵੀਆਂ ਕਲਮਾਂ ਬਾਰੇ ਕੀਤੇ ਜਾ ਰਹੇ ਇਸ ਦੁਸ਼ਪ੍ਰਚਾਰ ਨੂੰ ਤੁਰੰਤ ਬੰਦ ਕਰਨ ਦੀ ਤਾੜਨਾ ਕੀਤੀ। ਕਾਰਜਕਾਰਨੀ ਨੇ ਪ੍ਰਸਿੱਧ ਸਿੱਖ ਵਿਦਵਾਨ ਇੰਦਰ ਸਿੰਘ ਘੱਗਾ ਵਿਰੁੱਧ ਲੇਖਣੀ ਨੂੰ ਆਧਾਰ ਬਣਾ ਕੇ ਕੇਸ ਚਲਾਉਣ, ਪ੍ਰਸਿੱਧ ਤਰਕਸ਼ੀਲ ਵਿਦਵਾਨ ਡਾ. ਨਰੇਂਦਰ ਡਾਭੋਲਕਰ ਦੇ ਜਨੂਨੀਆਂ ਵੱਲੋਂ ਕੀਤੇ ਕਤਲ ਦੀ ਨਿਖੇਧੀ ਕੀਤੀ। ਇਕ ਸ਼ੋਕ ਮਤੇ ਰਾਹੀਂ ਪ੍ਰਸਿੱਧ ਗਜ਼ਲਗੋ ਹਰਭਜਨ ਸਿੰਘ ਰਤਨ, ਭਗਵੰਤ ਸਿੰ ਕੈਲੋਂ, ਕਰਨੈਲ ਨਿੱਝਰ ਅਤੇ ਹੋਰ ਸਾਹਿਤਿਕ ਸ਼ਖਸੀਅਤਾਂ ਤੇ ਅਚਾਨਕ ਵਿਛੋੜਾ ਦੇ ਜਾਣ ਤੇ ਸ਼ਰਧਾਂਜਲੀ ਦਿੱਤੀ ਗਈ।

## ਸਤਿਗੁਰੂ ਉਦੈ ਸਿੰਘ ਜੀ ਦੀ ਛਤਰ ਛਾਇਆ ਹੇਠ ਵਿਸ਼ਵ ਨਾਮਧਾਰੀ ਵਿਦਿਅਕ ਜੱਥੇ ਵੱਲੋਂ ਵਾਰਸ਼ਿਕ ਸੰਮੇਲਨ ਵਿਚ ਇਕੱਤਰਤਾਵਾਂ ਸ਼ੁਰੂ

—ਡਾ. ਲਖਵੀਰ ਸਿੰਘ

ਸਤਿਗੁਰੂ ਉਦੈ ਸਿੰਘ ਜੀ ਦੀ ਰਹਿਨੁਮਾਈ ਹੇਠ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਅਤੇ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥੇ ਦੀਆਂ ਵੱਖ-ਵੱਖ ਇਲਾਕਿਆਂ ਵਿਚ

ਇਕੱਤਰਤਾਵਾਂ ਸ਼ੁਰੂ ਹੋ ਗਈਆਂ ਹਨ। ਮਾਲਵੇ ਇਲਾਕੇ ਵਿਚ ਨਾਮਧਾਰੀ ਦਰਬਾਰ ਦੇ ਸਕੱਤਰ ਫਾਰ ਯੂਥ ਸੰਤ ਗੁਰਮੁੱਖ ਸਿੰਘ "ਰਹਿਬਰ" ਅਤੇ ਨਾਮਧਾਰੀ ਇਸਤਰੀ ਵਿਦਿਅਕ ਜੱਥੇ ਦੀ ਪ੍ਰਧਾਨ ਬੀਬੀ ਸੁਖਜੀਤ ਕੌਰ ਦੀ ਪ੍ਰਧਾਨਗੀ ਹੇਠ ਕ੍ਰਾਂਤੀਕਾਰੀ ਸਮਾਰਕ ਸੈਦੋਕੇ ਅਤੇ ਸ਼ਹੀਦੀ ਸਮਾਰਕ ਰਾਮਪੁਰਾਫੂਲ ਵਿਖੇ ਭਾਰੀ ਇਕੱਤਰਤਾਵਾਂ ਹੋਈਆਂ। ਇਸ ਸਮੇਂ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਨਿਗਰਾਨ ਸੰਤ ਸੁਖਵਿੰਦਰ ਸਿੰਘ ਲਾਇਲ ਨੇ ਆਖਿਆ ਕਿ ਸਤਿਗੁਰੂ ਉਦੈ ਸਿੰਘ ਜੀ ਦੀ ਰਹਿਨੁਮਾਈ ਹੇਠ ਪਹਿਲਾ ਅਤੇ ਉੱਭ ੪੭ਵੇਂ ਸੰਮੇਲਨ ਵਿਚ ਲਿਖਤੀ ਇਤਿਹਾਸਕ ਪ੍ਰਤੀਯੋਗਤਾਵਾਂ, ਭਾਸ਼ਣ ਮੁਕਾਬਲੇ, ਸੰਗੀਤ, ਗਾਇਣ, ਵੋਕਲ, ਦਿਲਰੁਬਾ, ਪਖਾਵਜ, ਦਿਵਾਨ ਪ੍ਰਤੀਯੋਗਤਾਵਾਂ, ਪੇਂਟਿੰਗ, ਕੁਇਜ਼, ਦਸਤਾਰ ਮੁਕਾਬਲੇ, ਨਾਮ-ਸਿਮਰਨ ਪ੍ਰਤੀਯੋਗਤਾਵਾਂ ਅਤੇ ਮੁਕਾਬਲੇ ਹੋਣਗੇ। ਲਾਇਲ ਜੀ ਨੇ ਆਖਿਆ ਕਿ ਹੁਣ ਪੱਛਮੀ ਸਮੇਂ ਦੀ ਹਨੇਰਗਰਦੀ ਅਤੇ ਸੰਸਾਰੀਕਰਨ ਤੋਂ ਸਾਨੂੰ ਆਪਣੀ ਅਸਲ ਫਸਲ ਔਲਾਦ ਸੰਭਾਲਣ ਦੀ ਸਖ਼ਤ ਜ਼ਰੂਰਤ ਹੈ। ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥੇ ਦੇ ਪ੍ਰਧਾਨ ਬੀਬੀ ਸੁਖਜੀਤ ਕੌਰ ਨੇ ਮਾਵਾਂ ਨੂੰ ਆਖਿਆ ਕਿ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬਾਜ਼ਾਰੀ ਖਾਣਿਆਂ, ਫਾਸਟ ਫੂਡ, ਕੋਲਡ ਡਰਿੰਕ, ਬਰਗਰ, ਪੀਜ਼ੇ, ਤਿਆਗ ਕੇ ਬੱਚਿਆਂ ਦੀ ਚੰਗੀ ਸਿਹਤ ਲਈ ਘਰ ਆਪਣੀ ਰਸੋਈ ਵਿਚ ਬਣੇ ਖਾਣੇ ਖਵਾਉਣ ਲਈ ਪ੍ਰੇਰਦਿਆਂ ਦੱਸਿਆ ਕਿ ਵਿਦਿਅਕ ਸੰਮੇਲਨ ਵਿਚ ਨੌਜਵਾਨ ਲੜਕੀਆਂ ਵਿਚਕਾਰ ਸੰਗੀਤ, ਲਿਖਤੀ, ਭਾਸ਼ਣ, ਪੇਂਟਿੰਗ, ਮਾਲਾ, ਕੁਇਜ਼ ਅਤੇ ਪਿਛਲੇ ਸਾਲਾਂ ਦੀ ਤਰਾਂ ਸਮੁੱਚੀਆਂ ਪ੍ਰਤੀਯੋਗਤਾਵਾਂ ਹੋਣਗੀਆਂ। ਬੀਬੀਆਂ ਦੇ ਨਾਮਧਾਰੀ ਕਾਟ ਦੇ ਬਸਤਰ ਅਤੇ ਰਸੋਈ ਦੇ ਖਾਣਿਆਂ ਸਬੰਧੀ ਪ੍ਰਤੀਯੋਗਤਾਵਾਂ ਵੀ ਹੋਣਗੀਆਂ ਅਤੇ ਨੌਜਵਾਨ ਬੱਚੀਆਂ ਨੂੰ ਸਿਲਾਈ ਅਤੇ ਰਸੋਈ ਦੇ ਵਧੀਆ, ਸਵਾਦਲੇ ਅਤੇ ਗੁਣਕਾਰੀ ਪਕਵਾਣ ਬਣਾਉਣ ਦੀ ਸਿਖਲਾਈ ਵੀ ਦਿੱਤੀ ਜਾਵੇਗੀ। ਇਸ ਸਮੇਂ ਉਚੇਚੇ ਤੌਰ ਤੇ ਪਹੁੰਚੇ ਨਾਮਧਾਰੀ ਦਰਬਾਰ ਦੇ ਸਕੱਤਰ ਫਾਰ ਯੂਥ ਸ. ਗੁਰਮੁੱਖ ਸਿੰਘ ਰਹਿਬਰ ਨੇ ਨੌਜਵਾਨਾਂ ਨੂੰ ਗੁਰਮਤਿ ਮਰਯਾਦਾ ਵਿਚ ਰਹਿੰਦੇ ਹੋਏ ਸਮਾਜ ਵਿਚੋਂ ਨਸ਼ਿਆਂ ਦੇ ਖਾਤਮੇ ਲਈ ਯੋਗ ਉਪਰਾਲੇ ਕਰਨ ਲਈ ਪ੍ਰੇਰਿਆ। ਉਹਨਾਂ ਆਖਿਆ ਕਿ ਸਤਿਗੁਰੂ ਉਦੈ ਸਿੰਘ ਜੀ ਦੇ ਹੁਕਮ ਅਨੁਸਾਰ ਅਸੀਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਏ ਪੂਰਨਿਆਂ ਤੇ ਚਲਦੇ ਹੋਏ ਉਹਨਾਂ ਦੇ ਸੁਪਨੇ ਸਾਕਾਰ ਕਰਨੇ ਹਨ। ਉਹਨਾਂ ਨੌਜਵਾਨਾਂ ਨੂੰ ਇਕਮੁੱਠ ਹੋ ਕੇ ਆਤਮ ਵਿਸ਼ਵਾਸ ਨਾਲ ਭਰੇ ਦ੍ਰਿੜ ਕਦਮ ਚੁੱਕ ਕੇ ਚੰਗੇ ਸਮਾਜ ਦੀ ਸਿਰਜਨਾ ਲਈ ਅੱਗੇ ਆਉਣ ਲਈ ਪ੍ਰੇਰਿਆ। ਇਸ ਸਮੇਂ ਨਾਮਧਾਰੀ ਵਿਦਿਅਕ ਜਥੇ ਅਤੇ ਨਾਮਧਾਰੀ ਇਸਤਰੀ ਵਿਦਿਅਕ ਜਥੇ ਰਾਮਪੁਰਾ ਫੂਲ ਅਤੇ ਸੈਦੋਕੇ ਦੀਆਂ ਐਡਜੈਕਟਿਵ ਕਮੇਟੀਆਂ ਦੀ ਚੋਣ ਵੀ ਹੋਈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਬੀਬੀ ਕੁਲਵੰਤ ਕੌਰ ਸਕੱਤਰ ਇਸਤਰੀ ਵਿਦਿਅਕ ਜਥਾ, ਮਲਵਈ ਪੰਜਾਬੀ ਸੱਥ ਦੇ ਸੰਚਾਲਕ ਡਾ. ਲਖਵੀਰ ਸਿੰਘ, ਸੁਖਮੰਦਰ ਸਿੰਘ, ਮਨਪ੍ਰੀਤ ਸਿੰਘ, ਧਰਮ ਸਿੰਘ, ਬੀਬੀ ਰਾਜਵੰਤ ਕੌਰ ਰਾਮਪੁਰਾ ਫੂਲ, ਸਮਿੰਦਰ ਸਿੰਘ ਅਤੇ ਹਰਬੰਸ ਸਿੰਘ ਸੈਦੋਕੇ ਨੇ ਵੀ ਸੰਬੋਧਨ ਕੀਤਾ। ਇਕੱਤਰਤਾਵਾਂ ਵਿਚ ਸ਼ਹੀਦ ਵਰਿਆਮ ਸਿੰਘ ਯਾਦਗਾਰ ਕਮੇਟੀ ਦੇ ਪ੍ਰਧਾਨ ਸੰਤ ਹਰਦੇਵ ਸਿੰਘ, ਸੰਤ ਬਲਦੇਵ ਸਿੰਘ, ਸੰਤ ਮੁਖਤਿਆਰ ਸਿੰਘ, ਸੰਤ ਕੁਲਦੀਪ ਸਿੰਘ, ਸੰਤ ਬਲਜਿੰਦਰ ਸਿੰਘ, ਸੰਤ ਅਵਤਾਰ ਸਿੰਘ ਅਤੇ ਜਸਪਾਲ ਸਿੰਘ ਵੀ ਹਾਜ਼ਰ ਸਨ।

ਰਾਮਪੁਰਾ ਫੂਲ (ਬਠਿੰਡਾ)
ਮੋਬ-੯੮੭੬੮-੫੦੬੮੦

## ਆਇਰਲੈਂਡ ਵਿਚ ਧਾਰਮਿਕ ਸਮਾਗਮ

ਆਇਰਲੈਂਡ ਦੀ ਇਕ ਨਗਰੀ ਸ਼ੈਨਨ ਵਿਚ, ਸੰਤ ਪਰਮਪ੍ਰੀਤ ਸਿੰਘ ਘਰ ਨਾਮਧਾਰੀ ਸਿੱਖਾਂ ਨੇ ਧਾਰਮਿਕ ਸਮਾਗਮ ਕੀਤਾ। ਇਹ ਸਮਾਗਮ ਇਕ ਘੰਟਾ ਨਾਮ-ਸਿਮਰਨ ਨਾਲ ਅਰੰਭ ਹੋਇਆ। ਬੱਚੀਆਂ ਨੇ ਬੜੇ ਪਿਆਰੇ ਤੇ ਸ਼ਰਧਾ ਭਰੇ ਅੰਦਾਜ਼ ਵਿਚ ਇਹ ਸ਼ਬਦ ਗਾਇਨ ਕੀਤੇ–

- ਕਰ ਕਿਰਪਾ ਦੀਨ ਦਿਆਲਾ
- ਠਾਕਰ ਤੁਮ ਸਰਨਾਈ ਆਇਆ
- ਮੈਂ ਨਹੀਂ ਪ੍ਰਭ ਸਭ ਕਿਛ ਤੇਰਾ

ਬੀਬੀ ਜਗਦੀਸ਼ ਕੌਰ ਨੇ ਸਤਿਗੁਰੂ ਬਿਲਾਸ ਗ੍ਰੰਥ ਵਿਚੋਂ ਸਤਿਗੁਰੂ ਰਾਮ ਸਿੰਘ ਦੀਆਂ ਸਾਖੀਆਂ ਦੀ ਕਥਾ ਕੀਤੀ। ਪ੍ਰੋ. ਤਾਰਾ ਸਿੰਘ ਅਨਜਾਣ ਨੇ ਕਥਾ ਕਰਦਿਆਂ ਸਤਿਗੁਰੂ ਪ੍ਰਤੀ ਸ਼ਰਧਾ ਸਤਿਕਾਰ ਦ੍ਰਿੜ ਰੱਖਣ ਦੀ ਪ੍ਰੇਰਨਾ ਦਿੱਤੀ। ਉਸਨੇ ਸਿੱਖ ਇਤਿਹਾਸ ਦੇ ਪਿਛੋਕੜ ਵਿਚੋਂ ਵੇਰਵੇ ਦੇਂਦਿਆਂ ਦੱਸਿਆ ਕਿ ਗੁਰਮਤ ਦੀ ਥਾਂ ਮਨਮਤ ਦੇ ਧਾਰਨੀ ਰਾਹੋਂ ਕੁਰਾਹੇ ਪੈ ਜਾਂਦੇ ਹਨ। ਉਹ ਹੋਰਨਾਂ ਨੂੰ ਵੀ ਭੁਲਾਉਣ ਦੀ ਕੋਸ਼ਿਸ਼ ਕਰਦੇ ਹਨ। ਪਰ ਗੁਰ ਜੈਸਾ ਨਾਹੀ ਕੋਈ ਦੇਵ। ਗੁਰੂ ਨਾਨਕ ਦੀ ਗੱਦੀ ਤੋਂ ਹੱਟ ਕੇ ਜੇ ਕਿਸੇ ਨੇ ਕਿਸੇ ਸਵਾਰਥਵਸ ਜਾਂ ਆਪਣੀ ਸੋਭਾ ਲਈ ਕੁਝ ਕੀਤਾ ਤੋਂ ਰੇਤੀਲੇ ਟਿਬਿਆ ਵਿਚ ਗੁਆਚਣ ਵਾਲੀ ਨਦੀ ਵਾਂਗ ਉਸਦਾ ਹਾਲ ਹੋਇਆ। ਉਹ ਸਤਿਗੁਰ ਸਾਗਰ ਤਕ ਨਹੀਂ ਪਹੁੰਚ


Namdhari Elibrary NamdhariElibrary@gmail.com

ਸਕਿਆ।

ਪ੍ਰਬੰਧਕਾਂ ਵਲੋਂ, ਪਰਿਵਾਰ ਵਲੋਂ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ।

## ਰਚਨਾ ਵਿਚਾਰ ਮੰਚ ਵੱਲੋਂ ਸੈਮੀਨਾਰ ਅਤੇ ਵਿਸ਼ਾਲ ਕਵੀ ਦਰਬਾਰ

ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਦੀ ਸਰਪ੍ਰਸਤੀ ਹੇਠ ਰਚਨਾ ਵਿਚਾਰ ਮੰਚ ਧਮੋਟ ਵਲੋਂ ਕਰਵਾਏ ਗਏ ਸਾਹਿਤਕ ਸਮਾਗਮ ਵਿਚ ਪ੍ਰਧਾਨਗੀ ਭਾਸ਼ਨ ਦਿੰਦਿਆਂ ਸ਼੍ਰੋਮਣੀ ਸਾਹਿਤਕਾਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਦੇ ਪ੍ਰਧਾਨ ਡਾ. ਤੇਜਵੰਤ ਮਾਨ ਨੇ ਸਿਰਜਨਾਤਮਿਕ ਸਹਿਜ ਵਿਕਾਸ ਮਾਡਲ ਨੂੰ ਅਪਨਾਉਣ ਅਤੇ ਉਤਪਾਦਕੀ ਪੂੰਜੀ ਵਿਕਾਸ ਮਾਡਲ ਨੂੰ ਰੱਦ ਕਰਨ ਦੀ ਜ਼ੋਰਦਾਰ ਸ਼ਬਦਾਂ ਵਿਚ ਮੰਗ ਕੀਤੀ। ਡਾ. ਮਾਨ ਨੇ ਵਿਸਥਾਰ ਵਿਚ ਦਸਿਆ ਕਿ ਇਕ ਸਾਜ਼ਸ਼ੀ ਯੋਜਨਾ ਤਹਿਤ ਅਰਬਾਂ-ਖਰਬਾਂ ਰੁਪਏ ਖਰਚ ਕੇ ਕਿਰਤ ਅਧਾਰਤ ਸਿਰਜਨਾਤਮਿਕ ਕਾਰਜਾਂ ਨੂੰ ਤੋੜ ਕੇ ਟੈਕਨਾਲੋਜੀ ਅਤੇ ਪੂੰਜੀ ਅਧਾਰਤ ਉਤਪਾਦਕੀ ਵਿਕਾਸ ਮਾਡਲ ਨੂੰ ਭਾਰਤ ਵਿਚ ਲਾਗੂ ਕੀਤਾ ਜਾ ਰਿਹਾ ਹੈ। ਪੂੰਜੀ ਅਧਾਰਤ ਵਿਕਾਸ ਮਾਡਲ ਦੇ ਚਿੰਤਕ ਬੜੇ ਦਾਅਵੇ ਨਾਲ ਇਤਿਹਾਸ, ਦਰਸ਼ਨ, ਸਮਾਜ, ਕਿਰਤ ਅਤੇ ਸ਼ਬਦ ਨੂੰ ਮਰ ਚੁੱਕਿਆ ਐਲਾਨ ਕਰਦੇ ਹਨ। ਉਨ੍ਹਾਂ ਦੀ ਇਹ ਸਾਜ਼ਸ਼ੀ ਯੋਜਨਾ ਉਤਪਾਦਨ, ਮੰਡੀ ਅਤੇ ਲਾਭ ਵਿਚ ਇਨ੍ਹਾਂ ਪੰਜਾਂ ਸੰਕਲਪਾਂ ਦਾ ਕੋਈ ਥਾਂ ਨਹੀਂ। ਡਾ. ਮਾਨ ਨੇ ਟੁੱਟਦੇ ਸਮਾਜਕ ਰਿਸ਼ਤਿਆਂ ਲਈ ਸਿਰਫ ਉਤਪਾਦਕੀ ਵਿਕਾਸ ਮਾਡਲ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਇਸ ਸਾਜ਼ਸ਼ ਨੂੰ ਨੰਗਾ ਕਰਨ ਲਈ ਲੇਖਕਾਂ ਨੂੰ ਆਪਣੀਆਂ ਕਲਮਾਂ ਦਾ ਸਦ-ਉਪਯੋਗ ਕਰਨਾ ਚਾਹੀਦਾ ਹੈ ਤਾਂ ਕਿ ਇਤਿਹਾਸ, ਦਰਸ਼ਨ, ਸਮਾਜ, ਕਿਰਤ ਅਤੇ ਸ਼ਬਦ ਨੂੰ ਅਸੀਂ ਬਚਾਅ ਸਕੀਏ। ਪ੍ਰਧਾਨਗੀ ਮੰਡਲ ਵਿਚ ਡਾ. ਮਾਨ ਦੇ ਨਾਲ ਪ੍ਰੋ. ਅਨੂਪ ਵਿਰਕ, ਪਵਨ ਹਰਚੰਦਪੁਰੀ, ਦਰਸ਼ਨ ਬੁੱਟਰ, ਮਲ ਸਿੰਘ ਰਾਮਪੁਰੀ, ਅਵਤਾਰ ਸਿੰਘ ਧਮੋਟ, ਗੁਰਦਿਆਲ ਲਾਲ ਅਤੇ ਸਰਪੰਚ ਪ੍ਰਗਟ ਸਿੰਘ ਧਮੋਟ ਸ਼ਾਮਲ ਹੋਏ।

ਸਭ ਤੋਂ ਪਹਿਲਾਂ ਕਵੀ ਦਰਬਾਰ ਦਾ ਆਰੰਭ ਜਤਿੰਦਰ ਹਾਂਸ ਦੀ ਕਵਿਤਾ ਨਾਲ ਹੋਇਆ ਉਪਰੰਤ ਪਹਿਲੇ ਦੌਰ ਵਿਚ ਪਰਮਵੀਰ ਬੂੰਦਾਂ, ਹਰਬੰਸ ਸ਼ਾਨ, ਬਚਨ ਮਲੋਦ, ਅਵਤਾਰ ਸਿੰਘ ਧਮੋਟ, ਮਾਸਟਰ ਲਖਮੀਰ ਚੰਦ, ਪ੍ਰੋ. ਤਰਸਪਾਲ ਕੌਰ, ਕੈਲਾਸ਼ ਅਮਲੋਹੀ, ਪੁਸ਼ਪਿੰਦਰ ਰਾਣਾ, ਗੁਰਮੀਤ ਮਦਨੀਪੁਰ, ਮਾਸਟਰ ਤਰਲੋਚਨ ਸਿੰਘ, ਰਜਿੰਦਰ ਪੰਦਹੋਲ, ਦਰਸ਼ਨ ਗਿੱਲ, ਜਗਜੀਤ, ਜਗਦੇਵ ਘੁੰਗਰਾਲੀ, ਤੇਜਿੰਦਰ ਤੰਨਾ, ਸਿਮਰ ਲਤਾਲਾ, ਅਮਰ ਸਿੰਘ ਅਲੂਣਾ, ਡਾ. ਸੰਦੀਪ, ਮਨਜੀਤ ਬਲਿੰਗ, ਜਸਵੀਰ ਸਿੰਘ ਘੁਣਸੀ, ਅਜੀਤ ਪਿਆਸਾ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ। ਇਸ ਦੌਰ ਦੀ ਸਟੇਜ ਸਕੱਤਰੀ ਜਸਵੀਰ ਸਿੰਘ ਰਾਣਾ ਨੇ ਸੰਭਾਲੀ।

ਕਵੀ ਦਰਬਾਰ ਦੇ ਪਹਿਲੇ ਦੌਰ ਤੋਂ ਬਾਅਦ ਪੁਸਤਕਾਂ ਲੋਕ-ਅਰਪਣ ਕਰਨ ਦਾ ਦੌਰ ਚਲਿਆ ਜਿਸ ਵਿਚ ਭੀਮ ਸਿੰਘ ਗਰਚਾ ਦੀ ਮਿਨੀ ਕਾਵਿ ਸੰਗ੍ਰਹਿ 'ਬਿਰਹਾ ਦੀਆਂ ਬਰੂਹਾਂ', ਗੁਰਦਿਆਲ ਦਲਾਲ ਦਾ ਨਾਵਲ 'ਪੈੜਾਂ' ਅਤੇ ਮਹਿੰਦਰ ਸਿੰਘ ਤਤਲਾ ਦਾ ਕਹਾਣੀ ਸੰਗ੍ਰਹਿ '੪੭-ਏ-ਦਿੱਲੀ' ਪੁਸਤਕਾਂ ਲੋਕ-ਅਰਪਣ ਕੀਤੀਆਂ। ਇਸਦੇ ਨਾਲ ਹੀ ਸਿਕੰਦਰ ਗੋਸਲ ਅਤੇ ਗੁਰਦੀਪ ਸਿੰਘ ਮੰਡਹਾਰ ਦੁਆਰਾ ਸੰਪਾਦਤ ਸਾਹਿਤਕ ਰਸਾਲਾ 'ਲੋਕ ਰੰਗ' ਦਾ ਤਾਜ਼ਾ ਅੰਕ ਡਾ. ਤੇਜਵੰਤ ਮਾਨ ਦੁਆਰਾ ਲੋਕ ਅਰਪਣ ਕੀਤਾ ਗਿਆ। ਉਪਰੰਤ ਰਚਨਾ ਮੰਚ ਧਮੋਟ ਵਲੋਂ ਪਿੰਡ ਦੇ ਪੰਚਾਂ ਅਤੇ ਸਰਪੰਚ ਦਾ ਪਿੰਡ ਵਿਚ ਲਾਇਲਬ੍ਰੇਰੀ ਸਥਾਪਤ ਕਰਨ ਅਤੇ ਪੁਸਤਕ ਸਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਪਾਏ ਯੋਗਦਾਨ ਲਈ ਸਨਮਾਨ ਕੀਤਾ ਗਿਆ।

ਕਵੀ ਦਰਬਾਰ ਦੇ ਦੂਜੇ ਦੌਰ ਵਿਚ ਗੁਰਦਿਆਲ ਦਲਾਲ, ਸੁਰਿੰਦਰ ਕੌਰ ਬਾੜਾ, ਸੁਰਿੰਦਰ ਗਿੱਲ, ਅਨੂਪ ਵਿਰਕ, ਦਰਸ਼ਨ ਬੁੱਟਰ, ਗੁਲਜ਼ਾਰ ਸਿੰਘ ਸ਼ੌਂਕੀ, ਸੁਖਵਿੰਦਰ ਕੌਰ ਆਹੀ, ਸਿਕੰਦਰ ਗੋਸਲ, ਮਲ ਸਿੰਘ ਰਾਮਪੁਰੀ, ਕਰਤਾਰ ਸਿੰਘ ਫੁੱਲੀਵਾਲ, ਗੁਰਦੀਪ ਸਿੰਘ, ਪਾਲੀ ਖਾਦਿਮ, ਪਵਨ ਹਰਚੰਦਪੁਰੀ, ਤਸਵਿੰਦਰ, ਹਰਜਿੰਦਰ ਗੁਰੀ, ਸੰਤੋਸ਼ ਕੁਮਾਰ ਸਿੰਗਲਾ ਆਦਿ ਕਵੀਆਂ ਨੇ ਕਵਿਤਾ-ਪਾਠ ਕੀਤਾ। ਪੜ੍ਹੀਆਂ ਗਈ ਰਚਨਾਵਾਂ ਉਤੇ ਪਵਨ ਹਰਚੰਦਪੁਰੀ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਨੇ ਵਿਸਥਾਰ ਵਿਚ ਵਿਚਾਰ ਪੇਸ਼ ਕੀਤੇ। ਇਸ ਵਿਚਾਰ ਚਰਚਾ ਵਿਚ ਡਾ. ਤੇਜਵੰਤ ਮਾਨ, ਪ੍ਰੋ. ਅਨੂਪ ਵਿਰਕ, ਜਤਿੰਦਰ ਹਾਂਸ, ਮਲ ਸਿੰਘ ਰਾਮਪੁਰੀ, ਪ੍ਰੋ. ਤਰਸਪਾਲ ਕੌਰ ਨੇ ਹਿੱਸਾ ਲਿਆ। ਅੰਤ ਵਿਚ ਪਵਨ ਹਰਚੰਦਪੁਰੀ ਨੇ ਸਾਰੇ ਸਾਹਿਤਕਾਰਾਂ ਦਾ ਸਮਾਗਮ ਦੀ ਸਫਲਤਾ ਲਈ ਧੰਨਵਾਦ ਕੀਤਾ। ਇਸ ਸਮੇਂ ਪੁਸਤਕ ਸਭਿਆਚਾਰ ਦੇ ਫੈਲਾਅ ਲਈ ਤਿੰਨ ਪੁਸਤਕ ਸਟਾਲਾਂ ਲੱਗੀਆਂ ਹੋਈਆਂ ਹਨ।

—ਅਵਤਾਰ ਸਿੰਘ ਧਮੋਟ


NamdhariElibrary NamdhariElibrary@gmail.com

# ਪ੍ਰਤੀਕਿਰਿਆ

ਸਤਿਕਾਰਤ ਜਗਦੀਸ਼ ਸਿੰਘ ਵਰਿਆਮ ਜੀ,

ਆਪ ਜੀ ਦੀ ਸਿਹਤ ਦੇ ਨਾਸਾਜ਼ ਹੋਣ ਬਾਰੇ ਸੂਚਨਾ ਫਿਕਰ ਪੈਦਾ ਕਰਦੀ ਹੈ। ਮੇਰੀ ਧਾਰਨਾ ਹੈ ਕਿ ਤੁਸੀਂ ਛੇਤੀ ਤੋਂ ਛੇਤੀ ਸਿਹਤਯਾਬ ਹੋਵੋ। ਨਵੰਬਰ ਵਿਚ ਤੁਹਾਡੀ ਅਗਵਾਈ ਵਿਚ ਪ੍ਰਕਾਸ਼ਤ ਹੋ ਰਿਹਾ ਵਰਿਆਮ ਅੱਠਤੀਵਾਂ ਸਾਲ ਪੂਰਾ ਕਰ ਲਵੇਗਾ। ਮੁਬਾਰਕਾਂ! ਸਤੰਬਰ ੨੦੧੩ ਦੇ ਵਰਿਆਮ ਦੀ ਸੰਪਾਦਕੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਅਧਿਆਤਮਕ ਸਚਿਆਰੇ ਆਚਰਣ ਵਲ ਇਸ਼ਾਰਾ ਕਰਦਾ ਹੈ ਉਥੇ ਕੂਕਾ ਕੁਰਬਾਨੀਆਂ ਦਾ ਜ਼ਿਕਰ ਵੀ ਕਰਦਾ ਹੈ। ਨਾਮਧਾਰੀ ਸਪੰਰਦਾ ਦੇ ਮੁੱਖੀ ਸਤਿਗੁਰੂ ਉਦੈ ਸਿੰਘ ਜੀ ਤੇ ਇੰਗਲੈਂਡ ਦੌਰੇ ਸਮੇਂ ਦੇ ਜਾਨਲੇਵਾ ਹਮਲਾ ਹੋਣ ਦੀ ਖ਼ਬਰ ਬੜੀ ਚਿੰਤਾਜਨਕ ਹੈ। ਕਿਸੇ ਵੀ ਕਿਸਮ ਵਿਚਾਰਧਾਰਕ ਜਾਂ ਨਿਜੀ ਮਤਭੇਦਾਂ ਨੂੰ ਦੂਰ ਕਰਨ ਦਾ ਰਸਤਾ ਸੰਵਾਦ ਹੈ ਹਥਿਆਰ ਨਹੀਂ।

ਸ. ਤਰਲੋਚਨ ਸਿੰਘ ਹੁਰਾਂ ਦੀ ਚਾਹਨਾ ਸਿੱਖ ਇਤਿਹਾਸ ਦੀ ਗੰਭੀਰ ਖੋਜ-ਪੜਤਾਲ ਕਰਨ ਦੀ ਲੋੜ ਹੈ, ਤਾਂ ਠੀਕ ਹੈ, ਪਰ ਸਿੱਖੀ ਦੇ ਆਪੂੰ ਬਣੇ ਮਸੰਦ ਕੀ ਇਹ ਖੋਜ ਕਰਨ ਦੇਣਗੇ। ਅਗੇ ਡਾ. ਪਿਆਰ ਸਿੰਘ, ਡਾ. ਫੌਜਾ ਸਿੰਘ, ਕਾਹਨ ਸਿੰਘ ਨਾਭਾ, ਜੀ. ਬੀ ਸਿੰਘ ਵਰਗੇ ਸਿੱਖ ਇਤਿਹਾਸ ਨੇ ਵਿਦਵਾਨਾਂ ਨਾਲ ਇਨ੍ਹਾਂ ਮਸੰਦਾਂ ਨੇ ਕੀ ਕੀਤੀ? ਵਰਿਆਮ ਸਿੰਘ ਸੰਧੂ ਨੇ ਪੱਥਰ ਸਿਰੇ ਕੱਟੜ ਕਾਮਰੇਡਾਂ ਦੀ ਕਮਅਕਲੀ ਅਗਿਆਨਤਾ ਦੀ ਸਥਿਤੀ ਬਾਰੇ ਮੁਲੰਕਵੀ ਲੇਖਾ-ਜੋਖਾ ਕੀਤਾ ਹੈ। ਗੁਰਭਜਨ ਗਿੱਲ ਦੀਆਂ ਚਾਰ ਗ਼ਜ਼ਲਾਂ ਜਦੀਦ ਗ਼ਜ਼ਲ ਦੀ ਅਜੋਕੇ ਸਮੇਂ ਵਿਚ ਮਹੱਤਤਾ ਨੂੰ ਦਰਸਾਉਂਦੀਆਂ ਹਨ। ਖ਼ਬਰਨਾਮਾ ਵਿਚ ਪੰਜਾਬੀ ਸਾਹਿਤ ਸਭਾ ਸੰਗਰੂਰ ਦੇ ਸਾਹਿਤਕ ਸਮਾਗਮ ਦੀ ਰਿਪੋਰਟ ਪ੍ਰਕਾਸ਼ਤ ਕਰਨ ਲਈ ਧੰਨਵਾਦ!

ਤੁਹਾਡਾ ਪੱਤਰ ਅਤੇ 'ਵਰਿਆਮ' ਦੋਵੇਂ ਮਿਲੇ ਹਨ। ਧੰਨਵਾਦ ੨੮ ਜੁਲਾਈ ੨੦੧੩ ਦਾ ਪੋਸਟ ਕੀਤਾ ਵਰਿਆਮ ਨਹੀਂ ਮਿਲਿਆ।

ਡਾਕਖਾਨੇ 'ਚ ਕੋਈ ਗੜਬੜੀ ਹੋਈ ਹੈ। ਅੱਗੇ ਕਦੇ ਏਦਾਂ ਨਹੀਂ ਹੋਇਆ। ਹਰਭਜਨ ਸਿੰਘ ਕੋਮਲ ਲੋਕ-ਹਤੈਸ਼ੀ ਲੇਖਣੀ ਦੇ ਸਮਰਥਕ ਸਾਹਿਤਕਾਰ ਸਨ। 'ਧਰਤੀ ਦੀ ਗ਼ਜ਼ਲ' ਮੈਂ ਬੜੀ ਨੀਝ ਨਾਲ ਪੜ੍ਹੀ ਹੈ। ਇਕ ਵੀ ਸ਼ੇਅਰ ਅਜਿਹਾ ਨਹੀਂ ਜੋ ਭਰਤੀ ਦਾ ਹੋਵੇ। ਤੁਸੀਂ ਕੋਮਲ ਦੀ ਕਹਾਣੀ 'ਤਾਰਿਆ ਵੇ ਤੇਰੀ ਲੋ' ਵਰਿਆਮ ਵਿਚ ਸ਼ਰਧਾਂਜਲੀ ਵਜੋਂ ਪ੍ਰਕਾਸ਼ਤ ਕਰਕੇ ਚੰਗਾ ਕੀਤਾ। ਕੂਕਾ ਲਹਿਰ ਵਿਚ 'ਛੂਤੀ ਸੰਪ੍ਰਦਾਇ' ਬਾਰੇ ਮੈਨੂੰ ਪਹਿਲੀ ਵਾਰ ਪਤਾ ਲੱਗਾ ਹੈ। ਸੁਵਰਨ ਸਿੰਘ ਵਿਰਕ ਨੇ ਬਾਬਾ ਸੱਦਾ ਸਿੰਘ ਦਾ ਜੀਵਨ ਬ੍ਰਿਤਾਂਤ ਪੇਸ਼ ਕਰਦਿਆਂ ਇਸ ਸੰਪ੍ਰਦਾਇ ਦੀ ਜਾਣਕਾਰੀ ਦਿੱਤੀ ਹੈ। ਭਗਵਾਨ ਸਿੰਘ ਅੜਬੰਗੀ ਦਾ ਨਾਂ ਲੇਖ ਵਿਚ ਪੜ੍ਹਕੇ ਸੰਤ ਇੰਦਰ ਸਿੰਘ ਚੱਕਰਵਰਤੀ ਦਾ ਲਿਖਿਆ ਨਾਵਲ 'ਅੜਬੰਗੀ' ਦਾ ਚੇਤਾ ਆ ਗਿਆ।

ਸਾਹਿਤ ਸਰਗਰਮੀਆਂ ਵਾਲਾ ਖ਼ਬਰਨਾਮਾ ਕਾਲਮ ਜਾਰੀ ਰੱਖਣਾ ਚਾਹੀਦਾ ਹੈ।

*ਤੁਹਾਡਾ ਹਿਤੂ*
*ਤੇਜਵੰਤ ਮਾਨ (ਡਾ.)*
*ਸੰਗਰੂਰ*

'ਵਰਿਆਮ' ਦਾ ਅਗਸਤ ਅੰਕ ਵਰਿਆਮ ਦੇ ਦਫਤਰੋਂ ਲਿਜਾ ਕੇ ਘਰ ਪੜ੍ਹਿਆ, ਕਿਉਂਕਿ ਮੈਂ ਮੈਗਜ਼ੀਨ ਦਾ ਮੈਂਬਰ ਨਹੀਂ ਹਾਂ, ਪਰ ਪਾਠਕ ਜ਼ਰੂਰ ਹਾਂ। ਟਾਈਟਲ ਉਤੇ ਸਤਿਗੁਰੂ ਉਦੈ ਸਿੰਘ ਜੀ ਦੀ ਤਸਵੀਰ ਅਤੇ ਹੇਠਾਂ ਮਾਤਾ ਜੀ ਸਮੇਤ ਸੰਗਤਾਂ ਵਿਚ ਬੈਠੇ ਸਤਿਗੁਰੂ ਜੀ ਦੀ ਤਸਵੀਰ, ਇਸ ਗੱਲ ਨੂੰ ਦਰਸਾਉਂਦੀ ਹੈ ਕਿ ਸਤਿਗੁਰੂ ਜੀ ੫੫ ਸਾਲ ਦੇ ਹੋ ਗਏ ਹਨ ਅਤੇ ੫੬ਵੇਂ ਵਿੱਚ ਪ੍ਰਵੇਸ਼ ਕਰ ਗਏ ਹਨ। ਜਨਮਦਿਨ ਮੁਬਾਰਕ!!

ਜਨਮ ਅਤੇ ਮਰਨ ਨਾਲੋ-ਨਾਲ ਚਲਦੇ ਹਨ, ਕੋਈ ਜੰਮਦਾ ਹੈ ਤੇ ਕੋਈ ਮਰਦਾ ਹੈ। ਟਾਈਟਲ ਦੇ ਦੂਜੇ ਸਫੇ ਤੇ ਸ. ਤਰਲੋਚਨ ਸਿੰਘ (ਸਾਬਕਾ ਘੱਟ ਗਿਣਤੀ ਕਮਿਸ਼ਨ ਦੇ ਚੇਅਰੈਨ) ਦੀ ਧਰਮ-ਪਤਨੀ ਬੀਬੀ ਉੱਤਮ ਜੀਤ ਕੌਰ ਦੀ ਸੰਖੇਪ ਜੀਵਨੀ ਦੇ ਨਾਲ ਉਨ੍ਹਾਂ ਦਾ ਸਦੀਵੀ ਵਿਛੋੜੀ ਪੜ੍ਹਕੇ, ਸਰਦਾਰ ਜੀ ਨਾਲ ਅਫਸੋਸ ਕਰਨ ਨੂੰ ਦਿਲ ਕਰਦਾ ਹੈ, ਕਿਉਂਕਿ ਉਨ੍ਹਾਂ ਦੇ ਆਰਟੀਕਲ ਵਰਿਆਮ ਵਿਚ ਹਮੇਸ਼ਾ ਪੜ੍ਹਦਾ ਆ ਰਿਹਾ ਹਾਂ, ਜੋ ਕਿ ਬਹੁਤ ਵਧੀਆ ਹੁੰਦੇ ਹਨ ਤੇ ਇਵੇਂ ਲੱਗਦਾ ਹੈ ਜਿਵੇਂ ਮੈਂ ਉਨ੍ਹਾਂ ਨੂੰ ਬਹੁਤ ਚਿਰਾਂ ਤੋਂ ਜਾਣਦਾ ਹੋਵਾਂ।

ਅਗਸਤ ਅੰਕ ਨੂੰ ਇਕ ਕਿਸਮ ਦਾ ਸ਼ਰਧਾਂਜਲੀ ਅੰਕ ਹੀ ਕਿਹਾ ਜਾ ਸਕਦਾ ਹੈ। ਆਜ਼ਾਦੀ ਦਿਨ, ਹਰਭਜਨ ਸਿੰਘ ਕੋਮਲ, ਸੁਖਬੀਰ ਸਿੰਘ ਘੁਲਾਟੀ, ਸਮੇਤ ਹੋਰ ਵੀ ਦੋ ਚਾਰ ਖ਼ਬਰਾਂ


Namdhari Elibrary NamdhariElibrary@gmail.com

ਅਕਾਲ-ਚਲਾਣੇ ਦੀਆਂ ਹਨ। ਜਸਵੰਤ ਸਿੰਘ ਵਿਰਦੀ (ਲੇਖਕ) ਵਾਲੀ ਖ਼ਬਰ ਵੀ ਇਸੇ ਕਿਸਮ ਦੀ ਹੈ। ਪਰ ਜਿਥੇ ਮਰਨ ਦਾ ਅਫ਼ਸੋਸ ਹੁੰਦਾ ਹੈ, ਉਥੇ ਜਨਮ ਦੀ ਖੁਸ਼ੀ ਵੀ ਹੁੰਦੀ ਹੈ।

ਸੁਲੱਖਣ ਸਿੰਘ ਭਿੰਡਰ ਮੁਕਤਸਰ ਵਾਲਿਆਂ ਦਾ ਸਤਿਗੁਰੂ ਉਦੈ ਸਿੰਘ ਦੇ ਜਨਮ-ਦਿਨ ਤੇ ਵਿਸ਼ੇਸ਼ ਲੇਖ ਪੜ੍ਹ ਕੇ ਦਿਲ ਖੁਸ਼ੀ ਦੇ ਰੌਂਅ ਵਿਚ ਹੋ ਗਿਆ। ਭਿੰਡਰ ਜੀ ਨੇ ਸਤਿਗੁਰੂ ਜੀ ਦੇ ਜਨਮ ਤੋਂ ਲੈ ਕੇ ਅੱਜ ਤੱਕ ਦੀਆਂ ਪ੍ਰਾਪਤੀਆਂ ਤੇ ਪੂਰਾ-ਪੂਰਾ ਚਾਨਣਾ ਪਾਇਆ ਹੈ। ਭਿੰਡਰ ਹੋਰੀਂ, ਸ. ਮਹਿੰਦਰ ਸਿੰਘ ਗਿੱਲ ਸਾਬਕਾ ਪ੍ਰਧਾਨ ਪ੍ਰਦੇਸ਼ ਕਾਂਗਰਸ, ਦੇ ਵਿਚਾਰਾਂ ਨੂੰ ਪ੍ਰਗਟ ਕਰਦੇ ਹੋਏ ਸਤਿਗੁਰੂ ਜੀ ਪ੍ਰਤੀ ਲਿਖਦੇ ਹਨ —

"ਅੱਜ ਮੈਂ- ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਦਰਸ਼ਨ ਕਰਕੇ ਬਹੁਤ ਅਨੰਦ ਅਤੇ ਪ੍ਰਸੰਨਤਾ ਮਹਿਸੂਸ ਕਰ ਰਿਹਾ ਹਾਂ। ਉਹ ਸਿੱਖ ਪੰਥ ਨੂੰ ਯੋਗ ਅਗਵਾਈ ਦੇਣਗੇ। ਪ੍ਰਮਾਤਮਾ ਇਨ੍ਹਾਂ ਨੂੰ ਚੜ੍ਹਦੀ ਕਲਾ ਵਿਚ ਰੱਖੇ। ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਨੂੰ ਪੂਰੀ ਕਰਨ ਦੀ ਸਮਰੱਥਾ ਰੱਖਦੇ ਹਨ। ਅਤੇ ਇਹ ਹੀ ਗੱਦੀ ਦੇ ਵਾਰਸ ਹੋ ਕੇ ਉਤਰਾਅਧਿਕਾਰੀ ਬਣਨਗੇ।"

ਭਿੰਡਰ ਜੀ ਨੇ ਸਤਿਗੁਰੂ ਜੀ ਦੇ ਦੇਸ਼-ਵਿਦੇਸ਼ ਦਾ ਵਰਣਨ ਵੀ ਬੜਾ ਤਰਤੀਬਵਾਰ ਦਿੱਤਾ ਹੈ। ਭਿੰਡਰ ਜੀ ਦਾ ਧੰਨਵਾਦ ਜਿਨ੍ਹਾਂ ਨੇ ਸਤਿਗੁਰੂ ਉਦੇ ਸਿੰਘ ਜੇ ਜਨਮ ਦਿਨ ਤੇ ਵਿਸ਼ੇਸ਼ ਲੇਖ ਲਿਖ ਕੇ ਪਾਠਕਾਂ ਨੂੰ ਚਾਨਣਾ ਪਾਇਆ ਹੈ।

ਕਾ. ਸੁਵਰਨ ਸਿੰਘ ਵਿਰਕ ਦਾ ਲੰਮਾ ਲੇਖ "ਬਾਬਾ ਸੱਦਾ ਸਿੰਘ ਕਬੀਰ" ਪੜ੍ਹਦੇ ਇਕ ਹੋਰ ਕੂਕਾ ਲਹਿਰ ਦੇ ਅਮਰ ਨਾਇਕ ਦਾ ਪਤਾ ਲੱਗਾ, ਬਹੁਤ ਰੌਂਗਟੇ ਖੜ੍ਹੇ ਕਰਨ ਵਾਲਾ ਹੈ। ਸ. ਵਰਿਆਮ ਸਿੰਘ ਸੰਧੂ ਦੀ ਸਾਹਿਤਕ ਸਵੈ-ਜੀਵਨੀ, ਪਿਛਲੀਆਂ ਚਾਰ ਪੰਜ ਕਿਸ਼ਤਾਂ ਤੋਂ, ਕੁਝ ਜਿਆਦਾ ਹੀ ਦਿਲਚਸਪ ਤੇ ਜੋਸ਼ੀਲੀ ਹੁੰਦੀ ਜਾ ਰਹੀ ਹੈ। ਪੜ੍ਹ ਕੇ ਪਤਾ ਲੱਗਦਾ ਹੈ ਕਿ ਸੰਧੂ ਸਾਹਿਬ ਦੀ ਕਿਸ ਦੇਸ਼-ਭਗਤ ਨਾਲੋਂ ਘੱਟ ਨਹੀਂ। ਤੇ ਉਸ ਦਾ ਪਿੰਡ ਮਹਾਨ ਦੇਸ਼-ਭਗਤ ਸੂਰਬੀਰਾਂ ਨੂੰ ਜਨਮ ਦੇਣ ਵਾਲਾ ਅਤੇ ਪੰਜਾਬ ਦੇ ਕਿਸੇ ਵੀ ਪਿੰਡ ਨਾਲੋਂ ਗਿਣਤੀ ਵਿਚ ਵਧ ਸੂਰਮੇ ਗਦਰ ਲਹਿਰ ਨੂੰ ਸਮਰਪਿਤ ਕਰਨ ਵਾਲਾ ਇਹ "ਸੁਰ ਸਿੰਘ ਵਾਲਾ" ਪਿੰਡ ਹੋਰ ਪਿੰਡਾਂ ਨਾਲੋਂ ਵੱਧ 'ਸ਼ਟੇਨਧਾਰੀ' ਪੈਦਾ ਕਰਨ ਵਿਚ ਬਾਜ਼ੀ ਲੈ ਗਿਆ ਹੈ। ਇਹ ਉਸ ਦੀ ਵਿਡੰਬਨਾ ਹੀ ਹੈ।

ਹਰਭਜਨ ਸਿੰਘ ਕੋਮਲ ਦੀ ਕਹਾਣੀ, ਪਾਕਿਸਤਾਨ ਬਣਨ ਵੇਲੇ ਦੀ ਕਹਾਣੀ, ਉਸ ਵੇਲੇ ਦੇ ਹੋ ਰਹੇ ਕਤਲੋ-ਗਾਰਤ ਨੂੰ ਦਰਸਾਉਂਦੀ ਹੈ। ਪਾਕਿਸਤਾਨ ਤੋਂ ਉਜੜ ਕੇ ਜੋ ਲੋਕ ਗੱਡੀ ਵਿੱਚ ਆਏ, ਉਹ ਗਡੀ ਦਾ ਸਾਕਾ, ਵੱਢ-ਵਢਾਂਗਾ ਤੇ ਲੁੱਟਾਂ-ਖੋਹਾਂ, ਅੱਜ ਤੱਕ ਉਨ੍ਹਾਂ ਨੂੰ ਨਹੀਂ ਭੁਲਦੀਆਂ।

ਇਸ ਤਰ੍ਹਾਂ ਦੀ ਹੀ ਕਹਾਣੀ ਅਮਰੀਕ ਸਿੰਘ ਸ਼ੇਰ ਖਾਂ ਦੀ ਹੈ। ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਉਸ ਦੀ ਕਿਤਾਬ ਵਿਚੋਂ ਵੀ ਪੜ੍ਹੀਆਂ ਹਨ। ਇਹ ਕਹਾਣੀ ਵੀ ਫਸਾਕੀ ਦਿਨਾਂ ਦੀ ਹੈ, ਜੋ ਕਿ ਦਿਲਾਂ ਨੂੰ ਟੁੰਬਦੀ ਹੈ।

ਪਾਰਸ ਸੰਗੀਤ ਸਮਾਰੋਹ ਦੀ ਰਿਪੋਰਟ ਪੜ੍ਹਦੇ ਅਤੇ ਤਸਵੀਰਾਂ ਦੇਖ ਕੇ ਇਹ ਤਾ ਲੱਗਾ ਕਿ ਪੰਜਾਬ ਭਰ ਦੇ ਸੰਗੀਤ ਪ੍ਰੇਮੀ ਅਤੇ ਸੰਗੀਤਕਾਰ, ਕਲਾਕਾਰ, ਸ. ਜਗਦੀਸ਼ ਸਿੰਘ ਵਰਿਆਮ ਨੂੰ ਕਦੇ ਨਹੀਂ ਭੁੱਲਦੇ, ਹਰ ਸਮਾਗਮ ਤੇ ਉਹ ਵਿਸ਼ੇਸ਼ ਮਹਿਮਾਨ ਹੁੰਦੇ ਹਨ। ਵਰਿਆਮ ਜੀ ਸੰਗੀਤ ਬਾਰੇ ਬਹੁਤ ਗਿਆਨ ਰੱਖਦੇ ਹਨ; ਕਿਉਂਕਿ ਸੰਗੀਤ ਨਾਮਧਾਰੀਆਂ ਦੀ ਰਗ ਰਗ ਵਿਚ ਵਸਿਆ ਹੋਇਆ ਹੈ।

ਮੈਂ ਭੁੱਲ ਹੀ ਚਲਿਆ ਸੀ ਕਿ ਸਤਿਗੁਰੂ ਉਦੈ ਸਿੰਘ ਜੀ ਦੇ ਜਲੰਧਰ ਦੌਰੇ ਸਮੇਂ ਸਤਿਗੁਰਾਂ ਨੇ ਜਗਦੀਸ਼ ਸਿੰਘ ਵਰਿਆਮ ਦੇ ਘਰ ਚਰਨ ਪਾਏ ਹਨ, ਇਹ ਤਾਂ ਜਦ ਮੈਂ ਲਿਖਦੇ ਲਿਖਦੇ ਟਾਈਟਲ ਦੇ ਤਿੰਨ ਨੰਬਰ ਪੇਜ ਤੇ ਝਾਤੀ ਮਾਰੀ ਤਾਂ ਪਤਾ ਲੱਗਾ। ਸਾਰਾ ਪਰਿਵਾਰ ਸਤਿਗੁਰੂ ਜੀ ਦੇ ਚਰਨਾਂ ਵਿਚ ਬੈਠਾ ਹੈ ਅਤੇ ਸਤਿਗੁਰੂ ਜੀ ਸੋਫੇ ਤੇ ਬਿਰਾਜਮਾਨ ਹਨ। ਦੂਜੀ ਤਸਵੀਰ ਵਿਚ ਵਰਿਆਮ ਜੀ, ਸਤਿਗੁਰੂਾਂ ਨਾਲ ਕੁਝ ਵਿਚਾਰ-ਵਿਮਰਸ਼ ਕਰ ਰਹੇ ਹਨ। ਫੋਟੋ ਦੇਖ ਕੇ ਬੇਹੱਦ ਖੁਸ਼ੀਆਂ ਹੋਈਆਂ।

....ਬਸ ਇਤਨਾ ਹੀ ਕਾਫੀ ਹੈ।

*-ਬਲਦੇਵ ਮਾਧੋਪੁਰੀ*

*ਪਿੰਡ ਮਾਧੋਪੁਰ (ਫਗਵਾੜਾ), ਜ਼ਿਲ੍ਹਾ ਕਪੂਰਥਲਾ*

ਸਤਿਗੁਰਾਂ ਦੀ ਕਿਰਪਾ ਸਦਕਾ ਵਰਿਆਮ ਰੰਗੀਨ ਤੋਂ ਨੰਗੀਨਤਰ ਅਤੇ ਅੱਤ ਦਾ ਉੱਚਾ ਮਿਆਰੀ ਮਾਸਕ ਪੱਤਰ ਬਣ ਚੁੱਕਾ ਹੈ। ਤੁਹਾਡਾ ਪੁਰਸਕਾਰ ਵੀ ਇਸ ਦੀ ਹਾਮੀ ਭਰਦਾ ਹੈ। ਤੁਸੀਂ ਆਪਣੇ ਮਿਸ਼ਨ ਤੋਂ ਰਤਾ ਭਰ ਵੀ ਨਹੀਂ ਥਿੜਕੇ ਬਲਕਿ ਉਸਦੇ ਨਾਲ ਸਾਹਿਤ ਧਾਰਾ ਨੂੰ ਵੀ ਲੈ ਕੇ ਅੱਗੇ ਵੱਧ ਰਹੇ ਹੋ। ਤੁਹਾਡਾ ਨਿਸ਼ਾਨਾ ਮਾਨਵੀ ਕਦਰਾਂ ਕੀਮਤਾਂ ਨੂੰ ਉੱਚਤਾ ਪ੍ਰਦਾਨ ਕਰਨ ਦਾ ਹੈ ਜਿਸ ਦੀ ਅਜੋਕੇ ਜੁਗ ਵਿਚ ਬਹੁਤ ਲੋੜ ਹੈ। ਵਰਤਮਾਨ ਪੀੜ੍ਹੀ ਦੀ ਯੁਵਕਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

—ਸਿਰੀ ਰਾਮ ਅਰਸ਼, ਮੋਹਾਲੀ


Namdhari Elibrary NamdhariElibrary@gmail.com



*India's Largest Second Hand Food Machines Dealer Cum Rebuilder*

**750kgs Potato Chips Line**

**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*



# BBL FOODS (P) LTD.

*SANTOSH NAGAR X ROADS, HYDERABAD- 5000059, INDIA*
*Tel : +91 40 24530680, Mobile : 91 98480-50607/ +91 98483 99702*
*e-mail:lakbir.mutchall@gmail.com*
*www.bblfoods.com www.mutchall.com*


Namdhari Elibrary NamdhariElibrary@gmail.com

Gram : 'Sniper'

Hello : 431367

Reputed Manufacturers of :

# Superior Quality

## SINGLE BARREL

&

## DOUBLE BARREL

B.L.–12 Bore

# GUNS

# MODERN GUN WORKS

OPP. INDUSTRIAL ESTATE,

JAMMU CANTT.



Namdhari Elibrary NamdhariElibrary@gmail.com



TOP TRAK
new generation bikes
new range for all ages
TT 001
TT 002
TT 003
TT 005
TT 006
TT 014
TT 016
TT 022
TT 023
TT 031
TT 033
TT 034
TT 053
TT 064
TT 071
TT 101
new
BVQi
ISO 9001:2000
UKAS
PARTAP ENGINEERS
AN ISO 9001 COMPANY
BHAGWAN CHOWK, LUDHIANA - 141 003 (INDIA)
Tel : 91-161-2533276, 2540209 FAX : 91-161-2533273
E-MAIL : gspartap@glide.net.in
Website : www.partapexports.com

## ਕੈਨੇਡਾ ਦੇ ਸ਼ਹਿਰ ਸਰੀ ਦੀ ਨਾਮਧਾਰੀ ਧਰਮਸਾਲਾ ਵਿੱਚ ਸੰਤ ਨਿਰੰਜਨ ਸਿੰਘ ਮੰਠਾੜੂ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਮੇਂ ਸਮਾਗਮ



ਉਸਤਾਦ ਹਰਭਜਨ ਸਿੰਘ (ਹਾਰਮੋਨੀਅਮ) ਉਸਤਾਦ ਸੁਰਜੀਤ ਸਿੰਘ (ਸਾਰੰਗੀ) ਅਤੇ ਸਾਥੀਆਂ ਵੱਲੋਂ ਸ਼ਬਦ ਕੀਰਤਨ।



ਮਠਾੜੂ ਪਰਿਵਾਰ ਅਤੇ ਸਾਧ ਸੰਗਤ ਵਿਚਕਾਰ ਪ੍ਰੋ. ਤਾਰਾ ਸਿੰਘ ਅਨਜਾਣ ਵੀ ਦਿਸ ਰਹੇ ਹਨ।

P.O. Regd. No. PB/JL-016/2012-2014 **WARIAM** Ladowali Road, Jalandhar -144001
Regd. RNI No. 26453/75
October 2013


# Reliable Performance




**Consistence Performers, Suited to all market needs with high yield, quality & disease resistant.**

NS

**NAMDHARI SEEDS PVT. LTD.**
Bidadi 562 109 Bangalore • Tel.: 98454 71271/ 72, 98453 81817/ 98453 10057
Liaison Office : Tel. : 080 28602167/ 69 • Fax : 080 28602168
e-mail : namdhariseeds@namdhariseeds.com • URL : www.namdhariseeds.com

*Seeds for a better future...*


ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289

Namdhari Elibrary NamdhariElibrary@gmail.com